# ਰੁੱਪ ਰੀਆਂ ਪਾਗਾਂ



ਗਾਰਗੀ

control is maintained in a safe condition.

www.PunjabiLibrary.com

# ਦੁੱਧ ਦੀਆਂ ਧਾਰਾਂ

ਬਲਵੰਤ ਗਾਰਗੀ

ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ

www.PunjabiLibrary.com

ਪਹਿਲੀ ਵਾਰ : ੧੯੬੩

ਪਬਲਿਸ਼ਰ :
ਕਸਤੂਰੀ ਲਾਲ ਐਂਡ ਸਨਜ਼
ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਪ੍ਰਿੰਟਰ :
ਨਵਯੁਗ ਪ੍ਰੈੱਸ
ਚਾਂਦਨੀ ਚੌਕ, ਦਿੱਲੀ

**ਮੁੱਲ : ਤਿੰਨ ਰੁਪਏ**

ਨਾਟ-ਕਲਾ ਪ੍ਰੇਮ ਕਰਨ ਵਾਲਿਆਂ ਨੂੰ ਪ੍ਰੇਮ, ਵਿਗੜਿਆਂ ਤਿਗੜਿਆਂ ਨੂੰ ਝਿੜਕਾਂ, ਸਾਧਨਾ ਕਰਨ ਵਾਲਿਆਂ ਨੂੰ ਸੰਜਮ, ਡਰਾਕਲਾਂ ਨੂੰ ਹੌਂਸਲਾ, ਬਹਾਦਰਾਂ ਨੂੰ ਸ਼ਕਤੀ, ਮੂੜ੍ਹਾਂ ਨੂੰ ਮੱਤ, ਬਾਦਸ਼ਾਹਾਂ ਨੂੰ ਦਿਲ-ਪਰਚਾਵਾ, ਧਨ ਦੇ ਇੱਛਕਾਂ ਨੂੰ ਧਨ ਪ੍ਰਾਪਤ ਕਰਨ ਦੀਆਂ ਜੁਗਤਾਂ, ਅਤੇ ਦੁਖੀ ਦਿਲਾਂ ਨੂੰ ਸ਼ਾਂਤੀ ਦੇਂਦੀ ਹੈ ।

ਭਰਤ-ਮੁਨੀ : 'ਨਾਟਯ-ਸ਼ਾਸਤ੍ਰ'



| | |
|---|---|
| ਕੁਆਰੀ ਟੀਸੀ | ੧੭ |
| ਬੇਬੇ | ੩੯ |
| ਡਾਕਟਰ ਪਲਟਾ | ੬੧ |
| ਪੱਤਣ ਦੀ ਬੇੜੀ | ੮੯ |
| ਪਿੱਛਲ ਪੈਰੀ | ੧੧੭ |
| ਦੋ ਪਾਸੇ | ੧੪੩ |

www.PunjabiLibrary.com

# ਪਰਦਾ ਉਠਨ ਤੋਂ ਪਹਿਲਾਂ

ਮੇਰੇ ਇਹ ਛੇ ਨਾਟਕ ਕਈ ਵਾਰ ਖੇਡੇ ਗਏ ਹਨ। ਮੈਂ ਇਨ੍ਹਾਂ ਨੂੰ ਮੰਚ ਉਤੇ ਸੋਧਿਆ ਹੈ। ਉਹ ਗੱਲਾਂ, ਜੋ ਪੜ੍ਹਨ ਵਿਚ ਸੋਹਣੀਆਂ ਲਗਦੀਆਂ ਹਨ, ਕਈ ਵਾਰ ਮੰਚ ਉਤੇ ਨਹੀਂ ਜਚਦੀਆਂ; ਉਹ ਵਾਕ ਜੋ ਪੜ੍ਹਨ ਵਾਲਿਆਂ ਨੂੰ ਫ਼ਾਲਤੂ ਜਾਪਦੇ ਹਨ, ਕਈ ਵਾਰ ਮੰਚ-ਕਲਾ ਦੇ ਅਨੁਸਾਰ ਜ਼ਰੂਰੀ ਹੁੰਦੇ ਹਨ।

ਕਈ ਆਲੋਚਕ ਮਿੱਤਰ ਇਸ ਗੱਲ ਦੇ ਹਾਮੀ ਹਨ ਕਿ ਲੇਖਕ ਨੇ ਜੋ ਚੀਜ਼ ਇਕ ਵਾਰ ਲਿਖ ਦਿਤੀ, ਸੋ ਪੱਥਰ ਉਤੇ ਲੀਕ ਹੋ ਗਈ। ਮੈਂ ਇਸ ਗੱਲ ਨਾਲ ਸਹਿਮਤ ਨਹੀਂ। ਸੰਸਾਰ ਦੇ ਪ੍ਰਸਿਧ ਸਾਹਿਤਕਾਰ ਆਖ਼ਿਰੀ ਦਮ ਤੀਕ ਆਪਣੀਆਂ ਲਿਖਤਾਂ ਨੂੰ ਸੋਧਦੇ ਤੇ ਨਿਖਾਰਦੇ ਰਹੇ ਹਨ। ਟਾਲਸਟਾਇ ਨੇ 'ਜੰਗ ਤੇ ਅਮਨ' ਨਾਵਲ ੨੬ ਵਾਰ ਲਿਖਿਆ ਸੀ। ਚੈਖ਼ੋਵ ਨੇ ਆਪਣੇ ਕਈ ਨਾਟਕ ਲਿਖ ਕੇ ਕਈ ਸਾਲਾਂ ਪਿਛੋਂ

ਉਨ੍ਹਾਂ ਦਾ ਮੁੱਢ ਤੇ ਅੰਤ ਬਦਲ ਦਿਤਾ। ਟੈਗੋਰ ਨੇ ਆਪਣੇ ਨਾਟਕਾਂ ਨੂੰ ਕਈ ਕਈ ਵਾਰ ਲਿਖਿਆ। ਸਆਦਤ ਹਸਨ ਮੰਟੂ ਨੇ ਆਪਣੀਆਂ ਕਹਾਣੀਆਂ ਨੂੰ ਹਰ ਵਾਰ ਸੋਧ ਕੇ ਛਪਵਾਇਆ।

ਕਲਾ ਸਬੰਧੀ ਮੇਰੇ ਵਿਚਾਰ ਕਈ ਆਲੋਚਕਾਂ ਨਾਲੋਂ ਵਖਰੇ ਹਨ।

ਮੈਂ ਉਸ ਕਲਾ ਦਾ ਹਾਮੀ ਨਹੀਂ, ਜੋ ਜੀਵਨ ਵਿਚ ਵਾਪਰੀ ਘਟਨਾ ਨੂੰ ਇੰਨ ਬਿੰਨ ਪੇਸ਼ ਕਰੇ। ਕਲਾ ਦਾ ਆਪਣਾ ਹੀ ਇਕ ਯਥਾਰਥ ਹੈ। ਜਦੋਂ ਕੋਈ ਚਿਤਰਕਾਰ ਪਿੱਪਲ ਦੇ ਦਰਖਤ ਨੂੰ ਚਿਤਰਦਾ ਹੈ, ਤਾਂ ਉਹ ਕਾਗਜ਼ ਉਤੇ ਨੱਵੇ ਹਜ਼ਾਰ ਸਾਵੇ ਪੱਤੇ ਨਹੀਂ ਬਣਾਉਂਦਾ; ਸਗੋਂ ਬੁਰਸ਼ ਨਾਲ ਦੋ ਪੋਚੇ ਮਾਰਦਾ ਹੈ, ਅਤੇ ਅਨੇਕਾਂ ਪੱਤਿਆਂ ਦੀ ਅਸਲੀਅਤ ਲਿਆ ਉਘਾੜਦਾ ਹੈ। ਚਿਤਰ-ਕਲਾ ਤੇ ਸੰਗੀਤ-ਕਲਾ ਵਾਂਗ, ਨਾਟ-ਕਲਾ ਵੀ ਅਸਲ ਦਾ ਇਕ ਅਜਿਹਾ ਸੁੰਦਰ ਧੋਖਾ ਦੇਂਦੀ ਹੈ ਜਿਸ ਦਾ ਯਥਾਰਥ ਜੀਵਨ ਦੇ ਯਥਾਰਥ ਨਾਲੋਂ ਵਧੇਰੇ ਸਫਲ ਅਤੇ ਡੂੰਘਾ ਹੁੰਦਾ ਹੈ।

ਮੰਚ ਉਤੇ ਅਸੀਂ ਅਸਲ ਚੀਜ਼ ਨਹੀਂ ਪੇਸ਼ ਕਰਦੇ, ਸਗੋਂ ਨਕਲ ਪੇਸ਼ ਕਰਦੇ ਹਾਂ। ਸ਼ੁਰੂ ਸ਼ੁਰੂ ਵਿਚ ਮੈਂ ਬਿੰਬਾਂ ਤੇ ਵਿਚਾਰ-ਪਧਰਾਨ ਚਿੰਨ੍ਹਾਂ ਦੀ ਵਰਤੋਂ ਕਰਦਾ ਸਾਂ। ਕਾਵ-ਮਈ ਸ਼ੈਲੀ ਤੇ ਭੜਕਵੀਂ ਬੋਲੀ ਵੀ ਵਰਤਦਾ ਸਾਂ, ਪਰ ਯਥਾਰਥਵਾਦ ਦੇ ਅਸਰ ਹੇਠ ਮੈਂ ਇਨ੍ਹਾਂ ਨੂੰ ਤਜ ਦਿਤਾ। ਛੇਤੀ ਹੀ ਮੈਂ ਅਨੁਭਵ ਕੀਤਾ ਕਿ ਮੈਂ ਵਿਸ਼ਾਲ ਨਾਟ-ਕਲਾ ਨੂੰ ਯਥਾਰਥਵਾਦ ਦੇ ਸੌੜੇ ਚੌਖਟੇ ਵਿਚ ਸੀਮਤ ਕਰ ਦਿਤਾ ਸੀ। ਇਸ ਨਾਲ ਜਜ਼ਬੇ ਦੀ ਤੱਪਸ਼ ਮੱਠੀ ਪੈ ਗਈ, ਅਤੇ ਘਟਨਾਵਾਂ ਉਸ ਰੁੰਡ ਮੁੰਡ ਰੁੱਖ ਵਾਂਗ ਜਾਪਣ ਲਗੀਆਂ, ਜਿਸ ਦੇ ਸਾਰੇ ਪੱਤੇ ਟਹਿਣੀਆਂ ਛਾਂਗ ਦਿਤੇ ਗਏ ਹੋਣ।

ਯਥਾਰਥਵਾਦ ਦਾ ਸਹਾਰਾ ਲੈ ਕੇ ਮੰਚ ਉਤੇ ਸੱਚ ਮੁੱਚ ਦੇ ਦਰਖ਼ਤ ਉਗਾ ਦੇਣਾ, ਜਾਂ ਲੋਹੇ ਦੇ ਜੰਗਲੇ ਅਤੇ ਲੱਕੜ ਦੇ

ਦਰਵਾਜ਼ਿਆਂ ਵਾਲੇ ਮਕਾਨ ਉਸਾਰ ਦੇਣਾ ਕੋਈ ਚੰਗੀ ਗੱਲ ਨਹੀਂ । ਮੰਚ ਇਕ ਅਜਿਹਾ ਭਰਪੂਰ ਸੰਸਾਰ ਹੈ, ਜਿਸ ਦੇ ਨਿੱਕੇ ਜਿਹੇ ਥੜੇ ਉਤੇ ਧਰਤ ਅਤੇ ਪਤਾਲ ਰਚੇ ਜਾ ਸਕਦੇ ਹਨ । ਪਹਾੜ, ਦਰਿਆ, ਸਮੁੰਦਰ, ਜੰਗਲ, ਮਹਿਲ, ਮਾੜੀਆਂ, ਖੇਤ ਤੇ ਸ਼ਹਿਰ ਦੀਆਂ ਗਲੀਆਂ ਬੜੀ ਆਸਾਨੀ ਨਾਲ ਦਿਖਾਈਆਂ ਜਾ ਸਕਦੀਆਂ ਹਨ । ਇਨ੍ਹਾਂ ਚੀਜ਼ਾਂ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਨ ਦਾ ਯਤਨ ਨਹੀਂ ਕਰਨਾ ਚਾਹੀਦਾ, ਸਗੋਂ ਕਲਪਨਾ ਦੀ ਪਾਹ ਦੇ ਕੇ ਕਲਾਤਮਕ ਢੰਗ ਨਾਲ ਖੇਡਣਾ ਚਾਹੀਦਾ ਹੈ ।

ਸਭ ਨੂੰ ਪਤਾ ਹੈ ਕਿ ਸਾਡੇ ਸਾਹਮਣੇ ਮੰਚ ਉੱਤੇ ਬਿਜਲੀ ਦੇ ਲਾਟੂ ਚਾਨਣ ਸੁਟ ਰਹੇ ਹਨ । ਦਰਸ਼ਕ ਜਾਣਦੇ ਹਨ ਕਿ ਪਾਤਰ ਨਕਲੀ ਮੁੱਛਾਂ ਦਾੜ੍ਹੀ ਲਾ ਕੇ ਸ਼ਿੰਗਾਰ ਕਮਰੇ ਵਿਚੋਂ ਮੰਚ ਉਤੇ ਪਰਵੇਸ਼ ਕਰ ਰਹੇ ਹਨ; ਡੁੱਬਦੇ ਸੂਰਜ ਦੀਆਂ ਕਿਰਨਾਂ ਇਕ ਪਾਸੇ ਰੱਖੇ ਹੋਏ ਤੇਜ਼ ਲੈਂਪ ਦੀ ਲਾਲ ਰੋਸ਼ਨੀ ਦੀ ਕਰਾਮਾਤ ਹੈ; ਜਦੋਂ ਗੁੱਸੇ ਵਿਚ ਕੰਬਦਾ ਹੋਇਆ ਬਾਦਸ਼ਾਹ ਦਰਬਾਰ ਤੋਂ ਉਠ ਕੇ ਰਣ ਨੂੰ ਜਾਂਦਾ ਹੈ ਤਾਂ ਉਹ ਕੁਝ ਦੇਰ ਲਈ ਵਿਸ਼ਰਾਮ ਕਮਰੇ ਵਿਚ ਚਾਹ ਪੀਣ ਲਈ ਗਿਆ ਹੁੰਦਾ ਹੈ; ਜਦੋਂ ਕੋਈ ਨਾਇਕਾ ਮੂਰਛਤ ਹੋ ਜਾਂਦੀ ਹੈ ਅਤੇ ਪਰਦਾ ਡਿਗਦਾ ਹੈ ਤਾਂ ਉਹ ਮੰਚ ਦੇ ਪਿਛਾੜੀ ਬੈਠੀ ਅਗਲੇ ਦ੍ਰਿਸ਼ ਦੀ ਤਿਆਰੀ ਹੁੰਦੀ ਰਹੀ ਹੈ ।

ਇਨ੍ਹਾਂ ਗੱਲਾਂ ਦੇ ਹੁੰਦੇ ਹੋਏ ਯਥਾਰਥ ਦਾ ਧੋਖਾ ਕਿਸ ਲਈ ?

ਮੰਚ ਉਤੇ ਅਸੀਂ ਇਕ ਲਹੂ ਲੁਹਾਨ ਆਦਮੀ ਨੂੰ ਦੇਖ ਕੇ ਪਰਭਾਵਿਤ ਹੋਵਾਂਗੇ ਜਾਂ ਉਸ ਅਭਿਨੇਤਾ ਦੀ ਕਲਾ ਤੋਂ ਜੋ ਅਭਿਨਯ ਦੁਆਰਾ ਇਕ ਫੱਟੜ ਆਦਮੀ ਦਾ ਪੂਰਾ ਪੂਰਾ ਭੁਲੇਖਾ ਪਾ ਦੇਂਦਾ ਹੈ ? ਸਪਸ਼ਟ ਹੈ ਕਿ ਪਿਛਲਾ ਆਦਮੀ ਸਾਡੀ ਵਾਹ ਵਾਹ ਦਾ ਹੱਕਦਾਰ ਹੈ, ਪਹਿਲਾ ਨਹੀਂ ।

ਮੇਰੇ ਇਨ੍ਹਾਂ ਨਾਟਕਾਂ ਵਿਚ ਨਿਰਦੇਸ਼ਕਾਂ ਨੂੰ ਚਾਹੀਦਾ ਹੈ ਕਿ ਜ਼ਿੰਦਾ ਭੇਡ, ਕੁੱਤਾ, ਤੜਫਦੀ ਹੋਈ ਮੱਛੀ, ਖੁਸ਼ਬੂਦਾਰ ਫੁੱਲ ਤੇ ਲੱਕੜ ਦੇ ਬਣੇ ਹੋਏ ਅਸਲੀ ਚੱਪੂ ਲਿਆਉਣ ਦਾ ਜਤਨ ਨਾ ਕਰਨ । ਕਾਗ਼ਜ਼ ਦੀ ਬਣੀ ਹੋਈ ਮੱਛੀ ਅਸਲੀ ਮੱਛੀ ਨਾਲੋਂ ਜ਼ਿਆਦਾ ਚੰਗੀ ਤਰ੍ਹਾਂ ਤੜਫੇਗੀ; ਨਕਲੀ ਫੁੱਲ ਵਧੇਰੇ ਖ਼ੁਸ਼ਬੂਦਾਰ ਨਜ਼ਰ ਆਉਣਗੇ; ਗੱਤੇ ਦੇ ਬਣੇ ਹੋਏ ਚੱਪੂ ਵਧੇਰੇ ਪਰਭਾਵਸ਼ਾਲੀ ਜਾਪਣਗੇ ।

ਪੱਛਮ ਵਿਚ ਅਜੋਕੇ ਨਾਟਕਾਰ ਤੇ ਨਿਰਦੇਸ਼ਕ ਨਿੱਗਰ ਯਥਾਰਥਵਾਦ ਤੋਂ ਅੱਕ ਕੇ ਸਾਦਾ ਮੰਚ ਵਲ ਆ ਗਏ ਹਨ । ਅਭਿਨੇਤਾ ਆਪਣੀ ਕਲਾ ਦੇ ਬਲ ਨਾਲ ਹੀ ਸਾਰਾ ਵਾਯੂ ਮੰਡਲ ਉਸਾਰਦਾ ਹੈ । ਪੱਛਮੀ ਨਿਰਦੇਸ਼ਕਾਂ ਨੇ ਆਪਣੀ ਕਲਾ ਵਿਚ ਪੂਰਬ ਦੇ ਸ਼ਾਸਤਰੀ ਨਾਟਕਾਂ ਤੋਂ ਬਹੁਤ ਕੁਝ ਗ੍ਰਹਿਣ ਕੀਤਾ ਹੈ । ਏਸ਼ੀਆ ਵਿਚ ਕਲਪਨਾ-ਮਈ ਸ਼ੈਲੀ-ਬਧ ਅਭਿਨਯ ਦੀ ਪਰੰਪਰਾ ਸਦੀਆਂ ਤੋਂ ਚਲੀ ਆਉਂਦੀ ਹੈ । ਭਾਰਤੀ ਲੋਕ-ਨਾਟਕ ਵਿਚ ਜਦ ਕਿਸੇ ਪਾਤਰ ਨੇ ਇਕ ਪਿੰਡ ਤੋਂ ਦੂਜੇ ਪਿੰਡ ਜਾਣਾ ਹੁੰਦਾ ਹੈ ਤੇ ਉਹ ਦਰਸ਼ਕਾਂ ਦੇ ਸਾਹਮਣੇ ਹੀ ਮੰਚ ਉਤੇ ਇਕ ਚੱਕਰ ਕਢਦਾ ਹੈ ਤੇ ਦੂਜੇ ਸ਼ਹਿਰ ਪਹੁੰਚ ਜਾਂਦਾ ਹੈ । ਇਹ ਸਾਦਾ ਅਤੇ ਸੁੰਦਰ-ਮੰਚ ਵਿਉਂਤ ਏਸ਼ਿਆਈ ਮੰਚ ਦੀ ਪਰੰਪਰਾ ਦਾ ਇਕ ਜ਼ਰੂਰੀ ਅੰਗ ਹੈ ।

ਨਾਟਕ ਨੂੰ ਮੈਂ ਕਵਿਤਾ ਦੇ ਬਹੁਤ ਨੇੜੇ ਸਮਝਦਾ ਹਾਂ । ਇਸ ਵਿਚ ਜਜ਼ਬੇ ਦੀ ਉਤਨੀ ਹੀ ਸ਼ਿਦੱਤ ਤੇ ਕਲਪਨਾ ਦੀ ਲੋੜ ਹੈ ਜਿਤਨੀ ਕਵਿਤਾ ਵਿਚ ।

'ਕੁਆਰੀ ਟੀਸੀ' ਮੈਂ ੧੯੪੪ ਵਿਚ ਲਿਖਿਆ । ਮੇਰਾ ਇਕ ਮਿੱਤਰ ਤੇ ਮੈਂ ਕੁੱਲੂ ਤੋਂ ਪਹਾੜੀ ਪਗਡੰਡੀ ਰਾਹੀਂ ਸ਼ਿਮਲੇ ਜਾ ਰਹੇ ਸਾਂ । ਰਸਤੇ ਵਿਚ ਇਕ ਵਾਰ ਸਾਨੂੰ ਮੀਂਹ ਤੇ ਝੱਖੜ ਨੇ ਘੇਰ ਲਿਆ । ਹਿਮਾਲੀਆ ਦੀ ਗੁੱਠ ਵਿਚ ਝੁੱਗੀ, ਡਾਕ ਬੰਗਲਾ, ਚੀਲ ਦੇ ਦਰਖ਼ਤ, ਬਰਫ਼ ਦਾ

ਦਿਉਤਾ – ਸਭ ਕੁਝ ਇਸ ਇਲਾਕੇ ਦੇ ਜੀਵਨ ਦਾ ਹਿੱਸਾ ਹਨ। ਇਕ ਥਾਂ ਡਾਕ ਬੰਗਲੇ ਦੇ ਖ਼ਾਨਸਾਮੇ ਨੇ ਸਾਨੂੰ ਇਕ ਵਾਕਾ ਸੁਣਾਇਆ, ਜੋ ਉਥੇ ਵਾਪਰਿਆ ਸੀ। ਉਸੇ ਵਾਕੇ ਦੀ ਨੀਂਹ ਉਤੇ ਹੀ ਮੈਂ 'ਕੁਆਰੀ ਟੀਸੀ' ਉਸਾਰੀ।

ਮੈਨੂੰ ਚੰਦੀ ਲਈ, ਜੋ ਆਪਣੇ ਇਲਾਕੇ ਦੇ ਵਹਿਮਾਂ ਤੇ ਭਰਮਾਂ ਨੂੰ ਠੁਕਰਾ ਕੇ ਪਹਾੜੀ ਦੇ ਦੂਜੇ ਪਾਸੇ ਦੀ ਦੁਨੀਆਂ ਦੇਖਣ ਲਈ ਕਾਹਲੀ ਹੈ, ਸਤਿਕਾਰ ਹੈ। ਇਹ ਸਾਡੇ ਸਮਾਜ ਦੀਆਂ ਸਦੀਆਂ ਦੀਆਂ ਨੂੜਾਂ ਤੇ ਕੈਦਾਂ ਦੇ ਖ਼ਿਲਾਫ਼ ਇਕ ਚੀਸ ਦਾ ਰੂਪਕ ਹੈ। ਸਮਾਜ ਦੀਆਂ ਰੀਤਾਂ ਦਾ ਮਲਬਾ ਡਿਗ ਡਿਗ ਸਾਡੇ ਆਲੇ ਦੁਆਲੇ ਇਕ ਸਫ਼ੈਦ ਉੱਚਾ ਕਠਿਨ ਪਹਾੜ ਬਣ ਗਿਆ ਹੈ — ਬਰਫ਼ ਵਾਂਗ ਠੰਢਾ। ਚੰਦੀ ਇਸ ਬਰਫ਼ ਦੇ ਸਫ਼ੈਦ ਪਹਾੜ ਨੂੰ ਲੰਘ ਕੇ ਦੂਰ ਪਾਰ ਜਾਣਾ ਚਾਹੁੰਦੀ ਹੈ। ਉਹ ਇਨਸਾਨ ਦੇ ਦਿਲ ਵਿਚ ਮੁੱਢ ਤੋਂ ਵੱਸੀ ਖ਼ਾਹਿਸ਼ ਹੈ ਜੋ ਵਕਤ ਦੇ ਪਰਦਿਆਂ ਕੇ ਦੂਜੇ ਪਾਸੇ ਆਪਣੀ ਹੋਣੀ ਤੱਕਣਾ ਚਾਹੁੰਦੀ ਹੈ।

'ਬੇਬੇ' ਦੋ ਪੀੜ੍ਹੀਆਂ ਦਾ ਦੁਖਾਂਤ ਹੈ। ਜੰਗੀਰ ਆਪਣੇ ਦੋ ਵਡੇ ਭਰਾਵਾਂ ਨੂੰ ਅੱਡ ਹੋਇਆਂ ਦੇਖ ਕੇ ਆਪਣੇ ਰਵੱਈਏ ਨੂੰ ਬਿਲਕੁਲ ਠੀਕ ਸਮਝਦਾ ਹੈ। ਉਹ ਟੋਭੇ ਉਤੇ ਮਝਾਂ ਨੁਹਾਉਣ ਜਾਂਦਾ ਹੈ। ਹਨੇਰੀ ਵਿਚ ਇਕ ਮੱਝ ਖੋ ਆਉਂਦਾ ਹੈ। ਬੇਬੇ ਇਸ ਗੱਲ ਉਤੇ ਖਿੱਝੀ ਹੋਈ ਹੈ। ਪੁੰਨੀ ਉਸਦੀ ਧੀ, ਜੋ ਜੰਗੀਰ ਤੇ ਅਜਮੇਰ ਤੋਂ ਵੱਡੀ ਹੈ, ਵਿਚ ਪੈ ਕੇ ਬਹੁਤ ਕੋਸ਼ਿਸ਼ ਕਰਦੀ ਹੈ, ਕਿ ਜੰਗੀਰ ਤੇ ਬੇਬੇ ਇਕ ਦੂਜੇ ਦੇ ਦ੍ਰਿਸ਼ਟੀਕੋਣ ਨੂੰ ਸਮਝਣ। ਪਰ ਜੰਗੀਰ, ਜਿਸ ਹਾਲੇ ਦੁਨੀਆਂ ਨਹੀਂ ਦੇਖੀ, ਜੋ ਬੁੱਢੇ ਮਾਪਿਆਂ ਦੀ ਸਿੱਕ ਤੇ ਤਰਲਿਆਂ ਤੋਂ ਗ਼ਾਫ਼ਿਲ ਹੈ, ਖਿਝ ਕੇ ਘਰੋਂ ਚਲਾ ਜਾਂਦਾ ਹੈ। ਮਾਸ ਨਹੁੰਆਂ ਨਾਲੋਂ ਵੱਖ ਨਹੀਂ ਹੁੰਦਾ, ਪਰ ਜੰਗੀਰ ਪੁਰਾਣੇ ਮਾਸ ਨੂੰ ਨਹੁੰਆ ਨਾਲੋਂ ਉਚੇੜ ਕੇ ਵੱਖ

ਕਰਦਾ ਹੈ। ਇਹੀ ਦੁੱਖ ਇਸ ਨਾਟਕ ਦਾ ਵਿਸ਼ਾ ਹੈ।

ਇਹ ਨਾਟਕ ਮੈਂ ਅਜ ਤੋਂ ਵੀਹ ਸਾਲ ਪਹਿਲਾਂ ਲਿਖਿਆ ਸੀ। ਉਹਨੀਂ ਦਿਨੀਂ ਮੈਂ ਕਾਲਜ ਦੀ ਪੜ੍ਹਾਈ ਮੁਕਾ ਕੇ ਆਪਣੇ ਪਿੰਡ ਹੀ ਰਹਿੰਦਾ ਸਾਂ। ਮੇਰੀ ਬੇਬੇ ਦੇ ਕੌੜੇ ਸੁਭਾ ਨੇ ਭਰਾਵਾਂ ਦੇ ਦਿਲਾਂ ਉਤੇ ਸਦਾ ਲਈ ਚਟਾਕ ਪਾ ਦਿਤੇ ਸਨ। ਅਸੀਂ ਸਾਰੇ ਭੈਣ ਭਰਾ ਬੇਬੇ ਤੋਂ ਇਕ ਇਕ ਕਰ ਕੇ ਵਖ ਹੋ ਗਏ। ਉਸ ਵੇਲੇ ਮੈਂ ਨਹੀਂ ਸਾਂ ਜਾਣਦਾ ਕਿ ਜੰਗੀਰ ਮੈਂ ਹੀ ਹਾਂ।

ਇਸ ਗੱਲ ਨੂੰ ਹੁਣ ਕਈ ਵਰ੍ਹੇ ਹੋ ਗਏ ਹਨ। ਬਾਪੂ ਨੂੰ ਮਰੇ ਵੀ ਬਹੁਤ ਚਿਰ ਹੋ ਗਿਆ ਹੈ। ਮੈਂ ਲਾਹੌਰ ਰਹਿੰਦਾ ਸਾਂ। ਜਦ ਕਦੀ ਮੈਂ ਪਿੰਡ ਜਾਂਦਾ ਤਾਂ ਆਪਣੀ ਬੇਬੇ ਨੂੰ ਵੱਡੇ ਘਰ ਦੀ ਡਿਉੜ੍ਹੀ ਵਿਚ ਬੈਠੀ ਦਾਲ ਝਾਰਦੀ, ਕਣਕ ਛੰਡਦੀ ਜਾਂ ਤਵੇਲੇ ਵਿਚ ਗੋਹਾ ਕੂੜਾ ਕਰਦੀ ਨੂੰ ਦੇਖਦਾ। ਉਸ ਦੀਆਂ ਅੱਖਾਂ ਵਿਚ ਪੀਤੇ ਹੋਏ ਸਬਰ ਦਾ ਦਰਦ ਹੁੰਦਾ। ਮੈਨੂੰ ਉਹ ਇਕ ਬੇਹਦ ਉਦਾਸ ਤੇ ਰੋਣਹਾਕੀ ਤੀਵੀਂ ਜਾਪਦੀ। ਦੁੱਖ ਦੀ ਗੰਢੜੀ ਚੁੱਕੀ ਮੇਰੀ ਬੇਬੇ ਮੇਰੇ ਦੋਸਤਾਂ ਕੋਲ ਜਾ ਕੇ ਮੇਰੀ ਜਾਨ ਨੂੰ ਰੋਂਦੀ ਤੇ ਨਾਲ ਹੀ ਮੇਰੀ-ਤਰੱਕੀ ਲਈ ਮੰਨਤਾਂ ਮੰਨਦੀ। ਪਰ ਜਦ ਮੈਂ ਜਾਂਦਾ ਤਾਂ ਦੂਜੇ ਪਾਸੇ ਮੂੰਹ ਭੁਆਂ ਕੇ ਹਵਾ ਵਲ ਤੱਕਣ ਲਗਦੀ।

'ਪੱਤਣ ਦੀ ਬੇੜੀ' ਵਿਚ ਜੰਡ ਨਾਲ ਬੰਨ੍ਹੀ ਬੇੜੀ ਉਸ ਤੀਵੀਂ ਦਾ ਚਿੰਨ੍ਹ ਹੈ ਜੋ ਰਵਾਇਤੀ ਰਿਸ਼ਤੇ ਵਿਚ ਬੰਨ੍ਹੀ ਹੋਈ ਹੈ। ਜਜ਼ਬਿਆਂ ਦੀਆਂ ਛੱਲਾਂ ਆਉਂਦੀਆਂ ਹਨ, ਭਾਵਨਾਵਾਂ ਦੇ ਤੂਫ਼ਾਨ ਉਠਦੇ ਹਨ, ਪਰ ਬੇੜੀ ਜ਼ੰਜੀਰ ਨਾਲ ਬੰਨ੍ਹੀ ਹੋਈ ਹੈ ਅਤੇ ਦਰਿਆ ਵਿਚ ਨਹੀਂ ਠਿਲ੍ਹਦੀ। ਖੰਘਦੀ ਹੋਈ ਬੁੱਢੀ ਭੂਆ ਬਿਮਾਰ ਆਤਮਾ ਦਾ ਹੁੰਗਾਰਾ ਹੈ। ਉਹ 'ਕੁਆਰੀ ਟੀਸੀ' ਦੀ ਬੀਮਾਰ ਭੇਡ ਵਾਂਗ ਹੈ, ਜੋ ਵਾਯੂ ਮੰਡਲ ਨੂੰ ਡੰਘੇਰਾ ਕਰਦੀ ਹੈ। 'ਕੁਆਰੀ ਟੀਸੀ' ਵਿਚ ਨੀਲਾ ਰੰਗ ਵਾਰ ਵਾਰ ਉਭਰਦਾ ਹੈ — ਨੀਲੀਆਂ ਲੀਕਾਂ, ਨੀਲੇ ਖ਼ਿਆਲ, ਨੀਲੀ ਬਰਫ਼। ਇਸ

ਨੀਲੇ ਰੰਗ ਵਿਚ ਆਕਾਸ਼ ਦੇ ਅਮੁਕ ਦਿਸਹੱਦੇ ਅਤੇ ਅਪਹੁੰਚ ਦਾ ਝਾਉਲਾ ਮਿਲਦਾ ਹੈ। 'ਪੱਤਣ ਦੀ ਬੇੜੀ' ਵਿਚ ਬਿੰਬ ਅਤੇ ਚਿੰਨ੍ਹ ਵਾਤਾਵਰਨ ਤੋਂ ਹੀ ਉਪਜਦੇ ਹਨ। ਚਿੰਨ੍ਹ ਅਤੇ ਪਾਤਰ ਇਕ ਮਿਕ ਹਨ।

'ਪਿੱਛਲ ਪੈਰੀ' ਵਿਚ ਸਾਡੇ ਸਮਾਜ ਦੇ ਦਰਮਿਆਨੇ ਦਰਜੇ ਦੀ ਇਕ ਤੀਵੀਂ ਦਾ ਚਿਤਰ ਹੈ ਜੋ ਪੜ੍ਹ ਲਿਖ ਕੇ ਵੀ ਪੁਰਾਣੀਆਂ ਕੀਮਤਾਂ ਵਿਚ ਗਡ ਮਡ ਹੈ। ਉਹ ਨਵੇਂ ਆਲੇ-ਦੁਆਲੇ ਵਿਚ ਬਹੁਤ ਥੋੜਾ ਚਿਰ ਸਾਹ ਲੈ ਸਕਦੀ ਹੈ ਤੇ ਸਮੇਂ ਦੀਆਂ ਖ਼ੁਸ਼ੀਆਂ ਨੂੰ ਨਹੀਂ ਮਾਣ ਸਕਦੀ। ਉਹ ਉਨ੍ਹਾਂ ਵਿਚੋਂ ਹੈ ਜਿਨ੍ਹਾਂ ਲਈ ਹਰ ਨਵੀਂ ਖ਼ੁਸ਼ੀ ਇਕ ਭਾਰ ਬਣ ਜਾਂਦੀ ਹੈ। ਉਹ ਆਪਣੇ ਤੇ ਆਲੇ ਦੁਆਲੇ ਨੂੰ ਆਪਣੀ ਚਿੰਤਾ ਦੇ ਤਰਸ਼ੂਲ ਨਾਲ ਵਿੰਨ੍ਹਣ ਵਿਚ ਲੱਗੀ ਹੋਈ ਹੈ। ਉਹ ਉਸ ਮਨੋਵਿਗਿਆਨਕ ਉਲਾਰ ਦੀ ਬੀਮਾਰ ਹੈ, ਜੋ ਸਾਡੇ ਸਮਾਜ ਦੇ ਨਰੋਏ ਸਰੀਰ ਉਤੇ ਮਿਰਗੀ ਬਣ ਕੇ ਟੁਟ ਪਿਆ ਹੈ ਅਤੇ ਜਿਸ ਨੇ ਦਿਮਾਗ਼ ਦੀਆਂ ਅੱਧੀਆਂ ਨਾੜਾਂ ਨੂੰ ਮਾਰ ਸੁੱਟਿਆ ਹੈ। ਇਸ ਅਧਰੰਗ ਨੇ ਸਾਡੇ ਸਮਾਜ ਦੀ ਉਪਜਾਊ ਸ਼ਕਤੀ, ਖ਼ੁਸ਼ੀ, ਕਲਪਨਾ, ਹਾਸੇ ਤੇ ਚਾਵਾਂ ਦੇ ਭਾਵ ਨੂੰ ਸੁੰਨ ਕਰ ਦਿਤਾ ਹੈ। ਚਿੰਤਾ ਦਾ ਕੋੜ੍ਹ ਸਾਡੀ ਮਧ-ਸ਼੍ਰੇਣੀ ਵਿਚ ਫੁੱਟਿਆ ਹੋਇਆ ਹੈ। ਨਿਰਮਲਾ ਇਸੇ ਕੋੜ੍ਹ ਦੀ ਮਾਰੀ ਹੋਈ ਹੈ।

'ਦੋ ਪਾਸੇ' ਦੋ ਦੋਸਤਾਂ ਦਾ ਚਰਿਤਰ ਦਸਦਾ ਹੈ ਜੋ ਆਪਣੀ ਗੱਲ ਇਕ ਦੂਜੇ ਦੇ ਸਿਰ ਮੜ੍ਹਨ ਦਾ ਜਤਨ ਕਰਦੇ ਹਨ। ਦੋਵੇਂ ਆਪਣਾ ਕੰਮ ਕਢਣ ਲਈ ਇਕ ਦੂਜੇ ਨੂੰ ਢਾਹੁਣ ਦੀ ਕੋਸ਼ਿਸ਼ ਕਰਦੇ ਹਨ। ਦੋਵੇਂ ਘਾਗ ਹਨ, ਗਲਾਕੜ, ਪੈਂਤੜੇਬਾਜ਼। ਉਹ ਇਕ ਦੂਜੇ ਨਾਲ ਖ਼ੁਦਗਰਜ਼ੀ ਦਾ ਗਤਕਾ ਖੇਡਦੇ ਹਨ। ਇਕ ਦੂਜੇ ਉਤੇ ਵਾਰ ਕਰਦੇ ਹਨ, ਪਰ ਬੜੀ ਹੁਸ਼ਿਆਰੀ ਨਾਲ ਇਕ ਦੂਜੇ ਦਾ ਵਾਰ ਬਚਾਉਂਦੇ ਹਨ। ਖੋਸਲਾ ਜ਼ਮਾਨੇ ਦਾ ਰੜ੍ਹਿਆ ਹੋਇਆ ਵਕੀਲ ਹੈ, ਤੇ ਨਾਰਾਇਨ ਇਕ ਫ਼ਿਲਮ ਕੰਪਨੀ ਦਾ ਹਿੱਸੇ ਵੇਚਣ ਵਾਲਾ ਡਾਇਰੈਕਟਰ। ਦੋਵੇਂ ਇਕ ਦੂਜੇ ਦੀ ਮਦਦ

ਕਰਨ ਦਾ ਦਾਅਵਾ ਕਰਦੇ ਹਨ, ਪਰ ਦੋਵੇਂ ਖ਼ੁਦ-ਗਰਜ਼ੀ ਦੀ ਨਿੱਕੀ ਜਿਹੀ ਘੁੰਮਣ-ਘੇਰੀ ਵਿਚ ਫਸੇ ਹੋਏ ਹਨ ।

ਇਨ੍ਹਾਂ ਨਾਟਕਾਂ ਨੂੰ ਜੇ ਕਲਪਨਾ-ਮਈ ਢੰਗ ਨਾਲ ਖੇਡਿਆ ਜਾਏ ਅਤੇ ਨਾਟ-ਕਲਾ ਦੀ ਦ੍ਰਿਸ਼ਟੀ ਤੋਂ ਪਰਖਿਆ ਜਾਏ ਤਾਂ ਮੈਂ ਆਪਣੇ ਨਿਰਦੇਸ਼ਕਾਂ ਤੇ ਦਰਸ਼ਕਾਂ ਦਾ ਧੰਨਵਾਦੀ ਹੋਵਾਂਗਾ ।

੨੭ ਕਰਜ਼ਨ ਰੋਡ
ਨਿਊ ਦਿੱਲੀ

**ਬਲਵੰਤ ਗਾਰਗੀ**

# ਕੁਆਰੀ ਟੀਸੀ

## ਪਾਤਰ

ਚੰਦੀ — ਇਕ ਕੁੜੀ

ਮਨਸੂ — ਉਸ ਦਾ ਪਿਉ

ਭੇਰੂ — ਉਨ੍ਹਾਂ ਦੀਆਂ ਬੱਕਰੀਆਂ ਦਾ ਰਾਖਾ

ਨੌਜੁਆਨ — ਇਕ ਓਪਰਾ ਮੁੰਡਾ

## ਥਾਂ

ਹਿਮਾਲੀਆ ਪਹਾੜ ਦੀਆਂ ਉੱਚੀਆਂ ਸਿਖਰਾਂ ਵਿਚ ਘਿਰੀ ਹੋਈ ਇਕ ਵਾਦੀ ।

# ਕੁਆਰੀ ਟੀਸੀ

ਝੁੱਗੀ ਦੇ ਵਿਚਕਾਰ ਫ਼ਰਸ਼ ਉੱਤੇ ਇਕ ਛੋਟੀ ਜਿਹੀ ਅੰਗੀਠੀ ਮੱਘ ਰਹੀ ਹੈ, ਜਿਸ ਉੱਤੇ ਚਾਹ ਦੀ ਪਤੀਲੀ ਧਰੀ ਹੋਈ ਹੈ। ਉਸ ਦੇ ਨੇੜੇ ਬੈਠੀ ਚੰਦੀ ਅੱਗ ਸੇਕ ਰਹੀ ਹੈ।

ਚੰਦੀ — ਹਾਲ ਤੀਕਰ ਨਹੀਂ ਆਏ। ਦੋਹਾਂ ਵਿਚੋਂ ਕੋਈ ਵੀ ਤੇ ਨਹੀਂ ਬਹੁੜਿਆ। ਭਲਾ ਜੇ ਮੈਂ ਸੌਂ ਜਾਵਾਂ ਤਾਂ ਚਾਹ ਕੌਣ ਪਿਲਾਊ ਉਨ੍ਹਾਂ ਨੂੰ? ਚਿਰਾਂ ਤੋਂ ਚਾਹ ਉਬਲੀ ਜਾਂਦੀ ਏ। ਉਬਲ ਉਬਲ ਕੇ......ਖੌਰੇ ਮੀਂਹ ਪੈਣ ਲਗ ਪਿਆ ਏ। ਪਤਾ ਨਹੀਂ ਉਹ ਕਿਉਂ ਨਹੀਂ ਆਏ। (ਬਾਰੀ ਵਿਚੋਂ ਬਾਹਰ ਝਾਕਦੀ ਹੈ) ਕੁਝ ਵੀ ਦਿਖਾਈ ਨਹੀਂ ਦੇਂਦਾ। ਬਰਫ਼ ਡਿੱਗਣ ਲਗ ਪਈ ਏ। ਸਫ਼ੈਦ ਧੂੰਆਂ ਉਠ ਰਿਹਾ ਏ। ਕੁਝ ਵੀ ਨਹੀਂ ਦਿਸਦਾ।

(ਉਸ ਦੀਆਂ ਨਜ਼ਰਾਂ ਬਾਸੀ ਤੇ ਉਦਾਸ ਹਨ) ਇਉਂ ਨਿਤ ਆਥਣ ਦੀ ਉਡੀਕ, ਨਿਤ ਉਡੀਕ......ਹੁਣ ਜਦੋਂ ਕਿ ਮੈਂ ਸਾਰਾ ਕੰਮ ਨਬੇੜ ਚੁਕੀ ਆਂ, ਵਕਤ ਮੁਕਣ ਵਿਚ ਹੀ ਨਹੀਂ ਆਉਂਦਾ। ਪਤਾ ਨਹੀਂ ਦੋਵੇਂ ਕਦੋਂ ਆਉਣਗੇ ? ਦੇਗਚੀ ਮਾਂਜ ਚੁੱਕੀ, ਰੋਟੀ ਪਕਾ ਲਈ, ਬਾਪੂ ਦੀ ਗੋਦੜੀ ਸਿਉਂ ਲਈ। ਹੋਰ ਕੀ ਰਹਿੰਦਾ ਏ ?......ਹਾਂ ਸਚ, ਭੇਡ ਨੂੰ ਦੁਆਈ ਪਿਲਾਣੀ ਏ। ਇਸ ਪਿਛੋਂ ਕੋਈ ਕੰਮ ਨਹੀਂ।

[ਬੂਹੇ ਉਤੇ ਠੱਠ ਠੱਕ।

ਸ਼ੈਤ ! (ਉਸ ਦਾ ਚਿਹਰਾ ਇਕ ਮਧਮ ਕਿਰਣ ਨਾਲ ਜਿਉ ਉਠਦਾ ਹੈ) ਖ਼ੌਰੇ......

[ਉਠ ਕੇ ਬੂਹਾ ਲਾਹੁੰਦੀ ਹੈ। ਇਕ ਨੌਜੁਆਨ ਥੱਕਿਆ ਕੁੰਗੜਿਆ ਅੰਦਰ ਵੜਦਾ ਹੈ।

ਨੌਜੁਆਨ— ਉਫ......ਫ......ਫ......!

ਚੰਦੀ — ਤੂੰ......?

ਨੌਜੁਆਨ — ਹਾਂ......ਮੈਂ ਡਾਕ ਬੰਗਲੇ ਵਿਚ ਠਹਿਰਨਾ ਚਾਹੁੰਦਾ ਆਂ। ਚੌਕੀਦਾਰ ਕਿੱਥੇ ਏ ?

ਚੰਦੀ—ਗਾਂ ਚੋਣ ਗਿਆ ਏ।

ਨੌਜੁਆਨ — ਕਿੰਨੀ ਠਾਰੀ ਏ ਬਾਹਰ ! ਮੈਨੂੰ ਰਾਹ ਵਿਚ ਈ ਬਰਫ਼ ਨੇ ਘੇਰ ਲਿਆ।

ਚੰਦੀ — ਅੱਗ ਸੇਕ ਲੈ। ਲਿਆ ਮੈਂ ਤੇਰਾ ਕੋਟ ਸੁਕਣੇ ਪਾ ਦਿਆਂ।

ਨੌਜੁਆਨ — ਨਹੀਂ......ਨਹੀਂ।

[ਉਹ ਕੋਟ ਲਾਹ ਕੇ ਏਧਰ ਓਧਰ ਤੱਕਦਾ ਹੈ, ਤੇ ਫਿਰ ਮੰਜੀ ਦੀ ਉਧੜੀ ਦੌਣ ਉਤੇ ਰੱਖ ਦੇਂਦਾ ਹੈ।

ਚੰਦੀ — ਲੈ — ਏਥੇ ਬਹਿ ਜਾ। ਇਸ ਮੂੜ੍ਹੇ ਉਤੇ। ਪੋਹ ਦੇ ਇਸ ਪਾਲੇ ਵਿਚ ਕਿੱਥੋਂ ਆਇਆ ਏਂ ਤੂੰ ? ਏਧਰ ਤਾਂ ਏਡਾ ਪਹਾੜ ਏ, ਜਵੇਰੀ ਜੋਤ ਦੀ ਟੀਸੀ ਬਰਫ਼ ਨਾਲ ਕੱਜੀ ਪਈ ਹੋਵੇਗੀ। ਤੂੰ ਕਿਥੋਂ......?

ਨੌਜੁਆਨ—ਮੈਂ ਇਸੇ ਟੀਸੀ ਨੂੰ ਲੰਘ ਕੇ ਆਇਆ ਹਾਂ। ਜਦੋਂ ਮੈਂ ਜੀਬੀ ਤੇ ਸੋਝਾ ਨੂੰ ਪਾਰ ਕੀਤਾ ਤਾਂ ਚਿੱਟੀ ਬਰਫ਼ — ਜਿਵੇਂ ਜੰਮਿਆਂ ਦੁੱਧ ਹੋਵੇ — ਚਫੇਰੀਂ ਫੈਲੀ ਹੋਈ ਸੀ। ਦੁਆਲੇ ਨੀਲੀਆਂ ਧਾਰੀਆਂ ਸਨ। ਜਵੇਰੀ ਪਾਰ ਕਰਨ ਮਗਰੋਂ...... ਉਫ਼ ਮੈਂ ਬਹੁਤ ਹੰਭਿਆ ਹੋਇਆ ਹਾਂ। ਮੈਨੂੰ ਗਰਮ ਪਾਣੀ ਪਿਆ ਦੇ।

ਚੰਦੀ — ਬਾਪੂ ਲਈ ਚਾਹ ਉਬਲ ਰਹੀ ਏ, ਪਰ ਉਸ ਵਿਚ ਨਾ ਖੰਡ ਏ ਨਾ ਦੁੱਧ। ਰਤਾ ਕੁ ਉਡੀਕ, ਉਹ ਦੁੱਧ ਲਈ ਆਉਂਦਾ ਈ ਹੋਵੇਗਾ।

ਨੌਜੁਆਨ—ਨਹੀਂ, ਮੇਰੇ ਹੱਥ ਸੁੰਨ ਹੋਈ ਜਾਂਦੇ ਨੇ। ਸੰਘ ਵਿਚ ਕੰਡੇ ਉਗ ਆਏ ਨੇ। ਮੈਨੂੰ ਇਹੋ ਚਾਹ ਪਿਆ ਦੇ।

ਚੰਦੀ — ਇਹੋ ਕਾਲੀ ਗਾੜ੍ਹੀ ਚਾਹ ?

ਨੌਜੁਆਨ — ਹਾਂ।

ਚੰਦੀ — ਹੱਛਾ ਤੂੰ ਹੱਥ ਪੈਰ ਨਿੱਘੇ ਕਰ।

ਨੌਜੁਆਨ — (ਅੱਗ ਸੇਕਦਾ ਹੈ) ਮੇਰਾ ਖ਼ਿਆਲ ਐ ਸਵੇਰ ਤੀਕ ਬਰਫ਼ ਥੰਮ ਜਾਵੇਗੀ। ਮੇਰੇ ਕੋਲ ਇਨ੍ਹਾਂ ਸਾਰੇ ਪਹਾੜਾਂ ਦੇ ਨਕਸ਼ੇ ਹਨ। ਜਵੇਰੀ ਨੂੰ ਪਾਰ ਕਰਨ ਪਿਛੋਂ ਮੈਂ ਲਾਰਜੀ ਪਾਰ ਕਰਨਾ ਚਾਹੁੰਦਾ ਹਾਂ, ਫੇਰ......

ਚੰਦੀ — (ਤ੍ਰੱਭਕ ਕੇ) ਲਾਰਜੀ ?

ਨੌਜੁਆਨ — ਹਾਂ......ਕਿਉਂ ?

ਚੰਦੀ — ਪੋਹ ਦੇ ਮਹੀਨੇ ਲਾਰਜੀ ਉਤੇ ਬਰਫ਼ ਦਾ ਦਿਉਤਾ ਲੱਥ ਆਉਂਦਾ ਏ। ਉਸ ਦਾ ਹੁਕਮ ਹੈ ਕਿ ਕੁਆਰੀ ਬਰਫ਼ ਨੂੰ ਕਿਸੇ ਪਾਂਧੀ ਦੇ ਪੈਰ ਨਾ ਛੁਹਣ।

ਨੌਜੁਆਨ — (ਹੱਸ ਕੇ) ਇਹ ਪਹਾੜੀ ਲੋਕਾਂ ਦਾ ਵਹਿਮ ਏ। ਮੈਂ ਇਸੇ ਵਹਿਮ ਨੂੰ ਤੋੜਨ ਲਈ ਆਇਆ ਹਾਂ।

ਚੰਦੀ — ਸਾਡੇ ਦਿਓਤੇ ਨੂੰ ਝੂਠਾ ਪਾਉਣ ?

ਨੌਜੁਆਨ — ਹਾਂ।

ਚੰਦੀ — ਕਿਉਂ ?

ਨੌਜੁਆਨ — ਇਸ ਲਈ ਕਿ ਦਿਉਤੇ ਝੂਠੇ ਹੁੰਦੇ ਹਨ।

ਚੰਦੀ — ਤੂੰ ਇਹ ਝੂਠ ਕਿਤਾਬਾਂ ਵਿਚੋਂ ਪੜ੍ਹਿਆ ਹੋਏਗਾ ?

ਨੌਜੁਆਨ — ਕੀ ਕਿਤਾਬਾਂ ਝੂਠੀਆਂ ਹੁੰਦੀਆਂ ਨੇ ?

ਚੰਦੀ — ਹੋਰ ਕੀ ? ਸਾਡਾ ਪਹਾੜੀਆਂ ਦਾ ਵਿਸ਼ਵਾਸ ਏ ਕਿਤਾਬਾਂ ਝੂਠ ਮਾਰਦੀਆਂ ਹਨ।

ਨੌਜੁਆਨ — ਕੀ ਤੂੰ ਸੱਚ ਮੰਨਦੀ ਏਂ ਕਿ ਲਾਰਜੀ ਦਿਉਤਾ ਪਹਾੜ ਦੀ ਟੀਸੀ ਉਤੇ ਲੱਥ ਆਉਂਦਾ ਏ ?

ਚੰਦੀ — ਹਾਂ। ਉਹ ਠੰਢਾਂ ਵਿਚ ਉੱਚੇ ਪਰਬਤ ਤੋਂ ਹੇਠਾਂ ਆ ਜਾਂਦਾ ਏ, ਤੇ ਛੇ ਮਹੀਨੇ ਲਾਰਜੀ ਦੀ ਟੀਸੀ ਉਤੇ ਬੈਠ ਕੇ ਇਸ ਇਲਾਕੇ ਦੀ ਰੱਖਿਆ ਕਰਦਾ ਹੈ।

ਨੌਜੁਆਨ — (ਹੱਸਦਾ ਹੈ) ਖ਼ੈਰ, ਇਸ ਵਹਿਮ ਨਾਲ ਮੈਨੂੰ ਕੀ ? ਜਦ ਮੈਂ ਆਪਣੀ ਡਾਇਰੀ ਵਿਚ ਇਹ ਵਹਿਮ ਲਿਖਾਂਗਾ ਤਾਂ ਮੇਰੇ ਤਜਰਬੇ ਕਿੰਨੇ ਦਿਲਚਸਪ ਹੋਣਗੇ। ਕਿੰਨੇ ਚਰਜਾਂ ਭਰੇ। ਉਂਹ ! ਲਾਰਜੀ ਦੀ ਟੀਸੀ ਤੇ ਬਰਫ਼ ਦਾ ਦਿਉਤਾ !

ਚੰਦੀ — ਪਰ ਤੂੰ ਆਇਆ ਕਿੱਥੋਂ ਏਂ ? ਇਕੱਲਾ ਈ ?

ਨੌਜੁਆਨ — ਹਾਂ।

ਚੰਦੀ — ਜਿਸ ਪਹਾੜ ਉਤੇ ਚੜ੍ਹਨ ਨੂੰ ਤੂੰ ਏਡਾ ਕਾਹਲਾ ਦਿਸਦਾ ਏਂ, ਉਹ ਮੌਤ ਦਾ ਪਹਾੜ ਏ। ਠੰਢਾ ਤੇ ਸਫ਼ੈਦ – ਜਿਵੇਂ ਮੌਤ।

ਨੌਜੁਆਨ — ਮੈਨੂੰ ਨਕਸ਼ੇ ਤੋਂ ਸਭ ਥਾਂਵਾਂ ਦਾ ਪਤਾ ਹੈ। ਬੱਸ ਇਕ ਆਦਮੀ ਮੈਨੂੰ ਲਾਰਜੀ ਹੇਠਾਂ ਛੱਡ ਆਵੇਗਾ। ਅਗੇ ਮੇਰੇ ਨਕਸ਼ੇ ਉਤੇ ਸਭ ਟੀਸੀਆਂ ਤੇ ਕਿੰਗਰੇ ਵਾਹੇ ਹੋਏ ਹਨ। ਏਥੇ ਹਨੇਰਾ ਏ। ਤੂੰ ਰਤਾ ਦੀਵਾ ਚੁਕ ਲਿਆ।

ਚੰਦੀ — ਆਲੇ ਵਿਚਲਾ ਦੀਵਾ ਬਾਲ ਦੇਨੀ ਆਂ।

[ਲੱਕੜ ਦੀ ਪੋਰੀ ਬਾਲਦੀ ਹੈ।

ਲੈ ਫੜ।

ਨੌਜੁਆਨ — ਕੀ ਤੂੰ ਮੇਰੇ ਲਾਰਜੀ ਜਾਣ ਉਤੇ ਗੁੱਸੇ ਐਂ ?

ਚੰਦੀ — ਨਹੀਂ।

ਨੌਜੁਆਨ — ਫੇਰ ਤੇਰੀ ਗਲ੍ਹ ਉਤੇ ਇਕ ਕਿਰਮਚੀ ਲੀਕ ਕਿਉਂ ਉਭਰ ਆਈ ਏ ?

ਚੰਦੀ — ਕਿਥੇ ?

ਨੌਜੁਆਨ — ਇਹ, ਹੇਠਲੇ ਬੁਲ੍ਹ ਦੀ ਨੁਕਰੋਂ ਸਿਧੀ ਗਰਦਨ ਤੀਕ ਚਲੀ ਗਈ ਏ — ਇਹ ਕਿਰਮਚੀ ਲੀਕ।

ਚੰਦੀ — ਤੂੰ ਇਹ ਝੂਠ ਕਿਤਾਬਾਂ 'ਚੋਂ ਪੜ੍ਹਿਆ ਏ ?

ਨੌਜੁਆਨ — ਤੈਨੂੰ ਸੱਚ ਝੂਠ ਦੀ ਪਰਖ ਏ ਕਿਤੇ ?

ਚੰਦੀ — ਹਾਂ।

ਨੌਜੁਆਨ — ਕੀ ਭਲਾ ?

ਚੰਦੀ — ਇਹੋ, ਜੋ ਕੁਝ ਤੂੰ ਆਖਿਆ ਏ, ਝੂਠ ਏ।

ਨੌਜੁਆਨ — ਤੂੰ ਇਹ ਸੱਚ ਵੇਖ ਨਹੀਂ ਸਕਦੀ।

ਚੰਦੀ — ਹਾਂ, ਜਿਸ ਸੱਚ ਨੂੰ ਅਸੀਂ ਤੱਕ ਨਹੀਂ ਸਕਦੇ, ਉਸੇ ਨੂੰ ਤਾਂ ਝੂਠ ਆਖਦੇ ਹਾਂ। ਤੂੰ ਕੰਬਦਾ ਕਿਉਂ ਏਂ ?

ਨੌਜੁਆਨ — ਕੰਬਣੀ ਮੇਰੀਆਂ ਨਸਾਂ ਵਿਚ ਥਰਕਦੀ ਏ। ਮੈਨੂੰ ਚਾਹ ਦ।

ਚੰਦੀ — ਹਾਂ........ਸੱਚ।

[ਚੰਦੀ ਚਾਹ ਦੀ ਪਤੀਲੀ ਲਾਹੁੰਦੀ ਹੈ ਤੇ ਦੋ ਠੂਠੇ ਭਰਦੀ ਹੈ। ਨੌਜੁਆਨ ਸਿਗਰਟ ਸੁਲਗਾਉਂਦਾ ਹੈ।

ਚੰਦੀ — ਹਾਏ, ਚਾਹ ਦਾ ਰੰਗ ਤਾਂ ਕਾਲਾ ਸ਼ਾਹ ਹੋ ਗਿਆ ਏ ?

ਨੌਜੁਆਨ — ਇਸ ਵਿਚੋਂ ਨੀਲੀ ਭਾਫ਼ ਉਠਦੀ ਏ, ਨੀਲੇ ਦਾਇਰਿਆਂ ਵਿਚ, ਨਿਕੇ ਨਿਕੇ ਨੀਲੇ ਗੋਲ ਘੇਰਿਆਂ ਵਿਚ। (ਘੁਟ ਭਰ ਕੇ) ਇਹ ਗਰਮ ਚਾਹ ਪੀ ਕੇ ਮੇਰੀਆਂ ਨਸਾਂ ਵਿਚ ਨੀਲੇ ਖ਼ਿਆਲ ਉਭਰ ਆਏ ਹਨ। ਹੁਣ ਮੈਂ ਇਹ ਘਾਟੀਆਂ, ਇਹ ਪਹਾੜ — ਪਾਰ ਕਰ ਲਵਾਂਗਾ।

ਚੰਦੀ — ਇਹ ਪਹਾੜ ਜਿਹੜਾ ਸਿੱਧਾ ਤੇ ਨਰਮ ਨਰਮ ਬਰਫ਼ ਨਾਲ ਲਦਿਆ ਦਿਸਦਾ ਹੈ, ਆਪਣੇ ਹੇਠਾਂ ਤਿੱਖੀਆਂ ਚੱਟਾਨਾਂ ਲੁਕਾਈ ਖਲੋਤਾ ਏ। ਇਹ ਤੈਨੂੰ ਨਿਘਾਰ ਲਏਗਾ।

ਨੌਜੁਆਨ — ਊਂਹ। ਮੈਂ ਚੰਗਿਆੜੀ ਬਣ ਕੇ ਬਰਫ਼ ਨੂੰ ਪਿਘਲਾ ਦਿਆਂਗਾ।

ਚੰਦੀ — ਕਿਥੋਂ ਆਇਆ ਏਂ ਤੂੰ ? ਬਹੁਤ ਦੂਰੋਂ ?

ਨੌਜੁਆਨ — ਹਾਂ, ਦਿੱਲੀਉਂ।

ਚੰਦੀ — ਉਹੀ ਦਿੱਲੀ ਜਿਸ ਦਾ ਹਾਲ ਬਾਪੂ ਸੁਣਾਇਆ ਕਰਦਾ ਏ ?

ਨੌਜੁਆਨ — ਹਾਂ।

ਚੰਦੀ — ਜਿਥੇ ਬਹੁਤ ਸਾਰੀਆਂ ਸੜਕਾਂ ਨੇ — ਸਿੱਧੀਆਂ ਸਿੱਧੀਆਂ, ਤੇ ਦਿਨ ਰਾਤ ਮੋਟਰਾਂ, ਟਾਂਗੇ ਤੇ ਘੋੜੇ ਨੱਸਦੇ ਨੇ।

ਨੌਜੁਆਨ — ਹਾਂ।

ਚੰਦੀ — ਰਾਤ ਨੂੰ ਵੀ ?

ਨੌਜੁਆਨ — ਹਾਂ ।

ਚੰਦੀ — ਜਿੱਥੇ ਉਚੀਆਂ ਟੀਸੀਆਂ ਵਾਲੇ ਸੁਨਹਿਰੀ ਕਲਸ ਹਨ, ਅਤੇ ਗੋਲ ਗੋਲ ਥਮਲੇ ਜਿਨ੍ਹਾਂ ਉਤੇ ਹਜ਼ਾਰਾਂ ਰੰਗਾਂ ਦੀਆਂ ਲੀਕਾਂ ਹਨ ?

ਨੌਜੁਆਨ — ਹਾਂ ।

ਚੰਦੀ — ਕਈ ਵਾਰ ਮੈਂ ਸੋਚਿਆ ਏ ਕਿ ਮ ਂ ਕਿਸੇ ਵਡੇ ਸ਼ਹਿਰ ਜਾਵਾਂ ਜਿੱਥੇ ਉਹ ਸਭ ਕੁਝ ਹੈ ਜਿਸ ਦਾ ਦੂਰੋਂ ਦੂਰੋਂ ਆਉਣ ਵਾਲੇ ਪਾਂਧੀ ਚਰਚਾ ਕਰਦੇ ਨੇ ।

ਨੌਜੁਆਨ — ਤੂੰ ਜਾਵੇਂਗੀ ?

ਚੰਦੀ — ਹਾਂ । ਪਰ ਮੈਨੂੰ ਡਰ ਲਗਦਾ ਹੈ ।

ਨੌਜੁਆਨ — ਕਿਉਂ ?

ਚੰਦੀ — ਮੈਂ ਸੁਣਿਆ ਹੈ ਓਥੇ ਰਾਤ ਨੂੰ ਬਰਫ਼ ਦਾ ਚਾਨਣਾ ਨਹੀਂ ਹੁੰਦਾ ।

ਨੌਜੁਆਨ — ਨਹੀਂ, ਪਰ ਉਥੇ ਬਿਜਲੀ ਦੇ ਲਾਟੂ ਬਲਦੇ ਨੇ ਜਿਨ੍ਹਾਂ ਨਾਲ ਸੜਕਾਂ ਲਿਸ਼ਕ ਉਠਦੀਆਂ ਹਨ ।

ਚੰਦੀ — ਮੇਰੀਆਂ ਅੱਖਾਂ ਚੁੰਧਿਆ ਜਾਣਗੀਆਂ ।

ਨੌਜੁਆਨ — ਨਹੀਂ, ਉਸ ਚਾਨਣੇ ਦੀ ਚਿਲਕੋਰ ਨਹੀਂ ਪੈਂਦੀ ।

ਚੰਦੀ — ਕੀ ਉਥੇ ਬਰਫ਼ਾਂ ਉਤੇ ਤਾਰਿਆਂ ਦੀ ਲੋਅ ਪਲਮਦੀ ਏ ?

ਨੌਜੁਆਨ — ਉਥੇ ਹਰ ਰੰਗ ਦੀ ਲੋਅ ਏ । ਬਾਜ਼ਾਰ ਤੇ ਦੁਕਾਨਾਂ ਤੇ ਉਚੇ ਸਫ਼ੈਦ ਘਰ ਜਿਵੇਂ ਬਰਫ਼ ਦੇ ਤੋਦੇ ਹੋਣ ।

ਚੰਦੀ — ਪਰ ਬਾਪੂ ਨੇ ਮੈਨੂੰ ਜਾਣ ਨਹੀਂ ਦੇਣਾ ।

ਨੌਜੁਆਨ — ਕਿਉਂ ?

ਚੰਦੀ — ਬਰਫ਼ ਦਾ ਦਿਉਤਾ ਨਾਰਾਜ਼ ਹੋ ਜਾਏਗਾ (ਕੁਝ ਸੋਚਦੇ ਹੋਏ) ਬਹੁਤ ਸਾਰੇ ਪਾਂਧੀ ਲਾਰਜੀ ਦੀ ਟੀਸੀ ਉਤੇ ਚੜ੍ਹਨ ਲਈ ਆਏ ਪਰ ... ...



www.PunjabiLibrary.com

ਨੌਜੁਆਨ — ਪਰ ਮੈਂ ਜਾਵਾਂਗਾ ।

ਚੰਦੀ — (ਇਕ ਦਮ ਉਠ ਕੇ) ਆਹ, ਮੈਂ ਵੀ ਕਿੰਨੀ ਅਲਗ਼ਰਜ਼ ਆਂ ! ਭੇਡ ਲਈ ਬੂਟੀਆਂ ਪੀਹਣਾ ਭੁੱਲ ਗਈ । ਬਾਪੂ ਦੀ ਇਹ ਭੇਡ ਖੰਘ ਖੰਘ ਕੇ ਦਮ ਤੋੜ ਦਏਗੀ । ਹਾਏ, ਮੈਂ ਗੱਲਾਂ ਵਿਚ ਹੀ ਰੁਝੀ ਰਹੀ । ਮੈਂ ਵੀ ਕਿੰਨੀ ਬੇਪਰਵਾਹ ਹਾਂ । ਉਹ ਲੋਹਾਲਾਖਾ ਹੋ ਜਾਏਗਾ ।

ਨੌਜੁਆਨ — ਥੋੜ੍ਹਾ ਚਿਰ ਹੋਰ ਬੈਠ ਜਾ । ਬਸ ਦੋ ਘੜੀ । ਤੇਰਾ ਨਾਉਂ ਕੀ ਏ ?

ਚੰਦੀ — ਚੰਦੀ ।

ਨੌਜੁਆਨ — ਚੰਦੀ !

ਚੰਦੀ — ਹਾਂ ।

ਨੌਜੁਆਨ — ਇਹ ਫਿੱਕਾ ਚਾਨਣਾ ਚੰਗਾ ਲੱਗਦਾ ਏ । ਕਮਰੇ ਦੀ ਇਹ ਹਨੇਰੀ ਚੁਪ ਚਾਂ ਜਿਸ ਉਤੇ ਅੱਗ ਦੀ ਬੁੱਝਦੀ ਲੋਅ ਬੁੜਬੁੜਾਉਂਦੀ ਐ ।

ਚੰਦੀ — ਤੇਰੇ ਹੱਥ ਬਹੁਤ ਠੰਢੇ ਨੇ ।

ਨੌਜੁਆਨ — ਮੇਰੀਆਂ ਉਂਗਲਾਂ ਦੇ ਪੋਟਿਆਂ ਉਤੇ ਠੰਢਾ ਧੂੰਆਂ ਉਤਰ ਆਇਆ ਏ । ਦੇਖ, ਅੰਗੀਠੀ ਦੀ ਅੱਗ ਬੁੱਝ ਚਲੀ ਏ । ਪਰ ਤੇਰਾ ਮੰਹ ਜੋ ...... ਜੋ ਅੱਧੀ ਰਾਤ ਦੀ ਬਰਫ਼ ਨਾਲ ਢੱਕੀ ਹੋਈ ਟੀਸੀ ਵਾਂਗ — ਨਹੀਂ, ਸ਼ਾਇਦ ਮੈਂ ਗ਼ਲਤ ਕਹਿ ਰਿਹਾ ਹਾਂ । ਇਸ ਮਧਮ ਸੂਹੇ ਚਾਨਣ ਵਿਚ ...... ਤੇਰੇ ਬੁਲ੍ਹਾਂ ਦੇ ਹੇਠਾਂ ਤਣੀ ਹੋਈ ਲੀਕ ਹੋਰ ਵੀ ਉਘੜ ਆਈ ਏ — ਪਗਡੰਡੀ ਵਾਂਗ ।

ਚੰਦੀ — ਪਗਡੰਡੀ ?

ਨੌਜੁਆਨ — ਹਾਂ, ਜਿਵੇਂ ਹੁਣੇ ਡਿੱਗੀ ਬਰਫ਼ ਉਤੇ ਕੋਈ ਸਜਰਾ ਸਜਰਾ

ਤੁਰਿਆ ਹੋਵੇ । ਚੰਦੀ !

ਚੰਦੀ — ਹਾਂ ।

ਨੌਜੁਆਨ — ਮੈਨੂੰ ਇਉਂ ਲਗਦਾ ਏ ਜਿਸ ਕੁਆਰੀ ਟੀਸੀ ਦੀ ਭਾਲ ਵਿਚ ਮੈਂ ਘਰੋਂ ਨਿਕਲਿਆ ਸਾਂ, ਉਹ ਤੂੰ ਈ ਏਂ ।

ਚੰਦੀ — ਮੈਂ ?

ਨੌਜੁਆਨ — ਹਾਂ; ਤੇ ਤੇਰੀਆਂ ਅੱਖਾਂ ਉਸ ਪਹਾੜ ਵਿਚ ਲੁਕੀਆਂ ਦੋ ਝੀਲਾਂ ਹਨ, ਜਿਨ੍ਹਾਂ ਦੀਆਂ ਡੂੰਘਾਈਆਂ ਤੋਂ ਡਰ ਆਉਂਦਾ ਏ ।

ਚੰਦੀ — ਤੂੰ ਉਹੀ ਗੱਲਾਂ ਕਰਦਾ ਏਂ ਜਿਹੜੀਆਂ ਕਦੇ ਕਦੇ ਭੇਰੂ ਬੰਸਰੀ ਵਿਚ ਗਾਂਵਿਆ ਕਰਦਾ ਏ ।

ਨੌਜੁਆਨ — ਭੇਰੂ ਕੌਣ ?

ਚੰਦੀ — ਸਾਡੀਆਂ ਬਕਰੀਆਂ ਦਾ ਰਾਖਾ ।

ਨੌਜੁਆਨ — ਉਹ ...... ?

ਚੰਦੀ — ਹਾਂ ਉਹ ਬੰਸਰੀ ਵੀ ਵਜਾਉਣ ਜਾਣਦਾ ਹੈ । ਜੇ ਕੋਈ ਰਾਹੀ ਢਲਵਾਣਾ ਉਤੇ ਰਾਹ ਭੁਲ ਜਾਵੇ ਤਾਂ ਬੰਸਰੀ ਦੀ ਆਵਾਜ਼ ਸੁਣ ਕੇ ਬਰਫ਼ ਦਾ ਦਿਉਤਾ ਰਾਹ ਦਸਣ ਲਈ ਪਹਾੜੋਂ ਥੱਲੇ ਉਤਰ ਆਉਂਦਾ ਏ ।

ਨੌਜੁਆਨ — ਫੇਰ ਉਹੀ ਵਹਿਮ ! ਪਹਾੜੀ ਲੋਕ ਵਹਿਮੀ ਹੁੰਦੇ ਹਨ ।

ਚੰਦੀ — ਤੈਨੂੰ ਕੋਈ ਵਹਿਮ ਨਹੀਂ ?

ਨੌਜੁਆਨ — ਨਹੀਂ ਤਾਂ ।

ਚੰਦੀ — ਇਹ ਵੀ ਤੇਰਾ ਵਹਿਮ ਏ । ਵਹਿਮ ਬਾਝੋਂ ਤੁਸੀਂ ਸ਼ਹਿਰੀਏ ਕਿਵੇਂ ਜਿਊਂਦੇ ਹੋ ?

ਨੌਜੁਆਨ — ਕਿਉਂ ? ਤੈਨੂੰ ਸ਼ਹਿਰੀਏ ਚੰਗੇ ਨਹੀਂ ਲਗਦੇ ?

ਚੰਦੀ — ਸ਼ਹਿਰੀਏ ...... ਮੈਨੂੰ ਚੰਗੇ ਲਗਦੇ ਨੇ ।

ਨੌਜੁਆਨ — ਤੇ ਸ਼ਹਿਰ ?

ਚੰਦੀ — ਸ਼ਹਿਰ ਦਾ ਪਤਾ ਨਹੀਂ ।

ਨੌਜੁਆਨ — ਤਾਂ ਫਿਰ ਤੂੰ ਸ਼ਹਿਰ ਚਲ । ਸ਼ਹਿਰ ਉਤਨਾ ਈ ਸੋਹਣਾ ਏ ਜਿਤਨੇ ਉਥੋਂ ਦੇ ਲੋਕ ।

ਚੰਦੀ — ਉਥੇ ਹਨੇਰਾ ਨਹੀਂ ਹੁੰਦਾ ?

ਨੌਜੁਆਨ — ਨਹੀਂ । ਜਦੋਂ ਬਿਜਲੀ ਦੇ ਲਾਟੂ ਜਗ ਉਠਦੇ ਹਨ ਤਾਂ ਹਨੇਰਾ ਨਸ ਜਾਂਦਾ ਏ ।

ਚੰਦੀ — ਉਥੇ ਹਨੇਰੀਆਂ ਖੱਡਾਂ ਨਹੀਂ ਹੁੰਦੀਆਂ ?

ਨੌਜੁਆਨ — ਨਹੀਂ, ਬਸ ਮੇਰੇ ਦਿਲ ਅੰਦਰ ਅਥਾਹ ਹਨੇਰਾ ਏ ।

ਚੰਦੀ — ਮੈਨੂੰ ਹਨੇਰੇ ਤੋਂ ਡਰ ਲੱਗਦਾ ਏ ।

ਨੌਜੁਆਨ — ਤੂੰ ਕਦੇ ਦਰੱਖ਼ਤਾਂ ਤੇ ਪੱਤਿਆਂ ਹੇਠਾਂ ਸਿਆਹੀ ਤੇ ਸੁਫ਼ੈਦੀ ਨੂੰ ਝਗੜਦਿਆਂ ਨਹੀਂ ਤੱਕਿਆ ? ਜੇ ਚਾਨਣਾ ਤੇ ਹਨੇਰਾ ਹਰ ਵੇਲੇ ਨਾ ਬਦਲਦੇ ਰਹਿਣ ਤਾਂ ਕੋਈ ਚੀਜ਼ ਜ਼ਿੰਦਾ ਨਾ ਰਹੇ । ਮੈਨੂੰ ਤੇਰੇ ਨਾਲ ਪਿਆਰ ਏ !

ਚੰਦੀ — ਪਰ ਮੈਂ ਤਾਂ ਪਿਆਰ ਨਹੀਂ ਜਾਣਦੀ ।

ਨੌਜੁਆਨ — ਜਦੋਂ ਖ਼ੁਸ਼ਬੂ ਹਵਾ ਨਾਲ ਨਸ ਵਗਦੀ ਏ, ਤਾਂ ਕੀ ਉਸ ਨੂੰ ਹਵਾ ਨਾਲ ਪਿਆਰ ਹੁੰਦਾ ਏ ?

ਚੰਦੀ — ਕੀ ਮੈਂ ਪਿਆਰ ਸਿਖ ਸਕਾਂਗੀ ?

ਨੌਜੁਆਨ — ਹਾਂ । ਜਦ ਤੂੰ ਪਹਾੜ ਦੇ ਕਿੰਗਰੇ ਤੋਂ ਝੁਕ ਕੇ ਦੂਜੇ ਪਾਸੇ ਤੱਕੇਂਗੀ ਤਾਂ ਸਿੱਪ ਵਾਂਗ ਤੇਰਾ ਮੂੰਹ ਪਿਆਰ ਦੀ ਝੱਗ ਨਾਲ ਨਿਖਰ ਆਵੇਗਾ ।

ਚੰਦੀ — ਜਦ ਮੈਂ ਆਪਣੀ ਪੀਲੀਆਂ ਅੱਖਾਂ ਵਾਲੀ ਬੱਕਰੀ ਨੂੰ ਕਿਸੇ ਚੱਟਾਨ ਤੋਂ ਝੁਕ ਕੇ ਫੜਨ ਲੱਗਦੀ ਹਾਂ ਤਾਂ ਮੇਰਾ ਕਾਲਜਾ ਧੱਕ ਧੱਕ ਕਰਨ ਲੱਗ ਪੈਂਦਾ ਏ ਤੇ ਮੈਂ ਮਹਿਸੂਸ ਕਰਦੀ ਹਾਂ ...

ਨੌਜੁਆਨ — ਤੂੰ ਇਥੇ ਬਸ ਪੀਲੀਆਂ ਅੱਖਾਂ ਵਾਲੀ ਬਕਰੀ ਨੂੰ ਹੀ ਫੜਦੀ ਰਵ੍ਹੇਂਗੀ — ਏਥੇ ਜਿਥੋਂ ਦਾ ਸਫੈਦ ਪਹਾੜ ਇਕ ਅਮੁਕ ਖ਼ਲਾਅ ਏ, ਇਕ ਬੇਅਰਥ ਥਕੇਵਾਂ।

ਚੰਦੀ — ਤੂੰ ਏਸ ਪਹਾੜ ਤੋਂ ਏਡੀ ਛੇਤੀ ਅਕ ਗਿਆ ਏਂ ?

ਨੌਜੁਆਨ — ਹਾਂ, ਚੋਟੀ ਉਤੇ ਪੁਜ ਕੇ ਪਹਾੜ ਇਕ ਅਕਾ ਦੇਣ ਵਾਲੀ ਨਿਵਾਣ ਮਹਿਸੂਸ ਹੋਣ ਲੱਗਦਾ ਏ। ਕੀ ਤੂੰ ਇਸ ਸਫ਼ੈਦ ਟੂਣੇ ਵਿਚੋਂ ਨਿਕਲ ਕੇ ਮੇਰੇ ਨਾਲ ਚਲੇਂਗੀ ?

ਚੰਦੀ — ਬਾਪੂ ਨੇ ਜਾਣ ਨਹੀਂ ਦੇਣਾ। ਬਰਫ਼ ਦਾ ਦਿਉਤਾ ਇਸ ਘਾਟੀ ਦੀ ਰਾਖੀ ਬਹਿੰਦਾ ਏ। ਤੇ ਭੇਰੂ ...... ਉਸ ਦੀ ਬੰਸਰੀ ਦੀ ਆਵਾਜ਼ ਦਰਖ਼ਤਾਂ, ਪਰਬਤਾਂ ਤੇ ਵਿੱਥਾਂ ਚੀਰ ਕੇ ਮੇਰਾ ਪਿੱਛਾ ਕਰੇਗੀ।

ਨੌਜੁਆਨ — ਪਰ ਸ਼ਹਿਰ ਵਿਚ ਇਤਨਾ ਚਾਨਣਾ ਤੇ ਏਨਾ ਰੌਲਾ ਏ ਕਿ ਬਰਫ਼ ਦੀਆਂ ਵਾਜਾਂ ਦਬ ਕੇ ਰਹਿ ਜਾਣਗੀਆਂ।

ਚੰਦੀ — ਸੁਣ ! ਸ਼ਾਇਦ ਭੇਰੂ ਆਉਂਦਾ ਏ। ਉਸੇ ਦੀ ਬੰਸਰੀ ਦੀ ਆਵਾਜ਼ ਏ। ਉਹ ਆਉਂਦਾ ਏ। ਤੂੰ ਪਛਾੜੀ ਕੋਠੜੀ ਵਿਚ, ਜਿਥੇ ਭੇਡ ਬੰਨ੍ਹੀਂ ਹੋਈ ਏ, ਜਾ ਕੇ ਲੁਕ ਜਾ।

ਨੌਜੁਆਨ — ਤੇ ਤੂੰ ?

ਚੰਦੀ — ਹਾਂ, ਮੈਂ ਚਲਾਂਗੀ। ਤੂੰ ਜਾਹ !

[ਉਹ ਚਲਾ ਜਾਂਦਾ ਹੈ। ਭੇਰੂ ਅੰਦਰ ਵੜਦਾ ਹੈ। ਉਸ ਦਾ ਮੂੰਹ ਚੌੜਾ ਤੇ ਵੱਡਾ ਹੈ ਤੇ ਉਸਦੇ ਬੁਲ੍ਹਾਂ ਉਤੇ ਪਤਲੀਆਂ ਭੂਰੀਆਂ ਮੁਛਾਂ ਫੈਲੀਆਂ ਹੋਈਆਂ ਹਨ। ਉਸਦੇ ਹਥ ਵਿਚ ਛੋਟੀ ਜਿਹੀ ਗੰਦੜੀ ਹੈ।

ਭੇਰੂ — ਆਹ ਚੰਦੀ ! ਤੂੰ ਹਾਲਾਂ ਤੀਕ ਜਾਗ ਰਹੀ ਏਂ ?

ਚੰਦੀ — ਹਾਂ, ਤੈਨੂੰ ਉਡੀਕਦੀ ਸਾਂ ਤੇ ਬਾਪੂ ਨੂੰ ।

ਭੇਰੂ — ਹਾਲ ਤੀਕ ਨਹੀਂ ਆਇਆ ਚਾਚਾ ?

ਚੰਦੀ — ਬਰਫ਼ ਕਿੰਨੀ ਪਈ ਏ । ਖ਼ੌਰੇ ਰਾਹ ਵਿਚ ਕਿਤੇ ......

ਭੇਰੂ — ਨਹੀਂ, ਨਹੀਂ, ਉਹ ਸਾਰੇ ਰਾਹਾਂ ਤੋਂ ਜਾਣੂ ਏ ।

ਚੰਦੀ — ਹਲਾ, ਤੂੰ ਇਹ ਸਭ ਕੁਝ ਰਖ ਦੇ ਤੇ ਚਾਹ ਪੀ ।

ਭੇਰੂ — ਮੈਂ ਕੁਝ ਆਂਡੇ ਲਿਆਂਦੇ ਨੇ ।

ਚੰਦੀ — ਕਿੰਨੇ ?

ਭੇਰੂ — ਚਾਰ ।

[ਭੇਰੂ ਬੈਠ ਜਾਂਦਾ ਹੈ । ਚੰਦੀ ਉਸਨੂੰ ਰੋਟੀ ਦੇਂਦੀ ਹੈ ।

ਚੰਦੀ — ਅੱਗ ਬੁਝ ਚੱਲੀ ਏ । ਮੈਂ ਬਾਲਦੀ ਆਂ ।

ਭੇਰੂ — ਤੂੰ ਅਜ ਬਿਜਲੀ ਦੀ ਕੜਕ ਸੁਣੀ ਸੀ ? ਲਹਿੰਦੇ ਵਲੋਂ ?

ਚੰਦੀ — ਨਹੀਂ ਤਾਂ ।

ਭੇਰੂ — ਇਉਂ ਲਗਦਾ ਸੀ ਜਿਵੇਂ ਪਰਬਤ ਦਾ ਦਿਉਤਾ ਜ਼ੋਰ ਜ਼ੋਰ ਦੀ ਹੱਸਦਾ ਹੋਵੇ ।

ਚੰਦੀ — ਨਹੀਂ, ਪਤਾ ਨਹੀਂ । ਮੈਂ ਅੱਗ ਸੇਕਦਿਆਂ ਸੇਕਦਿਆਂ ਸੌਂ ਗਈ ਹੋਵਾਂਗੀ, ਜਾਂ ਖ਼ੌਰੇ ਕੋਈ ਸੁਫ਼ਨਾ ਤੱਕ ਰਹੀ ਹੋਵਾਂ ।

ਭੇਰੂ — ਆਥਣ ਦੇ ਸੁਫਨੇ ਚੰਗੇ ਨਹੀਂ ਹੁੰਦੇ ।

ਚੰਦੀ — ਕਦੇ ਕਦੇ ਮੈਂ ਸੋਚਦੀ ਹਾਂ ਭੇਰੂ —

ਭੇਰੂ — ਇਹ ਦਾਲ ਚੁਗ ਕੇ ਨਹੀਂ ਸੀ ਚਾੜ੍ਹੀ ? ਰੋੜ ਈ ਰੋੜ ਪਏ ਨੇ ਇਸ ਵਿਚ ?

ਚੰਦੀ — ਕਦੇ ਕਦੇ ਮੈਂ ਸੋਚਦੀ ਹਾਂ ਭੇਰੂ, ਜੇ ਕਿਤੇ ਮੈਂ ਸ਼ਹਿਰ ਜਾ ਸਕਦੀ ......

ਭੇਰੂ — ਸ਼ਹਿਰ ? ਤੂੰ ਤਾਂ ਝੱਲੀ ਏਂ ।

ਚੰਦੀ — ਹਾਂ, ਮੈਂ ਇਹ ਮੋਟੇ ਟੁੱਕਰ ਚੱਬਦੀ ਚੱਬਦੀ ਅੱਕ ਗਈ ਆਂ।

ਭੇਰੂ — ਭੋਲੀਏ, ਸ਼ਹਿਰ ਦੇ ਪਾਣੀਆਂ ਵਿਚ ਐਡੀ ਤਰੇਹ ਹੈ ਕਿ ਤੂੰ ਤੜਫ਼ ਤੜਫ਼ ਕੇ ਮਰ ਜਾਏਂਗੀ।

ਚੰਦੀ — ਹਾਂ, ਮੈਂ ਤੜਫ਼ਣਾ ਚਾਹੁੰਦੀ ਆਂ। ਤੜਫ਼ਣ ਵਿਚ ਸਾਹ ਏ, ਜਾਨ ਏ।

ਭੇਰ — ਨਾਲੇ ਮੌਤ।

ਚੰਦੀ — ਹਾਂ, ਮੌਤ ਵੀ ਜ਼ਰੂਰੀ ਏ। ਏਥੇ ਨਾ ਜ਼ਿੰਦਗੀ ਏ ਨਾ ਮੌਤ।

ਭੇਰੂ — ਤੂੰ ਇਨ੍ਹਾਂ ਸੁਹਣੀਆਂ ਚੱਟਾਨਾਂ ਨੂੰ ਛੱਡ ਕੇ ਕਿਵੇਂ ਜਾਏਂਗੀ ?

ਚੰਦੀ — ਇਨਾਂ ਦੀਆਂ ਨੋਕਾਂ ਮੈਨੂੰ ਚੁਭਦੀਆਂ ਹਨ।

ਭੇਰੂ — ਤੇ ਇਹ ਚਿੱਟੀ ਚਿੱਟੀ ਬਰਫ਼ ?

ਚੰਦੀ — ਸੱਖਣੀਆਂ ਅੱਖਾਂ ਵਾਂਗ, ਜਿਨ੍ਹਾਂ ਦੀ ਤੱਕਣੀ ਵਕਤ ਦੇ ਖ਼ਲਾ ਵਿਚ ਝਾਕਦੇ ਝਾਕਦੇ ਮਿਟ ਚੁੱਕੀ ਹੋਵੇ।

ਭੇਰੂ — ਤੂੰ ਤਾਂ ਪਾਗਲ ਏਂ।

ਚੰਦੀ — ਇਸ ਵਾਦੀ ਨੇ ਮੈਨੂੰ ਇਕ ਸਫ਼ੈਦ ਜਾਲ ਵਾਂਗ ਨੂੜ ਰੱਖਿਆ ਐ।

ਭੇਰੂ — ਪਰਬਤ ਨੂੰ ਏਸ ਤਰ੍ਹਾਂ ਆਖਦੀ ਏਂ ?

ਚੰਦੀ — ਹਾਂ !

ਭੇਰੂ — ਤੂੰ ਇਨ੍ਹਾਂ ਪਰਬਤਾਂ ਦੀ ਬਰਫ਼ ਪੀਤੀ ਏ। ਮੇਰੇ ਕੋਲ ਰਹਿ, ਮੈਂ ਤੈਨੂੰ ਤਾਰਿਆਂ ਦੀ ਲੋਅ ਹੇਠ ਬੰਸਰੀ ਸੁਣਾਇਆ ਕਰਾਂਗਾ।

ਚੰਦੀ — ਤਾਰਿਆਂ ਦੀ ਠੰਢ ਤੇ ਬਰਫ਼ ਦੀ ਸੀਤ ਛੋਹ ਨਾਲ ਮੇਰੇ ਸੁਫ਼ਨੇ ਕੁੰਗੜੇ ਪਏ ਨੇ। ਏਸ ਪਰਬਤ ਤੋਂ ਪਾਰ ਸ਼ਹਿਰ ਹੈ ਜਿੱਥੋਂ ਦਾ ਨੀਲਾ ਅੰਬਰ ਧਰਤੀ ਉਤੇ ਉਲਰਿਆ ਪਿਆ ਏ। ਜੇ ਮੈਂ ਕਿਤੇ ਜਾ ਸਕਦੀ। ਮੈਂ ਵਕਤ ਦੀ ਇਸ ਦਲਦਲ ਵਿਚ ਫਸੀ ਹੋਈ ਹੰਭ ਗਈ ਆਂ। ਇਥੇ ਪਲ ਤੇ ਘੜੀਆਂ ਸਮੇਂ ਦੀ

ਸਫ਼ੈਦ ਘੁੰਮਣ-ਘੇਰੀਆਂ ਵਿਚ ਦਮ ਤੋੜ ਰਹੀਆਂ ਹਨ ।

ਭੇਰੂ — ਤੂੰ ਮੈਨੂੰ ਛਡ ਜਾਏਂਗੀ ?

ਚੰਦੀ — ਹਾਂ ।

ਭੇਰੂ — ਮੈਂ ਤੈਨੂੰ ਪਿਆਰ ਕਰਦਾ ਹਾਂ, ਚੰਦੀ ।

ਚੰਦੀ — ਪਰਬਤ ਵਾਂਗ ਜਿਹੜਾ ਹਰ ਵੇਲੇ ਨਦੀ ਨੂੰ ਆਪਣੀ ਹਿਕ ਨਾਲ ਲਾਈ ਰਖਦਾ ਏ — ਤੇਰਾ ਪਿਆਰ ਡਾਢਾ ਏ ।

ਭੇਰੂ — ਮੈਂ ਤੈਨੂੰ ਪਿਆਰ ਕਰਦਾ ਹਾਂ ।

ਚੰਦੀ — ਹਵਾ ਵਾਂਗ ਜਿਹੜੀ ਦੀਵੇ ਦੀ ਲਾਟ ਨੂੰ ਬੋਚਣਾ ਚਾਹੁੰਦੀ ਏ ।

ਭੇਰੂ — ਮੈਂ ਤੈਨੂੰ ਪਿਆਰ ਕਰਦਾ ਹਾਂ।

ਚੰਦੀ — ਤੇਰਾ ਪਿਆਰ ਮੌਤ ਦਾ ਸੁਨੇਹਾ ਏ ।

ਭੇਰੂ — ਤੂੰ ਮੈਥੋਂ ਅੱਕ ਗਈ ਏਂ ?

ਚੰਦੀ — ਤੈਥੋਂ ਨਹੀਂ ਆਪਣੇ ਆਪ ਤੋਂ ।

ਭੇਰੂ — ਤੇਰਾ ਸਾਹ ਐਡਾ ਤੇਜ਼ ਕਿਉਂ ਵਗਦਾ ਏ ? ਕੀ ਤੂੰ ਬਹੁਤ ਸੋਚਦੀ ਰਹੀ ਏਂ ?

ਚੰਦੀ — ਮੈਨੂੰ ਛਡ ਦੇ ।

ਭੇਰੂ — ਤੈਨੂੰ ਤਾਪ ਚੜ੍ਹਿਆ ਹੋਇਆ ਏ ।

ਚੰਦੀ — ਹਾਂ ।

ਭੇਰੂ — ਬੂਹਾ ਭੀੜ ਦੇਵਾਂ ? ਹਵਾ ਤਿੱਖੀ ਵਗਣ ਲੱਗ ਪਈ ਏ । ਸੁਣਦੀ ਏਂ ? ਹਵਾ ਕਿਵੇਂ ਬਰਫ਼ ਦੇ ਰਦਿਆਂ ਨੂੰ ਘਸੀਟੀ ਫਿਰਦੀ ਏ ।

ਚੰਦੀ — ਪਰ ਬਾਪੂ......? ਚਾਹ ਪੀ ਤੇ ਛੇਤੀ ਜਾ ਕੇ ਬਾਪੂ ਦਾ ਪਤਾ ਕਰ । ਉਹ ਜ਼ਰੂਰ ਰਾਹ ਵਿਚ ਕਿਤੇ ਗੁਆਚ ਗਿਆ ਹੋਵੇਗਾ ।

ਭੇਰੂ — ਚੰਦੀ, ਤੂੰ ਕਦੇ ਕਦੇ ਇਹੋ ਜਿਹੀਆਂ ਗੱਲਾਂ ਕਰਨ ਲੱਗ ਪੈਂਦੀ ਏਂ ? ਮੈਨੂੰ ਹੌਲ ਉਠ ਖਲੋਂਦਾ ਏ । ਸੱਚੀਂ......ਤੂੰ ਇਸ ਤਰ੍ਹਾਂ ਗੱਲਾਂ

ਕਰ ਰਹੀ ਸੈਂ ਜਿਵੇਂ ਹੁਣੇ ਈ ਸ਼ਹਿਰ ਨੂੰ ਤੁਰ ਜਾਣਾ ਹੋਵ।

ਚੰਦੀ — ਮੈਂ ਨਹੀਂ ਜਾਵਾਂਗੀ। ਮੈਂ ਵੀ ਕਿੰਨੀ ਝੱਲੀ ਆਂ, ਐਵੇਂ ਈ ... ਪਤਾ ਨਹੀਂ ਕਿਉਂ ਕਦੇ ਕਦੇ ਜਾਣ ਦੀ ਮੱਥ ਬੈਠਦੀ ਹਾਂ। ਹੱਛਾ......ਜਾ ਹੁਣ।

[ਭੇਰੂ ਜਾਂਦਾ ਹੈ। ਚੰਦੀ ਥੋੜਾ ਚਿਰ ਉਡੀਕਦੀ ਹੈ, ਤੇ ਨੌਜੁਆਨ ਨੂੰ ਬੁਲਾਉਂਦੀ ਹੈ।

ਨੌਜੁਆਨ — ਉਹ ਚਲਾ ਗਿਆ। ਅਸੀਂ ਵੀ ਚੱਲਾਂਗੇ ਹੁਣੇ।

ਚੰਦੀ — ਮੈਂ ਸਾਰੇ ਰਾਹ ਜਾਣਦੀ ਹਾਂ। ਚੱਲ।

ਨੌਜੁਆਨ — ਮੈਂ ਕੋਟ ਪਾ ਲਵਾਂ, ਤੇ ਤੂੰ..... ਤੂੰ ਵੀ ਇਹ ਪਟਕਾ ਆਪਣੇ ਮੂੰਹ ਦੁਆਲੇ ਵਲ੍ਹੇਟ ਲੈ। (ਉਹਦੇ ਮੂੰਹ ਤੇ ਵਲ੍ਹੇਟ ਕੇ) ਆਹ, ਕਿੰਨੀ ਸੁਹਣੀ ਲੱਗਦੀ ਐਂ ਤੂੰ!

ਚੰਦੀ — ਅਸੀਂ ਏਸ ਪਰਬਤ ਦੇ ਪਾਰ ਜਾ ਕੇ.......

ਨੌਜੁਆਨ — ਮੈਂ ਸੋਚਦਾ ਸਾਂ ਕਿ ਲਾਰਜੀ ਦੀ ਟੀਸੀ ਨੂੰ ਕੋਈ ਵੀ ਨਾ ਅਪੜ ਸਕੇਗਾ, ਪਰ ਚੰਦੀ—

ਚੰਦੀ — ਕਿਉਂ?

ਨੌਜੁਆਨ — ਤੂੰ ਝੂਠ ਆਖਦੀ ਸੈਂ। ਤਹਾਡੇ ਦਿਉਤੇ ਝੂਠ ਆਖਦੇ ਸਨ। ਲਾਰਜੀ ਦੀ ਟੀਸੀ, ਬਰਫ਼ਾਂ ਨਾਲ ਕੱਜੀ ਹੋਈ ਟੀਸੀ......

ਚੰਦੀ — ਮੈਂ ਬਰਫ਼ ਦੇ ਦਿਉਤੇ ਤੋਂ ਡਰਦੀ ਆਂ।

ਨੌਜੁਆਨ — ਤੂੰ ਤਾਂ ਐਵੇਂ ਡਰਦੀ ਏਂ। ਚਲ ਚਲੀਏ।

[ਬੂਹਾ ਭੀੜ ਕੇ ਦੋਵੇਂ ਚਲੇ ਜਾਂਦੇ ਹਨ। ਕੁਝ ਚਿਰ ਮੰਚ ਖ਼ਾਮੋਸ਼ੀ ਰਹਿੰਦਾ ਹੈ। ਬਾਹਰ ਤੂਫ਼ਾਨ ਦੀ ਹੂ...ਹੂ ਤੇਜ਼ ਹੋ ਜਾਂਦੀ ਹੈ। ਬੁੱਢਾ ਮਨਸੂ ਅੰਦਰ ਆਉਂਦਾ ਹੈ। ਉਸ ਨੇ ਹੱਥ ਵਿਚ ਚੰਮ ਦਾ ਕੁੱਪਾ ਫੜਿਆ,

ਹੋਇਆ ਹੈ ਜਿਹੜਾ ਦੁਧ ਨਾਲ ਛਲਕ ਰਿਹਾ ਹੈ ।

ਮਨਸੂ — (ਕੁੱਪਾ ਫ਼ਰਸ਼ ਉਤੇ ਟਕਾ ਕੇ) ਉਫ਼—ਫ਼—ਫ਼, ਚੰਦੀ ! ਕੋਠਾ ਨਿੱਘਾ ਏ । (ਉਫ਼—ਫ਼—ਫ਼—ਚੰਦੀ ! ਵਿਚਾਰੀ ਉਡੀਕਦੀ ਉਡੀਕਦੀ ਸੌਂ ਗਈ ਹੋਵੇਗੀ । ਕਿੰਨੀ ਠਾਰੀ ਏ ! ਕੁੱਲੀ ਦੀਆਂ ਝੀਤਾਂ ਵਿਚੋਂ ਠੰਢ ਝਰ ਝਰ ਅੰਦਰ ਆਉਂਦੀ ਏ । ਅੱਜ ਤਾਂ ਮੈਂ ਤਿਰਕ ਈ ਪਿਆ ਸਾਂ — ਤੇ ਖੂੰਡੀ ਵੀ ਘਰ ਈ ਭੁਲ ਗਿਆ ਸਾਂ । ਉਫ਼......ਫ਼......ਫ਼ । ਹੋ ਹੋ—ਹੋ ਭੇਰੂ ! (ਦੋ ਮੂੜ੍ਹਿਆਂ ਨੂੰ ਕੋਲ ਕੋਲ ਦੇਖ ਕੇ) ਦੋਵੇਂ ਬੈਠੇ ਗੱਪਾਂ ਮਾਰਦੇ ਹੋਣਗੇ । ਖ਼ੌਰੇ —ਦੋਵੇਂ ਅੰਦਰ ਹੋਣ ।

[ਅੰਦਰ ਜਾਂਦਾ ਹੈ ਤੇ ਮੁੜਦਾ ਹੈ ।

ਏਥੇ ਤਾਂ ਕੋਈ ਵੀ ਨਹੀਂ । ਚੰਦੀ ! ਕਿਧਰ ਗਈ ? ਏਸ ਪਾਲੇ ਵਿਚ ਰਤਾ ਨਹੀਂ ਡਰਦੀ । ਉਪਰੋਂ ਏਡਾ ਪੋਹ ਉਤਰਿਆ ਏ ਤੇ ਅੰਤਾਂ ਦੀ ਬਰਫ਼ । ਤੇ ਦਿਉਤਾ ਕ੍ਰੋਧ ਵਿਚ ! ਤੇ ਉਹ ਖ਼ੌਰੇ ਕਿੱਥੇ ਚਲੀ ਗਈ । ਕੁਝ ਵੀ ਤੇ ਉਘ ਸੁਘ ਨਹੀਂ । ਖ਼ੌਰੇ ਸਾਨੂੰ ਈ ਟੋਲਣ ਗਈ ਹੋਵੇ । ਕੇਡਾ ਭਿਆਨਕ ਪੋਹ ਏ ! ਲਾਰਜੀ ਦੀ ਟੀਸੀ ਉਤੇ......

[ਬੂਹਾ ਲਾਹ ਕੇ ਭੇਰੂ ਅੰਦਰ ਵੜਦਾ ਹੈ ।

ਭੇਰੂ — (ਬੂਹਾ ਜੜਦੇ ਹੋਏ) ਕਿਤੇ ਨਹੀਂ ਮਿਲਿਆ । ਇਤਨੀ ਦੂਰ ਗਿਆ ਮੈਂ । ਉੱਚੀ ਚੱਟਾਨ ਤੀਕ ਦੇਖ ਆਇਆ ਹਾਂ, ਪਰ ਚਾਚਾ ਕਿਤੇ ਨਾ ਮਿਲਿਆ । (ਬੰਦ ਬੂਹੇ ਨਾਲ ਢੋਹ ਲਾ ਕੇ) ਤੇ ਚੰਦੀ ਤੂੰ ਸੋਚਦੀ ਹੋਵੇਂਗੀ ਕਿ ਭੇਰੂ ਕਿਤੇ ਦੂਰ ਤੀਕਰ ਨਹੀਂ ਗਿਆ । ਮੈਂ ਤਾਂ......ਪਰ......

ਮਨਸੂ — ਭੇਰੂ !

ਭੇਰੂ — ਹਾਂ ਚਾਚਾ। ਰਾਹ ਵਿਚ ਤਾਂ ਤੂੰ ਕਿਤੇ ਨਾ ਮਿਲਿਆ। ਚੰਦੀ ਬੜਾ ਫ਼ਿਕਰ ਕਰਦੀ ਸੀ। ਉਹ ਵਿਚਾਰੀ ਆਥਣ ਦੀ ਈ ਉਤਾਵਲੀ ਸੀ। ਜਦੋਂ ਮੈਂ ਆਇਆ ਤਾਂ ਤੈਨੂੰ ਵਾਰ ਵਾਰ ਪੁਛਦੀ ਸੀ। ਕਿਹੜੇ ਰਸਤੇ ਆਇਆ ਏਂ ਤੂੰ ?

ਮਨਸੂ — ਉਸੇ ਰਸਤੇ ਜਿਥੋਂ ਦੀ ਰੋਜ਼ ਆਉਂਦਾ ਹਾਂ !

ਭੇਰੂ — ਠੀਕ ਠੀਕ। ਬਰਫ਼ ਐਨੀ ਗਹਿਰੀ ਸੀ ਤੇ ਧੂੰ ਇਤਨਾ ਗਾੜ੍ਹਾ ਸੀ ਕਿ ਦੋ ਹੱਥਾਂ ਦੀ ਵਿੱਥ ਉਤੇ ਵੀ ਕੁਝ ਨਹੀਂ ਸੀ ਦਿਸਦਾ।

ਮਨਸੂ — ਤੂੰ ਕਰਨ ਕੀ ਗਿਆ ਸੈਂ ? ਮੈਂ ਇਨ੍ਹਾਂ ਰਸਤਿਆਂ ਨੂੰ ਭੁੱਲਿਆ ਆਂ ਕਿਤੇ ? ਚੰਦੀ ਕਿੱਥੇ ਐ ?

ਭੇਰੂ — ਇਥੇ ਈ ਉਹ ਤੇਰੇ ਲਈ ਚਾਹ ਉਬਾਲਦੀ ਸੀ।

ਮਨਸੂ — ਇਥੇ ਤਾਂ ਕਿਤੇ ਨਹੀਂ।

ਭੇਰੂ — ਹੈਂ ? ਮੈਂ ਉਸ ਨੂੰ ਇਥੇ ਛੱਡ ਕੇ ਗਿਆ ਸਾਂ।

ਮਨਸੂ — ਇਥੇ ਕਿੱਥੇ ?

ਭੇਰੂ — ਇਥੇ, ਅੰਗੀਠੀ ਕੋਲ।

ਮਨਸੂ — ਗਈ ਕਿਧਰ ਉਹ ?

ਭੇਰੂ — ਅੱਜ ਉਹ......ਉਹ ਬੜੀ ਬੇਚੈਨ ਸੀ।

ਮਨਸੂ — ਕਿਉਂ ?

ਭੇਰੂ — ਵਾਰ ਵਾਰ ਆਖਦੀ ਸੀ ਉਸਦਾ ਮਨ ਪਰਬਤੋਂ ਪਾਰ, ਬਰਫ਼ੋਂ ਦੂਰ ਕਿਸੇ ਸ਼ਹਿਰ ਜਾਣ ਲਈ ਲੋਚਦਾ ਐ।

ਮਨਸੂ — ਕੋਈ ਅਕਲ ਦੀ ਗੱਲ ਕਰ ! ਤੂੰ ਉਸ ਨੂੰ ਏਥੇ ਹੀ ਛੱਡ ਕੇ ਗਿਆ ਸੈਂ ?

ਭੇਰੂ — ਹਾਂ। (ਅੰਗੀਠੀ ਕੋਲ ਪਏ ਸਿਗਰਟ ਦੇ ਟੋਟੇ ਤੱਕ ਕੇ) ਚਾਚਾ !

ਮਨਸੂ — ਕਿਉਂ ?

ਭੇਰੂ — ਸ਼ਹਿਰੀ ! ਉਹੀ ਸ਼ਹਿਰੀ ਆਇਆ ਸੀ ਜਿਸਨੂੰ ਉਹ ਉਡੀਕਦੀ ਸੀ।



www.PunjabiLibrary.com

ਮਨਸੂ — ਕੌਣ ?

ਭੇਰੂ — ਆਹ ਦੇਖ ਸਿਰਗਟਾਂ ਦੇ ਟੋਟੇ। ਉਹ ਚਲੀ ਗਈ !

ਮਨਸੂ — ਕਿੱਥੇ ? ਏਸ ਪਾਲੇ ਵਿਚ ? ਤੇ ਪਰਬਤ ਦੇ ਦਿਉਤੇ ਦੇ ਹਿਰਖ ਨੂੰ ਭੁਲ ਕੇ !

ਭੇਰੂ — ਹਾਂ।

ਮਨਸੂ — ਬਰਫ਼ ਦੇ ਦਿਉਤੇ ਨੂੰ ਠੁਕਰਾ ਕੇ ? ਪਹਾੜ ਦੀ ਏਸ ਵਾਦੀ ਨੂੰ ਛੱਡ ਕੇ ? — ਮੈਨੂੰ ਕੁਝ ਨਹੀਂ ਸੁਝਦਾ ... ... ਏਸ ਵੇਲੇ ਕੁਝ ਨਹੀਂ ਅਹੁੜਦਾ। ਇਹ ਚਾਹ ਉਬਲੀ ਪਈ ਹੈ; ਇਹ ਮੇਰੀ ਗੋਦੜੀ ਸਿਊਂਤੀ ਰੱਖੀ ਹੈ; ਇਹ ਖਰਲ ਵਿਚ ਦਵਾਈ ਪੀਸੀ ਪਈ ਹੈ। ਮੈਨੂੰ ਭਾਸਦਾ ਏ......ਕਿ ਉਹ ਚਲੀ ਗਈ।

ਭੇਰੂ — ਬਾਹਰ ਤੂਫ਼ਾਨ ਤਿੱਖੇਰਾ ਹੋ ਗਿਆ ਏ ਚਾਚਾ। ਭਿਆਨਕ ਬੁਲਿਆਂ ਨਾਲ ਸਾਰੇ ਪਹਾੜ ਕੰਬ ਰਹੇ ਹਨ ਤੇ ਬਰਫ਼ ਦੇ ਟਿੱਬੇ ਉਥਲ ਪੁਥਲ ਹੋ ਰਹੇ ਨੇ।

[ਉੱਚੀ ਗੜ੍ਹਕ।

ਆਹ — ਬਰਫ਼ ਦਾ ਗੋਲਾ ਜਿਸ ਵਿਚ ਲਾਰਜੀ ਦੇ ਦਿਉਤੇ ਦਾ ਕ੍ਰੋਧ ਐ !

ਮਨਸੂ — ਉਹ ਨਹੀਂ ਜਾ ਸਕਦੀ। ਨਹੀਂ ! ਨਹੀਂ !! ਕਿਵੇਂ ਜਾ ਸਕਦੀ ਐ ਉਹ ?

[ਧਮਾਕੇ ਦੀ ਆਵਾਜ਼।

ਦੋਨੋਂ — (ਤ੍ਰਭਕ ਕੇ) ਲਾਰਜੀ ਦਿਉਤਾ !

ਭੇਰੂ — ਚਾਚਾ !

ਮਨਸੂ — ਹਾਂ।

ਭੇਰੂ — ਅਵਾਜ਼ ਬੰਦ ਹੋ ਗਈ ਏ। ਬੂਹਾ ਖੋਲ੍ਹਾਂ ?

ਮਨਸੂ — ਹਾਂ।

[ਉਹ ਬੂਹਾ ਖੋਲ੍ਹਦਾ ਹੈ ।

ਭੇਰੂ — (ਬਾਹਰ ਝਾਕ ਕੇ) ਤੂਫ਼ਾਨ ਠਲ੍ਹ ਗਿਆ ਏ । ਬਸ ਬਰਫ਼ ਦੀ ਨਿਕੀ ਨਿਕੀ ਖਖ ਉਡਦੀ ਏ । ਤੂੰ ਠੀਕ ਆਖਦਾ ਸੈਂ ਚਾਚਾ । ਬਿਜਲੀ ਦੇ ਏਸ ਧਮਾਕੇ ਵਿਚ ਉਹ, ਤੇ ਸ਼ਹਿਰੀ ਡਿਗ ਪਏ ਹੋਣਗੇ ।

ਮਨਸੂ — (ਸੋਚਾਂ ਵਿਚ ਡੁੱਬਿਆ ਹੋਇਆ) ਹੂੰ !

ਭੇਰੂ — ਤੂੰ ਬੈਠ ਚਾਚਾ, ਮੈਂ ਉਨ੍ਹਾਂ ਨੂੰ ਟੋਲਣ ਚਲਿਆ ਹਾਂ ।

ਮਨਸ — ਨਹੀਂ, ਏਸ ਦੀ ਲੋੜ ਨਹੀਂ । ਮੈਨੂੰ ਪਤਾ ਏ, ਇਹ ਅਨਹੋਣਾ ਲੋੜ੍ਹਾ ਸੀ । ਹੁਣ ਉਸ ਨੇ ਨਹੀਂ ਆਉਣਾ । ਦੇਖ, ਬਾਹਰ ਤੂਫ਼ਾਨ ਥਮ ਗਿਆ ਏ, ਤੇ ਬਰਫ਼ ਉਡਣੀ ਬੰਦ ਹੋ ਗਈ ਏ । ਨਿਕਾ ਜਿਹਾ ਚੰਨ ਨਿਕਲ ਆਇਆ ਏ । ਦੇਖ, ਬਰਫ਼ ਕਿੰਨੀ ਚਿੱਟੀ ਹੋ ਗਈ ਏ । ਇਸ ਦੀ ਲਿਸ਼ਕ ਨਾਲ ਮੇਰੀਆਂ ਬੁੱਢੀਆਂ ਅੱਖਾਂ ਮਿਚੀਆਂ ਜਾਂਦੀਆਂ ਨੇ ।

[ਦਰਵਾਜ਼ੇ ਵਿਚੋਂ ਦੋਧਾ ਚਾਨਣ ਅੰਦਰ ਆਉਂਦਾ ਹੈ ।

ਮਨਸੂ — ਭੇਰੂ !

ਭੇਰੂ — ਹਾਂ ਚਾਚਾ ।

ਮਨਸੂ — ਜਾ ਅੰਦਰ ਜਾ ਕੇ ਭੇਡ ਨੂੰ ਬੂਟੀ ਪਲਾ । ਉਸ ਹੁਣ ਮੁੜ ਨਹੀਂ ਆਉਣਾ ।

[ਭੇਰੂ ਅੰਦਰ ਜਾਂਦਾ ਹੈ । ਮਨਸੂ ਅੰਗੀਠੀ ਕੋਲ ਬੈਠ ਜਾਂਦਾ ਹੈ ਤੇ ਅੱਖਾਂ ਮੀਟ ਕੇ ਹੱਥ ਸੇਕਦਾ ਹੈ ।

ਪਰਦਾ

# ਬੇਬੇ

www.PunjabiLibrary.com

# ਪਾਤਰ

ਪੁੰਨੀ — ਉਸ ਦੀ ਧੀ
ਜੰਗੀਰ — ਉਸ ਦਾ ਪੁੱਤ
ਬਲਦੇਵ — ਉਸ ਦੇ ਦੂਜੇ ਪੁੱਤ ਅਜਮੇਰ ਦਾ ਦਸਤ

## ਥਾਂ

ਮਾਲਵੇ ਵਿਚ ਇਕ ਪਿੰਡ

# ਬੇਬੇ

ਰਸੋਈ ਵਿਚ ਬੈਠੀ ਬੇਬੇ ਰੋਟੀਆਂ ਪਕਾ ਰਹੀ ਹੈ। ਉਸ ਦੇ ਕੋਲ ਗੜਵਾ, ਪਰਾਤ, ਚਿਮਟਾ ਤੇ ਘਿਓ 'ਦਾ ਕੁੱਜਾ ਪਿਆ ਹੈ। ਨੇੜੇ ਬੈਠੀ ਉਸ ਦੀ ਧੀ ਪੁੰਨੀ ਕਾੜ੍ਹਨੀ ਖ਼ੁਰਚ ਰਹੀ ਹੈ।

ਬੇਬੇ — (ਪੇੜਾ ਕਰਦੀ ਹੋਈ) ਲੈ ਮੇਰੀ ਧੀ, ਛੱਡ ਹੁਣ ਇਸ ਖੁਰਚਣ ਨੂੰ। ਰੋਟੀ ਖਾ ਲੈ।

ਪੁੰਨੀ — ਅੱਛਾ ਮਾਂ ਨੀ।

[ਉਹ ਟੋਕਰੇ ਵਿਚੋਂ ਥਾਲੀ ਕੱਢ ਕੇ ਬੇਬੇ ਕੋਲ ਆ ਬੈਠਦੀ ਹੈ।

ਬੇਬੇ — ਜੰਗੀਰ ਲਈ ਰੋਟੀ ਪਾ ਕੇ ਚੁਲ੍ਹੇ ਪਿਛੇ ਰਖ ਦੇ। ਉਹ ਤੱਤੀ

ਰੋਟੀ ਖਾਣ ਗਿਝਿਆ ਹੋਇਐ। ਪਰ ਕਦੇ ਕਿਹੜਾ ਆਉਂਦਾ ਏ ਵੇਲੇ ਸਿਰ। ਜਿਹਾ ਪਿਉ ਤਿਹਾ ਪੁੱਤ।

ਪੁੰਨੀ — ਬਾਪੂ ਜੌਂਆਂ ਵਿਚੋਂ ਪਿਆਜੀ ਮਾਰਦਾ ਹੋਓ। ਥਾਂ ਥਾਂ ਖੱਬਲ ਤੇ ਭਖੜਾ ਖੜਾ ਏ।

ਬਬੇ — ਹੋਰ ਕੀ ਉਗਣੈ ਜਿਥੇ ਉਹ ਹੋਵੇ। ਕੁਝ ਹੁੰਦਾ ਰਹੇ ਉਸ ਨੂੰ ਪਤਾ ਈ ਨਹੀਂ ਲਗਦਾ। ਨਾ ਖੇਤ ਦੀ ਸੁਰਤ ਐ ਨਾ ਪੁੱਤਾਂ ਦੀ। ਮੁੰਡਾ ਤੇ ਰੰਬਾ ਜਿੰਨਾ ਚੰਡੋ ਓਨਾ ਚੰਗਾ। ਮੈਂ ਇਸ ਚੰਦਰੇ ਪੁੱਤ ਦਾ ਕੀ ਕਰਾਂ – ਇਸ ਨਖਸਮੇ ਦਾ। ਪੱਟੀਆਂ ਜੜਾਂ ਵਾਲਾ।

ਪੁੰਨੀ — ਗਾਲ੍ਹਾਂ ਕਿਉਂ ਕਢਦੀ ਐਂ ?

ਬੇਬੇ — ਹੋਰ ਕੀ ਉਸ ਨੂੰ 'ਸੀਸਾਂ ਦੇਵਾਂ। ਜਿਥੇ ਜਾਂਦੈ ਛਪਰੀਆਂ ਪਾ ਕੇ ਬਹਿ ਰਹਿੰਦੈ। ਭਲਾ ਟੋਭੇ ਤੇ ਹੁਣ ਤੀਕ ਕੀ ਕਰਦੈ ? ਮਹੀਆਂ ਨੁਆਉਂਦੈ ? ਨੀ ਹੁਣ ਨੂੰ ਤਾਂ ਮਲ ਮਲ ਕੇ ਉਨ੍ਹਾਂ ਦੀ ਚਮੜੀ ਵੀ ਲਾਹ ਦਿਤੀ ਹੋਊ। ਮੈਂ ਜਾਣਨੀ ਆਂ ਉਸ ਨੂੰ। ਖੁੰਡਾਂ ਉਤੇ ਛਾਲਾਂ ਮਾਰਦਾ ਫਿਰਦਾ ਹੋਊ, ਡੱਡੂਆਂ ਪਿਛੇ।

ਪੁੰਨੀ — ਲੈ, ਆਉਂਦਾ ਈ ਹੋਊ ਹੁਣ। ਫੜਾ ਰੋਟੀ।

ਬੇਬੇ — ਜਣਦਿਆਂ ਦਾ ਸਿਰ ! ਭਾਵੇਂ ਈਦੂ ਲੁਹਾਰ ਕੋਲ ਹਲ ਦਾ ਫਾਲਾ ਚੰਡਾਉਣ ਜਾਵੇ ਭਾਵੇਂ ਭਾਗੋ ਦੀ ਭੱਠੀ ਦਾਣੇ ਭੁਨਾਉਣ। ਬਸ ਉਥੇ ਈ ਬਹਿ ਜਾਂਦੈ। ਇਨ੍ਹਾਂ ਸਾਰਿਆਂ ਪੁੱਤਾਂ ਨੇ ਮੈਨੂੰ ਤਪਾਇਐ। ਦੇਖ ਨੀ ! ਵੱਛਾ ਰੰਭਦੈ। ਧਾਰ ਕਢਣ ਦਾ ਵੇਲਾ ਹੋ ਗਿਆ। ਜਾ ਕੇ ਧਾਰ ਕੱਢਾਂ। ਵੇਲਾ ਟਪ ਜਾਏ ਤਾਂ ਫੇਰ ਨਹੀਂ ਮਿਲਦੀ। ਪਸ਼ੂ ਸਭ ਸਮਝਦੈ। ਪਰਸੋਂ ਰਤਾ ਚਿਰ ਹੋ ਗਿਆ ਤਾਂ ਲੇਵਾ ਚੜ੍ਹਾ ਗਈ। ਖ਼ਾਲੀ ਦੋਣਾ ਫੂਟਦਾ ਰਿਹਾ। ਹੂਹ !

[ਬੂਹੇ ਉੱਤੇ ਠੱਕ ਠੱਕ ।

ਪੁੰਨੀ — ਲੈ ਉਹ ਆ ਗਿਐ ।

ਬੇਬੇ — ਨੀ ਉਹ ਕਿਥੇ । ਉਹ ਤਾਂ ਹਫ਼ੂ ਹਫ਼ੂ ਕਰਦਾ ਆਉਂਦੈ । ਦੇਖ ਤਾਂ ਕੌਣ ਐ । ਖ਼ੌਰੇ ਮਿੱਤੂ ਤਖਾਣ ਦੀ ਨੂੰਹ ਅੱਗ ਲੈਣ ਆਈ ਐ ।

[ਪੁੰਨੀ ਬੂਹਾ ਖੋਲ੍ਹਦੀ ਹੈ । ਬਲਦੇਵ ਆਉਂਦਾ ਹੈ ।

ਬੇਬੇ — ਮਾਂ ਵਾਰੇ, ਵੇ ਪੁੱਤ ਕਦੋਂ ਆਇਐਂ ?

ਬਲਦੇਵ — ਰਾਤੀਂ ਆਇਆ ਸਾਂ ।

ਬੇਬੇ — ਦਿੱਲੀਓਂ ?

ਬਲਦੇਵ — ਹਾਂ ।

ਬੇਬੇ — ਕਿਤੇ ਪੱਕੀ ਨੌਕਰੀ ਦੀ ਪੱਟੀ ਬਝੀ ਕਿ ਨਾ ?

ਬਲਦੇਵ — ਹਾਂ ਤਾਈ ਹੁਣ ਤਾਂ ਬੈਂਕ ਵਿਚ ਪੱਕੀ ਨੌਕਰੀ ਤੇ ਆਂ ।

ਬੇਬੇ — ਹੱਛਾ ਹੱਛਾ, ਭਲੀ ਹੋਈ । ਦਸ ਸਾਲ ਹੋ ਗਏ ਸਨ ਕਤਾਬਾਂ ਨਾਲ ਮੱਥਾ ਮਾਰਦੇ ਨੂੰ, ਛੇਕੜ ਉਸ ਨੇ ਤੇਰੀ ਵੀ ਸੁਣ ਲਈ । ਰਹੇਂਗਾ ਕੁਝ ਦਿਨ ?

ਬਲਦੇਵ — ਬਸ ਦੋ ਕੁ ਦਿਨ । ਬੈਂਕ ਦੀ ਨੌਕਰੀ ਬੜੀ ਸਖ਼ਤ ਐ !

ਬੇਬੇ — ਕਦੋਂ ਜਾਏਂਗਾ ?

ਬਲਦੇਵ — ਪਰਸੋਂ ।

ਬੇਬੇ — ਐਡੀ ਛੇਤੀ ?

ਬਲਦੇਵ — ਹੋਰ ।

ਬੇਬੇ — ਤੇਰੀ ਵੀ ਇਕ ਟੰਗ ਏਥੇ ਤੇ ਦੂਜੀ ਦਿੱਲੀ । ਹੁਣ ਆਪਣੇ ਪਿੰਡ ਆਇਐਂ ਤਾਂ ਦੋ ਚਾਰ ਦਿਨ ਟਿੱਕ ਕੇ ਘਰ ਦੀ ਮਖਣੀ ਤੇ ਰੋਟੀ ਖਾ ਜਾ ? ਆਖੇਂ ਤਾਂ ਦੋ ਕਰਾਰੀਆਂ ਕਰਾਰੀਆਂ

ਮਿੱਸੀਆਂ ਲਾਹ ਦਿਆਂ, ਮਖਣੀ ਨਾਲ ਖਾ ਲਈਂ ।

ਬਲਦੇਵ — ਨਾ ਤਾਈ ਉਕੀ ਭੁੱਖ ਨਹੀਂ ।

ਬੇਬੇ — ਲਿਆ ਕੁੜੇ ਪੁੰਨੀਏ ਥਾਲੀ ਫੜਾ, ਏਸ ਨੂੰ ਇਕ ਗੁੱਲੀ ਲਾਹ ਦਿਆਂ ।

ਪੁੰਨੀ — ਖਾ ਲੈ ਵੀਰ, ਸੰਗਦਾ ਕਿਉਂ ਐਂ ? ਇਹ ਓਹੋ ਘਰ ਐ ਜਿਥੇ ਤੂੰ ਹਟਾਏ ਤੋਂ ਵੀ ਨਹੀਂ ਸੀ ਹਟਿਆ ਕਰਦਾ । ਕੀ ਹੋਇਆ ਜੇ ਤੂੰ ਹੁਣ ਦਿੱਲੀ ਜਾ ਵੜਿਐਂ ।

ਬਲਦੇਵ — ਨਹੀਂ, ਇਹ ਗੱਲ ਤਾਂ ਨਹੀਂ ।

ਪੁੰਨੀ — ਹਾਂ ਭਾਈ ਤੈਨੂੰ ਹੁਣ ਸਾਡੇ ਜੱਟਾਂ ਦੇ ਟੁੱਕਰ ਕਿਉਂ ਚੰਗੇ ਲਗਣ, ਤੂੰ ਦਿੱਲੀ ਦੇ ਪਕਵਾਨ ਖਾਣ ਜੁ ਗਿੱਝ ਗਿਐਂ ।

ਬਲਦੇਵ — ਦਿੱਲੀ ਦਾ ਤਾਂ ਬਸ ਨਾਂ ਈ ਨਾਂ ਐ । ਧੂੰਆਂ, ਗਰਦ — ਜਿੰਨੀ ਮਰਜ਼ੀ ਐ ਫੱਕ ਲਓ ।

ਪੁੰਨੀ — ਸਾਨੂੰ ਜੱਟਾਂ ਨੂੰ ਕੀ ਪਤਾ ।

ਬੇਬੇ — ਨੀ ਪਹਿਲਾਂ ਥਾਲੀ ਲਿਆ, ਫੇਰ ਗੱਲਾਂ ਮਾਰੀਂ ।

ਬਲਦੇਵ — ਅਜਮੇਰ ਦਾ ਕੀ ਹਾਲ ਐ ?

ਬੇਬੇ — ਵੇ ਪੁੱਤ, ਉਸ ਦਾ ਹਾਲ ਨਾ ਪੁੱਛ । ਉਹ ਤਾਂ ਤੇਰਾ ਮੁੱਢਲਾ ਜੁਟ ਐ, ਪਰ ਸਾਡੇ ਨਾਲ ਤਾਂ ਉਸ ਕੁਝ ਪਿਛਲੇ ਜਰਮ ਦੇ ਬਦਲੇ ਲਏ ਨੇ ।

ਬਲਦੇਵ — ਕਿਉਂ ਤਾਈ ?

ਬੇਬੇ — ਤੈਨੂੰ ਪਤਾ ਈ ਏ ਪੁੱਤ, ਵਡਾ ਕਰਤਾਰਾ ਤਾਂ ਪਹਿਲਾਂ ਤੋਂ ਈ ਅੱਡ ਸੀ । ਬਸ ਏਸ ਫੱਗਣ ਤੋਂ ਅਜਮੇਰ ਵੀ ਅੱਡ ਹੋ ਗਿਐ । ਮੈਂ ਆਖਦੀ ਆਂ ਜੇ ਉਸ ਅੱਡ ਹੋਣਾ ਸੀ, ਤਾਂ ਕੁਝ ਚਿਰ ਪਹਿਲਾਂ ਹੁੰਦਾ । ਹੁਣ ਸਾਨੂੰ ਦੋਹਾਂ ਮੁੱਢਾਂ ਨੂੰ ਛਡ ਕੇ......।

[ਰੋਂਦੀ ਹੈ ਤੇ ਪੱਲੇ ਨਾਲ ਅੱਖਾਂ ਪੂੰਝਦੀ ਹੈ ।

ਪੁਨੀ — ਮਾਂ ਨੀ ਛਡ, ਤੂੰ ਵੀ ਜ਼ਣੇ ਖਣੇ ਅਗੇ ਰੋਣਾ ਰੋਣ ਬਹਿ ਜਾਨੀ ਐਂ।

ਬੇਬੇ — ਨੀ ਇਹ ਕਿਹੜਾ ਜਣਾ ਖਣਾ ਏਂ। ਘਰ ਦੇ ਪੁੱਤਾਂ ਵਾਂਗ ਰਿਹਾ ਏ। ਛੁੱਟੀ ਆਉਂਦੈ ਤਾਂ ਸਾਰਾ ਦੁਖ ਸੁਖ ਵੰਡਾ ਕੇ ਜਾਂਦਾ ਏ।

ਬਲਦੇਵ — ਪਰ ਤਾਈ ਉਹ ਅੱਡ ਕਿਸ ਗੱਲ ਉੱਤੇ ਹੋਇਆ ?

ਬੇਬੇ — ਏਸੇ ਗੱਲ ਤੇ ਕਿ ਮੈਂ ਨਿਮਾਣੀ ਮਰ ਕਿਉਂ ਨਹੀਂ ਜਾਂਦੀ। ਹਾਇ ! ਮੈਂ ਇਹ ਸਾਰੇ ਪੁੱਤ ਢਿਡੋਂ ਕੱਢੇ ਹਨ। ਕੀ ਪਤਾ ਸੀ ਅਜੇਹੇ ਚੰਦਰੇ ਨਿਕਲਣਗੇ। ਮੈਂ ਆਖਦੀ ਆਂ ਵੈਰੀ ਦੇ ਘਰ ਵੀ ਅਜੇਹੇ ਪੁੱਤ ਨਾ ਜੰਮਣ। ਲੋਕਾਂ ਦੇ ਧੀ ਪੁੱਤ ਕੋਈ ਬੀਮਾਰੀ ਨਾਲ ਮਰੂ ਕੋਈ ਪਲੇਗ ਨਾਲ। ਪਰ ਮੇਰੇ ਲਈ ਤਾਂ ਇਹ ਜੀਊਂਦੇ ਈ ਮਰ ਗਏ। ਉਨ੍ਹਾਂ ਨੂੰ ਤਾਂ ਮੋਹ ਹੀ ਨਹੀਂ, ਪਰ ਮੇਰਾ ਤਾਂ ਕਾਲਜਾ ਮਚਦੈ। ਅਜਮੇਰ ਤਾਂ ਐਂ ਸਮਝਦੈ ਬਸ ਕੁੱਤੀ ਭੌਂਕਦੀ ਐ। ਉਸ ਦਿਨ ਉਹਦੀ ਬਹੂ ਹੱਥ ਚੱਕ ਚੱਕ ਕੇ ਆਖੇ, "ਜੇ ਤੇਰਾ ਈ ਪੁੱਤ ਐ ਤਾਂ ਰਖ ਲੈ ਆਪਣੇ ਕੋਲ !" ਮੈਂ ਛਾਤੀ ਤੇ ਹੱਥ ਮਾਰ ਕੇ ਆਖਿਆ, "ਢਿਡੋਂ ਤਾਂ ਮੈਂ ਹੀ ਕਢਿਆ ਸੀ ਨਾ। ਤੂੰ ਕਿੰਨਾ ਸਾਂਭ ਲੈ ਕੁਪੱਤੀਏ, ਪੁੱਤ ਤਾਂ ਮੇਰਾ ਈ ਰਹਿਣੈ !" ਕਿੰਨਾਂ ਲਾਡਾਂ ਨਾਲ ਮੈਂ ਉਸ ਨੂੰ ਪਾਲਿਆ ਅੱਧੀ ਅੱਧੀ ਰਾਤ ਮੋਢੇ ਨਾਲ ਲਾਈ ਫਿਰਦੀ। ਜੇ ਮੈਂਹ ਦਾ ਦੁੱਧ ਨਹੀਂ ਸੀ ਪਚਦਾ ਤਾਂ ਬਕਰੀ ਬੰਨ੍ਹੀ। ਜੰਡੀ ਵਾਲੇ ਸਾਧੂ ਤੋਂ ਧਾਗੇ ਤਵੀਤ ਕਰਾ ਕਰਾ ਮੈਂ ਹਾਰੀ। ਜੇ ਖੇਸ ਗਿੱਲਾ ਹੋ ਜਾਂਦਾ ਤਾਂ ਆਪ ਗਿਲੀ ਥਾਂ ਪੈਂਦੀ ਤੇ ਉਸ ਨੂੰ ਸੁੱਕੀ ਥਾਂ ਪਾਉਂਦੀ। ਇਹ ਕਦਰ ਪਾਈ ਉਸ ਮੇਰੀ। ਪੁੱਤ, ਅਜਮੇਰ ਤੇਰਾ ਹਾਣੀ ਏਂ ਕੁਝ ਉਸ ਨੂੰ ਮਤ ਦਿਹ। ਪਤਾ ਨਹੀਂ ਬਿਗਾਨੀਆਂ ਧੀਆਂ ਕੀ ਘੋਲ ਕੇ ਸਿਰ ਵਿਚ ਪਾ ਦੇਂਦੀਆਂ ਨੇ

ਕਿ ਪੁੱਤ ਮਾਂ ਕੋਲ ਤਿੰਨ ਦਿਨ ਵੀ ਨਹੀਂ ਕਟਦਾ ।

ਪੁੰਨੀ — ਚਲ ਛੱਡ ਮਾਂ, ਤੂੰ ਵੀ ਗਿੱਲਾ ਪੀਹਣ ਪਾ ਬਹਿਨੀ ਐਂ । ਕੀ ਹੋਇਆ, ਸੁਖ ਨਾਲ ਸਾਰੇ ਜੀਊਂਦੇ ਰਹਿਣ ।

ਬੇਬੇ — ਹਾਂ ਧੀਏ, ਹੋਰ ਕੀ ! ਪਰ ਮੈਨੂੰ ਤਾਂ ਏਸ ਗੱਲ ਦਾ ਚਰਜ ਐ ਕਿ ਪਰਸੋਂ ਬੀਰੂ —— ਇਹੋ ਜੁਲਾਹਿਆਂ ਦਾ ਮੁੰਡਾ ਜਿਨ੍ਹਾਂ ਸਾਰੀ ਉਮਰ ਕਦੇ ਅੱਖ ਨਹੀਂ ਸੀ ਚੱਕੀ — ਤੇਰੇ ਤਾਏ ਨੂੰ ਸੋਟੀ ਚੱਕ ਚੱਕ ਆਇਆ । ਪਰ ਏਸ ਬੇਸ਼ਰਮ ਪੁੱਤ ਦੀ ਅੱਖ ਦਾ ਪਾਣੀ ਮਰ ਚੁਕਾ ਏ । ਮਜਾਲ ਐ ਆਪਣੀ ਥਾਂ ਤੋਂ ਕੁਸਕਿਆ ਹੋਵੇ । ਇਨ੍ਹਾਂ ਦੋਹਾਂ ਵਡਿਆਂ ਨੇ ਤਾਂ ਮੈਨੂੰ ਜੀਊਂਦੀ ਨੂੰ ਮਰੀ ਸਮਝ ਰਖਿਐ । ਹੱਛਾ, ਨਿੱਕਾ ਜੰਗੀਰ ਜੀਊਂਦਾ ਰਹੇ ! ਸੁਖ ਨਾਲ ਸੋਲਾਂ ਵਰ੍ਹਿਆਂ ਦਾ ਐ । ਬੜਾ ਸਾਊ ਪੁੱਤ ਐ । ਲੈ ਦੇ ਕੇ ਸਾਡੇ ਬੁੱਢੇ ਵਾਰੇ ਦੀ ਡੰਗੋਰੀ । ਜੀਊਂਦਾ ਰਹੇ ! ਰੱਬ ਉਸ ਨੂੰ ਮੇਰੀ ਉਮਰ ਲਾ ਦੇਵੇ !

ਬਲਦੇਵ — ਕਿਥੇ ਐ ਜੰਗੀਰ ?

ਬੇਬੇ — ਟੋਭੇ ਤੇ ਮਹੀਂਆਂ ਨੁਹਾਉਣ ਗਿਐ, ਬਸ ਆਇਆ ਕਿ ਆਇਆ । ਬੈਠ ਕੇ ਰੋਟੀ ਖਾ, ਤੇਰੇ ਰੋਟੀ ਖਾਂਦੇ ਨੂੰ ਆ ਜਾਂਦਾ ਐ ।

[ਰੋਟੀ ਪਰੋਸ ਕੇ ਦੇਂਦੀ ਹੈ ।

ਨੀ ਗੰਢਾ ਕੁਟ ਕੇ ਦੇ ਦਿਤਾ ? ਮਿੱਠਾ ਏ ਗੁੜ ਵਰਗਾ । ਤੇਰੇ ਤਾਏ ਨੂੰ ਸ਼ੌਂਕ ਐ ਗੰਢਿਆਂ ਤੇ ਮਿਰਚਾਂ ਦਾ । ਤੜਕੇ ਦਾ ਗਿਆ ਜੌਆਂ 'ਚ ਪਿਆਜੀ ਮਾਰਨ । ਹੁਣ ਤਕ ਨਹੀਂ ਮੁੜਿਆ । ਭਲਾ ਇਹ ਉਮਰ ਐ ਉਸ ਦੀ ਖੁਰਪੇ ਨਾਲ ਮੱਥਾ ਮਾਰਨ ਦੀ । ਇਨ੍ਹਾਂ ਪੁੱਤਾਂ ਪਿਛੇ ਹੁਣ ਤਕ ਖੇਤਾਂ ਵਿਚ 'ਨੜੇ ਵਾਂਗ ਉਧੜਦਾ ਫਿਰਦਾ ਏ । ਹੁਣ ਉਸ ਦੇ ਆਰਾਮ ਦਾ ਵੇਲਾ ਏ ਤਾਂ ਵੀ ਬਲਦਾਂ ਦੀਆਂ ਪੂਛਾਂ ਮਰੋੜਦਾ ਫਿਰਦਾ ਏ । ਕਰੇ ਕੀ ?

ਪੁੱਤ ਭਾਵੇਂ ਕਪੁੱਤ ਹੋ ਜਾਣ ਮਾਪੇ ਕੁਮਾਪੇ ਨਹੀਂ ਹੁੰਦੇ। (ਰੋਟੀ ਸੇਕਦੀ ਹੋਈ) ਆਹ ਰੋਟੀਆਂ ਥਪਦੀ, ਬਾਲਣ ਝੋਕਦੀ ਦੇ ਮੇਰੇ ਦੀਦੇ ਰਹਿ ਗਏ। ਸੌ ਵਾਰੀ ਅਜਮੇਰ ਅਗੇ ਹੱਥ ਬੰਨ੍ਹੇ ਪਈ ਮੈਨੂੰ ਡਾਕਧਾਰ ਕੋਲ ਲੈ ਜਾ, ਪਰ ਉਸ ਉੱਤਰ ਕਿਹੜਾ ਦਿਤਾ।

ਬਲਦੇਵ — ਹੁਣ ਕੀ ਹਾਲ ਏ ਤਾਈ ਤੇਰੀਆਂ ਅੱਖਾਂ ਦਾ ?

ਬੇਬੇ — ਓਹੋ ਜਿਹਾ ਈ ਐ ਪੁੱਤ। ਏਥੇ ਥਾਣੇ ਵਾਲੇ ਟੋਭੇ ਉੱਤੇ ਸਰਕਾਰ ਦਾ ਤੰਬੂ ਲਗਿਆ ਸੀ। ਸਾਰੇ ਪਿੰਡ ਦੀਆਂ ਤੀਵੀਆਂ ਅੱਖਾਂ ਠੀਕ ਕਰਵਾ ਲਿਆਈਆਂ, ਪਰ ਉਨ੍ਹਾਂ ਦੋਹਾਂ ਸੰਢਿਆਂ 'ਚੋਂ ਕਿਸੇ ਵੀ ਮੈਨੂੰ ਨਾ ਪੁਛਿਆ। ਮੈਂ ਬੁੱਢੀ ਠੇਰੀ, ਨਾ ਕਿਸੇ ਨੂੰ ਜਾਣਾਂ ਨਾ ਪਛਾਣਾਂ। ਉਵੇਂ ਹੀ ਅੱਖਾਂ ਫੜੀ ਬੈਠੀ ਰਹੀ।

ਬਲਦੇਵ — ਮੈਂ ਲੈ ਚਲਾਂਗਾ ਤਾਈ ਤੈਨੂੰ।

ਬੇਬੇ — ਹੁਣ ਕਿਥੇ ਜਾਣੈ ? ਪੂਰੇ ਪੱਚੀ ਦਿਨ ਏਥੇ ਰਿਹਾ ਉਹ ਤੰਬੂ ਹੁਣ ਤਾਂ ਮਹੀਨਾ ਹੋਇਆ, ਉਠ ਗਿਆ।

ਬਲਦੇਵ — ਫੇਰ ?

ਬੇਬੇ — ਫੇਰ ਕੀ ! ਇਕ ਦਿਨ ਮੈਂ ਡਾਕਖ਼ਾਨੇ ਗਈ ਸੀ। ਇਕ ਕਾਗਤੀ ਜਿਹੀ ਦੇ ਦਿਤੀ ਉਸ, ਤੇ ਭੋਰਾ ਕੁ ਪਾਣੀ ਅੱਖ ਵਿਚ ਚੁਆ ਦਿਤਾ। (ਪੁੰਨੀ ਨੂੰ) ਨੀ ਕਿਥੇ ਐ ਉਹ ਸੀਸੀ ਤੇ ਕਾਗਤੀ ?

ਪੁੰਨੀ — ਅੰਦਰ ਸੰਦੂਖ ਉੱਤੇ।

ਬੇਬੇ — ਮੈਂ ਲਿਆਉਂਦੀ ਹਾਂ, (ਬਲਦੇਵ ਨੂੰ) ਤੂੰ ਵੇਖੀਂ ਪੁੱਤ, ਨਿਰਾ ਪਾਣੀ ਏਂ ਕਿ ਕਿਸੇ ਦਾਰੂ ਬੂਟੀ ਦਾ ਸਤ ਐ। (ਗੋਡੇ ਫੜ ਕੇ ਉਠਦੀ ਹੈ) ਹਾਇ ਨੀ ਅੰਮੜੀਏ !

[ਅੰਦਰ ਜਾਂਦੀ ਹੈ।

ਪੁੰਨੀ — ਵੀਰਾ ਤੂੰ ਕਦੇ ਆ ਜਾਨੈਂ ਤਾਂ ਚਾਨਣਾ ਹੋ ਜਾਂਦੈ। ਮੈਨੂੰ ਤਾਂ

ਅਜਮਰ ਨਾਲੋਂ ਵਧ ਪਿਆਰ ਆਉਂਦਾ ਏ ਤੇਰਾ।

ਬਲਦੇਵ — ਉਨ੍ਹਾਂ ਦਿਨਾਂ ਨੂੰ ਮੈਂ ਕੀਕਰ ਭੁੱਲ ਸਕਦੈਂ ? ਮੇਰੀ ਸਾਰੀ ਬਾਲ ਵਰੇਸ ਥੌੜੇ ਵੇਹੜੇ ਅਜਮੇਰ ਨਾਲ ਖੇਡਦਿਆਂ ਲੰਘੀ ਐ। ਮੈਨੂੰ ਚੰਗੀ ਤਰ੍ਹਾਂ ਯਾਦ ਐ, ਜਦ ਤੂੰ ਸਾਨੂੰ ਦੋਹਾਂ ਨੂੰ ਚੂਰੀ ਖੁਆਉਂਦੀ ਤੇ ਖੇਡਣ ਨੂੰ ਰੀਠੇ ਦੇਂਦੀ ਹੁੰਦੀ ਸੈਂ।

ਪੁੰਨੀ — (ਹਉਕਾ ਭਰ ਕੇ) ਉਹ ਦਿਨ ਕਿਥੇ ? ਹੁਣ ਸਭੇ ਆਪੋ ਆਪਣੇ ਧੰਦੀਂ ਲਗ ਗਏ। ਮੈਂ ਕਬੀਲਦਾਰੀ ਦੇ ਝੇੜਿਆਂ ਵਿਚ ਫਸ ਗਈ। ਤੇ ਹੁਣ ਮੇਰਾ ਪੇਕੀਂ ਵੀ ਕਾਹਦਾ ਆਉਣ, ਜਦ ਭਰਾ ਈ ਅੱਡ ਚੁੱਲ੍ਹਾ ਧਰੀ ਬੈਠੇ ਹੋਣ।

ਬੇਬੇ — (ਅੰਦਰੋਂ) ਨੀ ਕਿਥੇ ਐ; ਕਿਤੇ ਦਿਸਦੀ ਈ ਨਹੀਂ ?

ਪੁੰਨੀ — ਬੇਬੇ ਸਰ੍ਹੋਂ ਫੁਲੇ ਸੰਦੂਕ ਉਤੇ ਕੁਜੇ ਵਿਚ ਪਈ ਐ।

ਬਲਦੇਵ — ਅਜਮੇਰ ਤਾਂ ਚੰਗਾ ਭਲਾ ਸੀ, ਉਸ ਨੂੰ ਕੀ ਹੋਇਆ ? ਉਹ ਤਾਂ ਬੜਾ ਈ ਸਾਊ ਜਾਪਦਾ ਸੀ।

ਪੁੰਨੀ — ਭਾਈ, ਪਤਾ ਨਹੀਂ ਕੀ ਹੋਇਆ। ਇਨਾਂ ਦੀਆਂ ਇਹੀ ਜਾਣਨ। ਮੈਂ ਏਸ ਵਾਰ ਆਈ ਤਾਂ ਵੇਖਿਆ, ਅਜਮੇਰ ਵੀ ਆਪਣੀ ਰੋਟੀ ਅੱਡ ਕਰੀ ਬੈਠਾ ਏ।

[ਬੇਬੇ ਆਉਂਦੀ ਹੈ।

ਬੇਬੇ — ਲੈ ਫੜੀਂ ਪੁੱਤ ਇਹ ਕਾਗਤੀ, ਵੇਖੀਂ ਕੀ ਲਿਖਿਆ ਹੋਇਆ ਏ।

ਬਲਦੇਵ — ਤਾਈ ਏਸ ਵਿਚ ਤਾਂ ਡਾਕਟਰ ਆਖਦੈ ਪਈ ਕੁੱਕਰੇ ਵਿਗੜ ਗਏ ਨੇ। ਹੁਣ ਇਲਾਜ ਪਟਿਆਲੇ ਹੋਵੇਗਾ।

ਬੇਬੇ — ਹੱਛਾ ਪੁੱਤ ?

ਬਲਦੇਵ — ਹਾਂ, ਪਟਿਆਲੇ ਬਿਜਲੀ ਨਾਲ ਇਲਾਜ ਹੋਵੇਗਾ।

ਬੇਬੇ — ਮੈਂ ਸਦਕੇ ਜਾਵਾਂ। ਲੈ ਧੀਏ, ਆਪਣੇ ਢਿਡ ਦੇ ਜੰਮਿਆਂ ਤੋਂ ਤਾਂ ਸੱਤ ਬਿਗਾਨੇ ਚੰਗੇ ਜਿਹੜੇ ਆ ਕੇ ਹਾਲ ਤਾਂ ਪੁੱਛ ਜਾਂਦੇ

ਨੇ। ਪੁੱਤ ਪਤਾ ਨਹੀਂ ਕੀ ਹਵਾ ਚਲੀ ਐ, ਆਪਣਾ ਆਪਣੇ ਨੂੰ ਖਾਣ ਨੂੰ ਆਉਂਦੈ।

ਬਲਦੇਵ — ਨਹੀਂ ਤਾਈ, ਇਹ ਗੱਲ ਤਾਂ ਨਹੀਂ।

ਬੇਬੇ — ਤੂੰ ਕਦੇ ਕਦੇ ਆ ਜਾਨੈਂ, ਤਾਂ ਮੇਰਾ ਕਾਲਜਾ ਹੌਲਾ ਹੋ ਜਾਂਦੈ। ਏਡੀ ਛੱਲੀ ਹੁੰਦੀ ਐ ਮੇਰੇ ਕਾਲਜੇ 'ਚ ਜਿਹੜੀ ਤੇਰੇ ਆਏ ਤੋਂ ਈ ਭੁਰਦੀ ਐ। ਹੋਰ ਕਿਸ ਅੱਗੇ ਜੋਵਾਂ ? ਤੇ ਦੁੱਖ ਵੀ ਕਿਸ ਦਾ ? ਆਪਣੇ ਈ ਪੁੱਤਾਂ ਦਾ ! ਮਾਵਾਂ ਦੇ ਕਾਲਜੇ ਬੜੇ ਅੱਲੇ ਹੁੰਦੇ ਨੇ। ਜੇ ਰੁੱਖ ਨਾਲੋਂ ਟਾਹਣੀ ਟੁਟਦੀ ਐ ਤਾਂ ਰੁੱਖ ਵੀ ਰੋਂਦੈ। ਤੇ ਫੇਰ ਮਾਂ —! ਪਰ ਮੈਂ ਤਾਂ ਐਵੇਂ ਹੰਝੂ ਕੇਰਦੀ ਆਂ। ਸੁਖ ਨਾਲ ਜੰਗੀਰਾ ਜਿਊਂਦਾ ਰਹੇ ! ਇਕੋ ਦਸਾਂ ਵਰਗਾ ਐ — ਮੇਰਾ ਬੱਗਾ ਸ਼ੇਰ ! (ਚਿੰਤਾਤਰ ਹੋ ਕੇ) ਕਦੇ ਦਾ ਗਿਐ, ਮੁੜਿਆ ਨਹੀਂ। ਤੇ ਬਾਹਰ ਖੱਖ ਚੜ੍ਹੀ ਹੋਈ ਐ। ਸ਼ਾਇਦ ਨ੍ਹੇਰੀ ਆਵੇ।

ਪੁੰਨੀ — ਚਿਰ ਈ ਹੋ ਗਿਐ ਉਸ ਨੂੰ। ਖ਼ੌਰੇ ਕਿਉਂ ਨਹੀਂ ਆਇਆ ਹਾਲੇ ਤੀਕ।

ਬੇਬੇ — ਨੀ ਉਸ ਲਈ ਮੱਖਣੀ ਤੇ ਖੁਰਚਣ ਰੱਖ ਦਿੱਤੀ ਐ ? ਭੁੱਖਾ ਆਊਗਾ। ਪੁੱਤ, ਤੇਰੇ ਰੋਟੀ ਖਾਂਦੇ ਖਾਂਦੇ ਨੂੰ ਜੰਗੀਰ ਆਇਆ ਜਾਣ। ਸੁਖ ਨਾਲ ਹੁਣ ਤਾਂ ਵਿਆਹੁਣ ਜੋਗਾ ਏ।

ਬਲਦੇਵ — ਕਦ ਦਾ ਵਿਆਹ ਧਰਿਐ ਉਸ ਦਾ ?

ਬੇਬੇ — ਹਾਲੇ ਤਾਂ ਉਹ ਪੱਬ ਹੀ ਨਹੀਂ ਲਗਣ ਦਿੰਦਾ। ਪਰ ਮੈਂ ਉਸ ਨੂੰ ਛੇਤੀ ਹੀ ਪਰੋ ਦੇਣੈ। ਇਸ ਅੱਸੂ ਤੀਕ ਮੈਂ ਮੰਗ ਲੈਣੈ ਕਿਤੇ ਨਾ ਕਿਤੇ। ਆਪਣਾ ਘਰ ਸਾਂਭੇ। ਬਸ ਹੁਣ ਉਸ ਦੀ ਮੰਗਣੀ ਹੋਈ ਸਮਝ। ਏਸ ਦੀ ਬਹੂ ਲਿਆਊਂਗੀ ਮੈਂ ਆਪਣੀ ਪਸੰਦ ਦੀ ਟੋਲ ਕੇ। ਉਹ ਪਹਿਲਾਂ ਦੋਵੇਂ ਨਿਘਰੇ ਘਰਾਂ ਦੀਆਂ

ਆ ਗਈਆਂ । ਮੇਰਾ ਘਰ ਚੌੜ ਕਰ ਦਿੱਤਾ । ਉੱਡ ਗਈ ਦਾਤ ਤੇ ਰਹਿ ਗਈ ਕਮਜਾਤ । ਏਸ ਵਾਰ ਦਾਜ ਦਹੇਜ ਪਿਆ ਖੂਹ ਵਿਚ ! ਮੈਂ ਤਾਂ ਕੁੜੀ ਚੰਗੇ ਘਰ ਦੀ ਲਿਆਉਣੀ ਐ — ਫੁੱਟ ਵਰਗੀ ਸੋਹਣੀ । ਬਰਨਾਲੇ ਵਾਲਿਆਂ ਦੇ ਘਰੋਂ ਸਾਕ ਆਇਆ ਤਾਂ ਸੀ —

ਬਲਦੇਵ — ਫੇਰ ਫੜ ਲੈਣਾ ਸੀ ਰੁਪਿਆ ।

ਬੇਬੇ — ਪੁੱਤ ਉਨ੍ਹਾਂ ਦਾ ਪਿਛਾ ਭੈੜਾ ਨਿਕਲਿਆ । ਉਨ੍ਹਾਂ ਦੀ ਨੂੰਹ ਇਕ ਝਿਊਰ ਨਾਲ ਨਿਕਲ ਗਈ ਸੀ । ਊਜ ਲਗੀ ਹੋਈ ਐ ਉਨ੍ਹਾਂ ਦੇ ਸਾਰੇ ਕੋੜਮੇ ਨੂੰ । ਮੈਂ ਭਲਾ ਕਿਉਂ ਲਵਾਂ ਉਨ੍ਹਾਂ ਦੀ ਧੀ ? ਮੈਂ ਤਾਂ ਆਖ ਦਿੱਤਾ, 'ਭਾਈ ਮੈਨੂੰ ਘੋੜੀਆਂ ਜੋੜੀਆਂ ਦੀ ਲੋੜ ਨਹੀਂ । ਮੈਨੂੰ ਤਾਂ ਕੁੜੀ ਚਾਹੀਦੀ ਐ ਜਿਹੜੀ ਵਿਹੜੇ 'ਚ ਬੈਠੀ ਸੋਹਣੀ ਲਗੇ, ਚਰਖਾ ਕੱਤਦੀ ਸੁਹਾਵੇ, ਦੁੱਧ ਰਿੜਕੇ ਤਾਂ ਚੂੜਾ ਛਣ ਛਣ ਕਰੇ — ਮੈਂ ਉਸ ਦੀ ਬਹੂ ਲਈ ਇਕ ਟੂਲੀ ਫੁਲਕਾਰੀ ਰੱਖੀ ਐ, ਜਿਸ ਉਤੇ ਚਾਂਦੀ ਚਿੱਟੀਆਂ ਬੂਟੀਆਂ ਨੇ ਤੇ ਕੰਘੀਆਂ ਵਾਲੇ ਭਾਰੇ ਕੇਸਰੀ ਪੱਲੇ —

ਬਲਦੇਵ — ਮੇਰੇ ਲਈ ਕੀ ਰਖਿਐ ਤਾਈ ?

ਬੇਬੇ — ਪੁੱਤ ਤੂੰ ਵਿਆਹ ਕਰਾਏਂ ਤਾਂ ਤੇਰੇ ਲਈ ਕੀ ਘਾਟਾ ਐ ਫੁਲਕਾਰੀਆਂ ਦਾ ? ਤੂ ਵੀ ਹੁਣ ਵਿਆਹ ਕਰਾ । ਤੇਰੇ ਹਾਣ ਦੇ ਦੋ ਦੋ ਤਿੰਨ ਤਿੰਨ ਜੁਆਕਾਂ ਵਾਲੇ ਨੇ । ਤੂੰ ਸੁੱਕਾ ਪ੍ਰਕਾ ਈ ਬੈਠਾ ਏਂ । ਭਲਾ ਕਦੋਂ ਤੀਕ ਕੁਆਰ ਕੋਠਾ ਪਾਈ ਰਖੇਂਗਾ ? ਸੁਖ ਨਾਲ ਤੇਰੀ ਪੱਕੀ ਨੌਕਰੀ ਐ । ਹੁਣ ਵੇਲਾ ਐ ਪੁੱਤ; ਫੇਰ ਕੀ ਧੌਲੇ ਆਇਆਂ ਤੋਂ ਕੰਗਣਾ ਬੰਨ੍ਹੇਂਗਾ ? ਬਸ ਠੇਡੇ ਮਾਰ ਕੇ ਵਿਆਹ ਨੂੰ ਅਗੇ ਈ ਅਗੇ ਤੋਰੀ ਜਾਨਾ ਐਂ । ਤੂੰ ਉਸ ਦਾ ਵੱਡਾ ਭਰਾ ਐਂ । ਪਹਿਲਾਂ ਘੋੜੀ ਚੜ੍ਹ । ਉਸ ਨੂੰ ਸਰਵਾਲ੍ਹਾ

ਬਣਾ ਲਵੀਂ। ਤੇਰੇ ਨਾਲ ਲਗ ਕੇ ਉਹ ਵੀ ਤਰ ਜਾਊ।

ਬਲਦੇਵ — (ਹੱਸ ਕੇ) ਬੇਬੇ ਤੇਰੀਆਂ ਗੱਲਾਂ ਸੁਣ ਕੇ ਤਾਂ ਜੀ ਕਰਦੈ ਵਿਆਹ ਕਰਵਾ ਲਵਾਂ। ਪਰ ਕਰੀਏ ਕੀ, ਏਸ ਨੌਕਰੀ ਵਿਚ ਤਾਂ ਮੇਰਾ ਆਪ ਮਸਾਂ ਗੁਜ਼ਾਰਾ ਹੁੰਦੈ।

ਬੇਬੇ — ਵੇ ਕੁੜੀ ਨੇ ਆਪਦੇ ਭਾਗਾਂ ਦਾ ਖਾਣੈਂ। ਜੇ ਰੱਬ ਕੀੜੇ ਨੂੰ ਪੱਥਰਾਂ ਵਿਚ ਰਿਜਕ ਦਿੰਦੈ, ਤਾਂ ਤੈਨੂੰ ਨਾ ਦੇਊ ?

ਬਲਦੇਵ — ਫੇਰ ਤਾਂ ਬੇਬੇ ਮੇਰੇ ਲਈ ਵੀ ਟੋਲ ਦੇ ਕੋਈ ਕੁੜੀ।

ਪੁੰਨੀ — ਹੂੰਹ ! ਸਾਡੀ ਜੱਟੀ ਤੈਨੂੰ ਪਸੰਦ ਆਉਣੀ ਐ ਕਿਤੇ ? ਤੂੰ ਤਾਂ ਦਿੱਲੀ ਤੋਂ ਈ ਲਿਆਵੇਂਗਾ ਕੋਈ ਉੱਚੀ ਅੱਡੀ ਵਾਲੀ।

ਬਲਦੇਵ — ਭਾਵੇਂ ਕਾਸੇ ਦੀ ਸੌਂਹ ਖੁਆ ਲੈ, ਬੇਬੇ ਦੀ ਟੋਲੀ ਕੁੜੀ ਮੈਨੂੰ ਪਸੰਦ ਆ ਜੂ।

ਬੇਬੇ — (ਹੱਸ ਕੇ) ਜੁਲਾਹੇ ਦੀਆਂ ਮਸਖ਼ਰੀਆਂ ਮਾਂ ਨਾਲ ! ਪੱਟੂ ਨੂੰ ਮਗਜ ਭੰਨ ਭੰਨ ਗੱਲਾਂ ਆਉਂਦੀਆਂ ਨੇ। ਰਤਾ ਫਰਕ ਨਹੀਂ ਪਿਆ ਏਸ ਵਿਚ। ਸ਼ਹਿਰ ਦੇ ਲੋਕਾਂ ਵਾਂਗ ਏਸ ਵਿਚ ਕੋਈ ਰੜਕ ਮੜਕ ਨਹੀਂ। ਵੇ ਪੁਤਾ ਮੈਨੂੰ ਤਾਂ ਚਾਅ ਚੜ੍ਹ ਜਾਂਦੈ ਤੈਨੂੰ ਦੇਖ ਕੇ। ਸੁਖ ਨਾਲ ਤੇਰਾ ਛੇਤੀ ਵਿਆਹ ਹੋਵੇ ... ...

[ਦਰਵਾਜ਼ਾ ਕਾੜ ਦੇਣੀ ਵਜਦਾ ਹੈ।

ਬਲਦੇਵ — ਸ਼ਾਇਦ ਨ੍ਹੇਰੀ ਆਉਂਦੀ ਐ। ਅੱਛਾ ਮੈਂ ਚਲਦਾ ਆਂ।

ਬੇਬੇ — ਚੰਗਾ ਪੁੱਤ, ਜਿਊਂਦਾ ਰਵ੍ਹੇਂ, ਜੰਮ ਜੰਮ ਆਵੇਂ !

[ਬਲਦੇਵ ਜਾਂਦਾ ਹੈ।

ਕੁੜੇ ਬੂਹਾ ਭੀੜ ਦੇ, ਹਵਾ ਆਉਂਦੀ ਐ।

ਪੁੰਨੀ — (ਬਾਰੀ ਵਿਚੋਂ ਝਾਕ ਕੇ) ਨੀ ਮਾਂ, ਕਾਲੀ ਬੋਲੀ ਨ੍ਹੇਰੀ ਚੜ੍ਹੀ ਆਉਂਦੀ ਐ !

[ਉਹ ਕੁੰਡੀ ਲਾਉਂਦੀ ਹੈ।

ਬੇਬੇ — ਤੇ ਜੰਗੀਰ ਹਾਲ ਤੀਕ ਨਹੀਂ ਬਹੁੜਿਆ। ਕਿਤੇ ਕੌਡੀਆਂ ਗੀਠੇ ਖੇਡਣ ਬੈਠ ਗਿਆ ਹੋਊ।

ਪੁੰਨੀ — ਪਤਾ ਨਹੀਂ।

ਬੇਬੇ — ਨੀ ਹੱਡ ਹਰਾਮ ਐ। ਤੜਕੇ ਕੁੱਕੜ ਬਾਂਗਾਂ ਦੇ ਦੇ ਕਮਲਾ ਹੋ ਜਾਂਦੇ ਤਾਂ ਮੈਂ ਉਹਨੂੰ ਜੁੱਲੀਉਂ ਧੂਹ ਕੇ ਮਸਾਂ ਬਾਹਰ ਕਢਦੀ ਆਂ। ਮਿੱਤੂ ਲੁਹਾਰ ਦੀ ਭੱਠੀ ਕਦੇ ਦੀ ਬਲ ਚੁਕਦੀ ਐ, ਤੀਵੀਂਆਂ ਕਦੋਂ ਦੀਆਂ ਖੂਹ ਤੋਂ ਮੁੜ ਆਉਂਦੀਆਂ ਨੇ, ਤੇ ਇਹ ਸੁੱਤੇ ਦਾ ਸੁੱਤਾ! (ਵਕਫ਼ਾ) ਹਵਾ ਕਿੰਨੀ ਤੇਜ ਐ। ਨੀ ਡੱਬੂ ਕਿਥੇ ਐ?

ਪੁੰਨੀ — ਨਾਲ ਈ ਲੈ ਗਿਐ।

ਬੇਬੇ — ਲੈ ਦੇਖ, ਕੁੱਤੇ ਦਾ ਕਿਹੜਾ ਵਸਾਹ ਖਾਂਦਾ ਏ। ਮੈਂ ਤਾਂ ਉਸੇ ਦਿਨ ਦੀ ਪਿੱਟਦੀ ਸਾਂ, ਜਿਦਨ ਉਹ ਮਰਾਸੀਆਂ ਦੇ ਘਰੋਂ ਕਤੂਰਾ ਲੈ ਕੇ ਆਇਆ ਸੀ। ਚੰਦਰੇ ਨੂੰ ਮਰਾਸੀਆਂ ਵਾਲੇ ਸ਼ੌਂਕ ਨੇ। ਸਾਰਾ ਦਿਨ ਨਾਲ ਲਈ ਫਿਰਦੈ। ਗਿਆ ਏ ਮਹੀਂਆਂ ਨਵ੍ਹਾਉਣ ਤੇ ਕੁੱਤੇ ਨੂੰ ਵੀ ਨਾਲ ਈ ਧੂ ਕੇ ਲੈ ਗਿਐ।

ਪੁੰਨੀ — ਹਲਾ ਕੀ ਹੋਇਆ। ਆ ਜਾਊ।

ਬੇਬੇ — ਛੇਤੀ ਕਰ। ਸਾਰੇ ਕੋਲੇ 'ਕੱਠੇ ਕਰ ਲੈ ਨਹੀਂ ਤਾਂ ਅੱਗ ਉੱਡ ਉੱਡ ਪਊ।

ਪੁੰਨੀ — (ਤਾਕੀ ਵਿਚੋਂ ਝਾਕ ਕੇ) ਨੀ ਮਾਂ! ਪਿੱਪਲ ਦੇ ਟਾਹਣ ਟੁੱਟ ਟੁੱਟ ਡਿਗਦੇ ਨੇ ਤੇ ਟਿੱਬਿਆਂ ਦਾ ਸਾਰਾ ਰੇਤਾ ਅਸਮਾਨ ਨੂੰ ਚੜ੍ਹ ਗਿਐ।

ਬੇਬੇ — ਹਾਏ ਰੱਬਾ! ਏਸ ਕਾਲੀ ਬੋਲੀ ਨ੍ਹੇਰੀ 'ਚ ਮੇਰੀਆਂ ਮਹੀਂਆਂ ਖੁਲ੍ਹੀਆਂ ਫਿਰਦੀਆਂ ਨੇ......।

[ਦਰਖ਼ਤ ਟੁੱਟਣ ਦੀ ਆਵਾਜ਼

ਇਹ ਕੀ ਸੀ ?

ਪੁੰਨੀ — ਹਥਾਈ ਵਾਲਾ ਪਿਪਲ ਟੁੱਟ ਕੇ ਔਹ ਜਾ ਪਿਐ !

ਬੇਬੇ — ਮੇਰਾ ਤਾਂ ਜਿਵੇਂ ਕਾਲਜਾ ਕੱਢ ਲਿਆ ਏਸ ਨੇ । ਉਹ ਕਿਥੇ ਹੋਊ ਏਸ ਵੇਲੇ ?

ਪੁੰਨੀ — ਤੁਰਿਆ ਈ ਆਉਂਦਾ ਹੋਊ ।

ਬੇਬੇ — ਨੱਥੀ ਦੇ ਮਾਮੇ ਨੂੰ ਇਕ ਪਿੱਪਲ ਨੇ ਈ ਲੈ ਲਿਆ ਸੀ । ਪਿੱਪਲ ਵੀ ਊਠ ਵਾਂਗ ਖੋਰੀ ਹੁੰਦੇ ਨੇ । ਕਿਸੇ ਵੇਲੇ ਬਦਲਾ ਵੀ ਲੈ ਲੈਂਦੇ ਨੇ.........ਮੈਂ ਜਾਨੀ ਆਂ.........ਦੇਖਾਂ ਕਿਥੇ ਹੈ ਉਹ......... ।

ਪੁੰਨੀ — ਤੂੰ ਉਹਨੂੰ ਕਿਥੇ ਦੇਖੇਂਗੀ ? ਬੈਠ, ਕਿਥੇ ਚਲੀ ਐਂ ? ਹਵਾ 'ਚ ਤਾਂ ਭੂਤਨੀਆਂ ਨੱਚਦੀਆਂ ਨੇ ।

ਬੇਬੇ — ਹਾਏ ਮੇਰਾ ਪੁੱਤ ! ਮੇਰਾ ਸਿਊਨਾ ! ਉਹਨੂੰ ਤਾਂ ਹਾਲੇ ਵਾ ਵੀ ਨਹੀਂ ਲਗੀ । ਉਸ ਨੂੰ ਤਾਂ ਚੜ੍ਹੇ ਛਿਪੇ ਦੀ ਵੀ ਖ਼ਬਰ ਨਹੀਂ । ਉਹ ਟਿੱਬਿਆਂ ਤੇ ਭਜਿਆ ਫਿਰਦਾ ਹੋਊ ਤੇ ਨ੍ਹੇਰੀ ਉਸ ਨੂੰ ਦਵੱਲੀ ਫਿਰਦੀ ਹੋਊ ।.........(ਝੋਲੀ ਅੱਡ ਕੇ) ਹੇ ਗੂਗੇ ਪੀਰਾ, ਉਸ ਨੂੰ ਬਖ਼ਸ਼ੀਂ ! ਹੇ ਵਾਹਗੁਰੂ, ਉਸ ਉਤੇ ਮਿਹਰ ਕਰੀਂ ! ਹੇ ਟੋਭੇ ਵਾਲਿਆ ਸਾਈਆਂ, ਮੇਰੇ ਪੁੱਤ ਨੂੰ ਖ਼ੈਰ ਨਾਲ ਘਰ ਲਿਆਈਂ ! ਮੈਨੂੰ ਤਾਂ ਜੰਮਦੇ ਦਾ ਈ ਏਸ ਦਾ ਸੰਸਾ ਲਗਿਆ ਰਿਹਾ......,

[ਕੁੱਤਾ ਭੌਂਕਣ ਦੀ ਆਵਾਜ਼

ਪੁੰਨੀ — ਆ ਗਿਆ !

[ਕੁੱਤਾ ਭੌਂਕਣ ਦੀ ਆਵਾਜ਼ ਨੇੜੇ ਹੋ ਜਾਂਦੀ ਹੈ । ਬੂਹੇ ਉਤੇ ਠੱਕ ਠੱਕ ।

ਬੇਬੇ — ਆਹੋ, ਕੁੰਡੀ ਲਾਹ !

[ਪੂੰਨੀ ਬੂਹਾ ਖੋਲ੍ਹਦੀ ਹੈ। ਹਵਾ ਦੀਆਂ ਸ਼ੂਕਾਂ। ਜੰਗੀਰ ਦਾ ਮੂੰਹ ਮੱਥਾ ਰੇਤੇ ਨਾਲ ਅਟਿਆ ਪਿਆ ਹੈ। ਉਹ ਕੁੱਤੇ ਨੂੰ ਧੂਹ ਕੇ ਦੂਜੇ ਕੋਠੇ ਵਿਚ ਛਡ ਆਉਂਦਾ ਹੈ।

ਜੰਗੀਰ — (ਸਾਹੋ ਸਾਹ ਹੋਇਆ) ਪੁੰਨੀ, ਇਕ ਮੈਂਹਿ ਐਧਰ ਨਹੀਂ ਆਈ ?

ਪੁੰਨੀ — ਨਹੀਂ ਤਾਂ, ਕਿਉਂ ਕੀ ਹੋਇਆ ?

ਜੰਗੀਰ — ਟੋਭੇ ਉਤੇ ਨਵ੍ਹਾਉਂਦੇ ਨੂੰ ਨ੍ਹੇਰੀ ਨੇ ਘੇਰ ਲਿਆ। ਹੱਥ ਨੂੰ ਹੱਥ ਨਹੀਂ ਸੀ ਦਿਸਦਾ। ਜਦ ਮੈਂ ਬਾਹਰ ਨਿਕਲਿਆਂ ਤਾਂ ਇਕ ਮੈਂਹਿ ਪਤਾ ਨਹੀਂ ਕਿਧਰ ਗਈ। ਬਸ ਦੋਹਾਂ ਨੂੰ ਹੱਕੀ ਤੁਰਿਆ ਆਉਨਾਂ।

ਪੁੰਨੀ — ਤੇ ਤੀਜੀ ?

ਜੰਗੀਰ — ਤੀਜੀ ਧੋਤੇ ਖੁਰਾਂ ਵਾਲੀ ਦਾ ਪਤਾ ਨਹੀਂ। ਆ ਕੇ ਵਾੜੇ ਵਿਚ ਵੀ ਦੇਖਿਆ। ਦੂੰਹ ਨੂੰ ਬੰਨ੍ਹ ਆਇਆਂ, ਪਰ ਤੀਜੀ ਦਾ ਪਤਾ ਨਹੀਂ ਲਗਦਾ।

ਬੇਬੇ — (ਗੁੱਸੇ ਵਿਚ) ਲੈ ਦੇਖ, ਬੈਠ ਰਿਹਾ ਹੋਵੇਂਗਾ ਓਥੇ ਕੌਡੀਆਂ ਮਾਰਨ। ਮੈਂ ਭੁੱਲੀ ਆਂ ਤੈਨੂੰ ?

ਜੰਗੀਰ — ਪਰ ਮਾਂ, ਏਸ ਵੇਲੇ ਟੋਭੇ ਉਤੇ ਕੋਈ ਵੀ ਨਹੀਂ ਸੀ ਤੇ ਮੈਂ ਸਾਰੀਆਂ ਮੈਂਹੀਆਂ ਮਲ ਮਲ ਨਵ੍ਹਾ ਰਿਹਾ ਸਾਂ।

ਬੇਬੇ — ਬਾਹਲੀਆਂ ਚਤਰਾਈਆਂ ਨਾ ਘੋਟ! (ਕੁੱਤੇ ਵਲ ਇਸ਼ਾਰਾ ਕਰ ਕੇ) ਫੇਰ ਏਸ ਲਗਦੇ ਭੌਂਕੂ ਨੂੰ ਕਿਉਂ ਨਾਲ ਲੈ ਕੇ ਗਿਆ ਸੀ ? ਇਸ ਨੂੰ ਘਰ ਛਡ ਜਾਂਦਾ।

ਪੁੰਨੀ — ਚਲ ਜਾਣ ਦੇ ਮਾਂ ਨੀ। ਹੁਣੇ ਆਇਐ। (ਜੰਗੀਰ ਵਲ) ਚੰਗਾ ਵੀਰ ਅਗੇ ਤੋਂ ਛੇਤੀ ਆ ਜਾਇਆ ਕਰ। ਪਿਛੋਂ ਮਾਂ ਬੜਾ ਈ

ਫ਼ਿਕਰ ਕਰਦੀ ਸੀ ।

ਜੰਗੀਰ — ਇਹ ਤਾਂ ਐਵੇਂ ਫ਼ਿਕਰ ਲਾ ਬਹਿੰਦੀ ਐ । ਮੈਂ ਕਿਤੇ ਮਰ ਚਲਿਆ ਸਾਂ ? ਟੋਭੇ ਉਤੇ ਮੈਂਹੀਆਂ ਈ ਤਾਂ ਨਵ੍ਹਾਉਂਦਾ ਸਾਂ ।

ਬੇਬੇ — ਚੰਗਾ ਵੇ ਚੰਗਾ, ਕਲਜੋਗੀਆ ਕਾਲੀ ਜੀਭ ਨਾ ਕਢ ! ਹਰ ਵੇਲੇ ਮਰਨ ਦੇ ਡਰਾਵੇ ਦਿੰਦਾ ਰਹਿਨਾ ਏਂ ।

ਪੁੰਨੀ — ਤੜਕੇ ਦਾ ਭੁੱਖਾ ਏ ਵੀਰ, ਰੋਟੀ ਤਾਂ ਖਾ ਲੈਣ ਦੇ ।

ਬੇਬੇ — ਭੁੱਖਾ ਐ ਨਿੱਜ ! ਓਥੇ ਖੇਤਾਂ 'ਚੋਂ ਬਥੇਰਾ ਚਰ ਆਇਆ ਹੋਊ ।

ਜੰਗੀਰ — ਹਾਂ ਚਰ ਆਇਆਂ !

ਬੇਬੇ — ਕੁਝ ਆਪਣੀ ਹੋਸ਼ ਹੋਵੇ, ਤਾਂ ਮੈਂਹਿ ਕਿਉਂ ਗੁਆ ਆਉਂਦਾ ? ਹਾਇ, ਐਡੀ ਸੋਹਣੀ ਮੈਂਹਿ ! ਸਿੰਗਾਂ ਦੇ ਕੁੰਡਲ 'ਚੋਂ ਪੈਸਾ ਕਿਹੜਾ ਨਿਕਲਦਾ ਸੀ । ਕੇਡਾ ਲੇਵਾ ਸੀ ਧਰਤੀ ਨਾਲ ਲਗਦਾ ਹੋਇਆ । ਚੰਦਰਾ ਐਵੇਂ ਈ ਕਿਤੇ ਛਡ ਆਇਆ ।

ਜੰਗੀਰ — ਹਾਂ, ਛਡ ਆਇਆਂ । ਐਨੀ ਤਾਂ ਉਹਦੀ ਦੇਖ ਪਾਖ ਕੀਤੀ ਸੀ ।

ਬੇਬੇ — ਬਹੁਤਾ ਭੌਂਕ ਨਾ ! ਇਕ ਮੈਂਹਿ ਗੁਆ ਆਇਆ, ਦੂਜੇ ਉਤੋਂ ਜੀਭ ਮਾਰਦੈ । ਇਕ ਨਾ ਇਕ ਚੀਜ਼ ਨੂੰ ਰੋਜ਼ ਬਿਲੇ ਲਾ ਆਉਂਦੈ । ਘਰ ਤਾਂ ਜਿਵੇਂ ਏਸ ਨੂੰ ਚੰਗਾ ਈ ਨ੍ਹੀ ਲਗਦਾ । ਭਲਾ ਏਸ ਕੁਤੜੇ ਨੂੰ ਕਿਉਂ ਹਰ ਵੇਲੇ ਨਾਲ ਘੜੀਸੀ ਫਿਰਦੈਂ ?

ਜੰਗੀਰ — ਤੈਨੂੰ ਤਾਂ ਬੋਲਣ ਦਾ ਸੁਭਾ ਪੈ ਗਿਐ । ਕੁੱਤਾ ਤੈਨੂੰ ਕੀ ਆਖਦੈ ? ਸਿਆਲ ਹੁਨਾਲ ਪੈਲੀਆਂ ਦੀ ਰਾਖੀ ਕਰ ਦੇਂਦਾ ਐ — ਏਸੇ ਲਈ ? ਦੋ ਵੇਲੇ ਸੁੱਕੇ ਟੁਕਰਾਂ ਬਿਨਾਂ ਇਹਨੂੰ ਹੋਰ ਕਦੇ ਕੁਝ ਦਿਤਾ ਐ ?

ਬੇਬੇ — ਤੇ ਦੁੱਧ ਜੋ ਦੋ ਵੇਲੇ ਝੁਲਸਦਾ ਐ ?

ਜੰਗੀਰ — ਉਹ ਮੇਰੇ ਵੰਡੇ ਦਾ ਪੀਂਦੈ। ਤੂੰ ਤਾਂ ਏਸ ਨੂੰ ਦੇਖ ਵੀ ਨਹੀਂ ਝਲਦੀ।

ਬੇਬੇ — ਚੁੱਪ ਕਰ ਜਾ ਗਰਕ ਹੋਣਿਆ! ਉਹ ਤਾਂ ਦੋਵੇਂ ਜੋ ਸਨ ਸੋ ਸਨ, ਇਹ ਉਨ੍ਹਾਂ ਤੋਂ ਵੀ ਚਾਰ ਚੰਦੇ ਉਤੋਂ ਦੀ ਏ। ਰਤਾ ਗੱਲ ਆਖੋ, ਗਿੱਚੀ ਨੂੰ ਆਉਂਦੈ।

ਜੰਗੀਰ — ਤੂੰ ਤਾਂ ਸਾਰਾ ਦਿਨ ਬੋਲਦੀ ਰਹਿਨੀ ਐਂ। ਦੁਪਹਿਰੇ ਦੁਪਹਿਰੇ ਪਹਿਲਾਂ ਬਾਪੂ ਨੂੰ ਟੁਕ ਦੇਣ ਗਿਆ, ਫੇਰ ਤਖਾਣ ਤੋਂ ਹਲ ਦਾ ਮਢੇਲ ਠੁਕਵਾ ਕੇ ਕਿਆਰਾ ਵਾਹੁੰਦਾ ਰਿਹਾ। ਤੈਨੂੰ ਕਿਸੇ ਦਾ ਕੁਝ ਕੀਤਾ ਪਸੰਦ ਵੀ ਆਉਂਦਾ ਏ?

ਬੇਬੇ — ਵੇ ਤੂੰ ਕਰਨ ਜੋਗਾ ਹੈਂ ਕੀ? ਚੌਥੇ ਦਿਨ ਕੁਝ ਗੰਵਾ ਆਉਂਦੈ। ਅਜ ਮੈਂਹਿ ਖੋ ਆਇਆ, ਹਥਨੀ ਵਰਗੀ ਸੀ ਜਿਸ ਨੂੰ ਐਵੇਂ ਕੈਵੇਂ ਦੇ ਆਇਆ।

ਜੰਗੀਰ — ਹਾਹੋ, ਜਾਣ ਬੁਝ ਕੇ ਫੜਾ ਆਇਆਂ ਕਿਸੇ ਨੂੰ!

ਬੇਬੇ — ਨਹੀਂ ਵੀ ਹੋਰ। ਆਉਂਦੇ ਨੂੰ ਕੋਈ ਛਿਤਰੀਂ ਨਹੀਂ ਨਾ ਡਹਿੰਦਾ।

ਜੰਗੀਰ — ਤੇ ਤੂੰ ਥੋੜ੍ਹਾ ਕਰਦੀ ਐਂ ਮੇਰੇ ਨਾਲ?

ਪੁੰਨੀ — ਛੱਡਿਆ ਵੀ ਕਰ ਮਾਂ, ਤੂੰ ਵੀ ਇਕੋ ਗੱਲ ਫੜ ਕੇ ਬਹਿ ਜਾਨੀ ਐਂ। ਬਾਹਰ ਨ੍ਹੇਰੀ ਦਾ ਜ਼ੋਰ ਮੱਠਾ ਹੋ ਜਾਏ, ਆਪੇ ਲੱਭ ਪਊਗੀ ਮੈਂਹਿ।

ਬੇਬੇ — ਨੀ ਨ੍ਹੇਰੀ 'ਚ ਕੁੱਤਾ ਨਾ ਗੁਆ ਆਇਆ? ਮਸਤਿਆ ਹੋਇਆ ਏ। ਖਰੋਟਾਂ ਕੌਡੀਆਂ ਤੋਂ ਤਾਂ ਵਿਹਲ ਨਹੀਂ ਮਿਲਦੀ। ਮੈਂ ਵੀ ਇਕ ਦਿਨ ਦੇਖਦੀ ਆਂ, ਦੋ ਦਿਨ ਦੇਖਦੀ ਆਂ, ਜੇ ਨਾ ਏਸ ਕੁਤੜੇ ਨੂੰ ਬਾਹਰ ਚਲਾ ਮਾਰਾਂ।

ਜੰਗੀਰ — ਕਿਵੇਂ ਸੁਟ ਦਵੇਂਗੀ ਕੁੱਤੇ ਨੂੰ? ਜਦੋਂ ਦੇਖੋ ਨ੍ਹੇਰੀ ਵਾਂਗ ਚੜ੍ਹੀ ਰਹਿੰਦੀ ਐ।

ਪੁੰਨੀ — ਲੈ ਵੀਰ ਹਾੜ੍ਹੇ, ਤੂੰ ਨਾ ਘਾਬਰ, ਮਾਂ ਦਾ ਤਾਂ ਸੁਭਾ ਈ ਐ। ਦੋ ਗੱਲਾਂ ਆਖ ਲਈਆਂ ਤਾਂ ਕੀ ਹੋਇਆ। ਚਲ ਰੋਟੀ ਖਾ ਲੈ, ਮੈਂ ਦੁਬਾਰਾ ਤੱਤੀ ਕਰ ਦਿੰਨੀ ਆਂ ਰੋਟੀ।

ਜੰਗੀਰ — (ਗਲੇਡੂ ਭਰ ਕੇ) ਨਹੀਂ ਪੁੰਨੀਏਂ, ਜੇ ਏਸ ਤਰ੍ਹਾਂ ਔਖੀ ਰਹਿੰਦੀ ਐ ਇਹ ਤਾਂ ਮੈਂ ਵੀ ਨਹੀਂ ਰਹਿਣਾ ਏਥੇ।

ਪੁੰਨੀ — ਕੀ ਗੱਲਾਂ ਕਰਦਾ ਏ ਮੇਰਾ ਕਮਲਾ ਵੀਰ ? ਬੈਠ ਚੌਂਕੀ ਤੇ। (ਚੌਂਕੀ ਅਗੇ ਕਰਦੀ ਹੈ ਤੇ ਉਸ ਨੂੰ ਬਿਠਾਉਂਦੀ ਹੈ) ਮੈਂ ਹੱਥ ਧੁਆਉਨੀ ਆਂ ਤੇਰੇ। ਕਿਵੇਂ ਸਿਰ ਮੂੰਹ ਰੇਤੇ ਨਾਲ ਭਰਿਆ ਪਿਆ ਏ।

ਬੇਬੇ — ਨੀ ਤੇਰੇ ਲਾਡਾਂ ਨੇ ਏਸ ਨੂੰ ਚੰਭਲਾ ਰਖਿਆ ਏ। ਜਾਣ ਦੇ ਜਿੱਥੇ ਜਾਂਦੈ। ਮੈਥੋਂ ਨਹੀਂ ਏਸ ਤਰ੍ਹਾਂ ਪਲੋਸ ਪਲੋਸ ਰਖੀਦੇ ਇਹ ਸੰਢੇ। ਜੰਮ ਦਿਤੇ, ਪਾਲ ਦਿਤੇ, ਤੇ ਉਤੋਂ ਝਈਆਂ ਲੈ ਲੈ ਆਉਂਦੇ ਨੇ। ਮੈਂ ਤਾਂ ਸੋਚਦੀ ਸਾਂ ਕਿ ਇਹ ਤੀਜਾ ਕੁਝ ਅਸੀਲ ਏ, ਪਰ ਸਾਰੇ ਦੇ ਸਾਰੇ ਫਾਹੇ ਦੇਣ ਜੋਗੇ ਨੇ। ਇਕ ਮੈਂਹਿ ਗੁਆ ਆਇਆ, ਦੂਜਾ ਉਤੋਂ ਡੇਲੇ ਕਢਦੈ।

ਜੰਗੀਰ — ਚੰਗਾ ਫੇਰ, ਮੈਂ ਵੀ ਪਿਓ ਦਾ ਪੁੱਤ ਨਹੀਂ ਜੇ ਹੁਣ ਏਸ ਘਰ ਦਾ ਪਾਣੀ ਵੀ ਪੀਆਂ ... ...।

ਪੁੰਨੀ — ਹਾੜ੍ਹੇ ਵੇ ਵੀਰ, ਕੀ ਕਰਦਾ ਏਂ ਤੂੰ ? ਫੜ ਖਾਂ ਮਾਂ, ਵੀਰ ਚਲਿਆ ਏ !

ਬੇਬੇ — ਨੀ ਇਹ ਤਾਂ ਨਿਕਲਣ ਨੂੰ ਫਿਰਦਾ ਏ। ਅਜ ਨਾ ਜਾਊ ਤਾਂ ਕਲ੍ਹ ਨੂੰ ਜਾਊ ! ਮੈਂ ਏਸ ਦੇ ਚਾਲੇ ਭੁੱਲੀ ਹੋਈ ਆਂ ਕਿਤੇ ? ਜਿਸ ਧੀ ਪੁੱਤ ਨੂੰ ਕੌਡਾਂ ਤੇ ਜੂਏ ਦਾ ਭੁਸ ਪੈ ਜਾਵੇ, ਉਸ ਘਰ ਵਿਚ ਕਦ ਟਿਕਣਾ ?

ਜੰਗੀਰ — ਹਾਂ ... ... ਮੈਂ ਏਸ ਘਰ ਵਿਚ ਨਹੀਂ ਟਿਕਾਂਗਾ ... ...

ਨਹੀਂ ਟਿਕਾਂਗਾ ... ... ਇਕ ਵਾਰ ਫੇਰ ਆਖਦਾਂ, ਨਹੀਂ ਟਿਕਾਂਗਾ ! ਜਿਥੇ ਤੇਰੇ ਵਰਗੀ ਮਾਂ ਹਰ ਵੇਲੇ ਸੰਘੀ ਨੱਪੀ ਰਖੇ, ਉਥੇ ਕੌਣ ਰਹੂਗਾ ?

ਬੇਬੇ — ਹਾਂ ! ਹਾਂ ਮੈਨੂੰ ਪਤਾ ਏ । ਉਥੇ ਬੈਠੀ ਏ ਨਾ ਤੇਰੀ ਸਗੀ ਮਾਂ । ਪਕਾ ਪਕਾ ਖਵਾਊ ਤੈਨੂੰ ਪਰੌਂਠੇ । ਬਲਦੀ ਬਲਦੀ ਭੁਬੱਲ ਨਾ ਦੇਊ ਤੇਰੇ ਮੂੰਹ 'ਚ !

ਜੰਗੀਰ — ਕੁਝ ਹੋ ਜਾਵੇ ਮੁੜ ਤੇਰੇ ਘਰ ਦੀ ਰੋਟੀ ਨਹੀਂ ਖਾਣੀ ।

ਬੇਬੇ — ਗਰਕ-ਹੋਣਿਆਂ, ਮੇਰੀਆਂ ਰੋਟੀਆਂ ਖਾ ਖਾ ਕੇ ਤਾਂ ਏਡਾ ਹੋਇਐਂ !

[ਜੰਗੀਰ ਥਾਲੀ ਨੂੰ ਠੇਡਾ ਮਾਰਦਾ ਹੈ ।

ਵੇ ਕਲਜੋਗੀਆ, ਤੂੰ ਜੋ ਅੰਨ ਨੂੰ ਧੱਕਾ ਦਿਨੈਂ, ਰੱਬ ਤੈਨੂੰ ਧੱਕਾ ਦੇਊ ! ਪਟਮੇਲੀ ਪੈਣਿਆਂ, ਮੇਰੇ ਕੀਤੇ ਦਾ ਇਹ ਫਲ ? ਮਾਂ ਨੂੰ ਇਹ ਅਨਾਮ !

ਜੰਗੀਰ — ਤੂੰ ਮਾਂ ਨਹੀਂ — ਡੈਣ ਐਂ, ਡੈਣ !

ਬੇਬੇ — ਤੈਨੂੰ ਲੜ ਜਾਏ ਕਾਲਾ ਨਾਗ ਜੰਗੀਰ ਬੰਦਿਆ ! ਟੁਟ ਜਾਏਂ ਅਧ-ਵਿਚਾਲਿਓਂ ! ਨਾ ਨੇਪਰੇ ਚੜ੍ਹੇਂ ਤੂੰ !

[ਜੰਗੀਰ ਬੂਹਾ ਖੋਲ੍ਹਦਾ ਹੈ । ਹਵਾ ਦੇ ਬੁੱਲੇ ਆਉਂਦੇ ਹਨ ।

ਪੁੰਨੀ — (ਜੰਗੀਰ ਨੂੰ ਫੜ ਕੇ) ਕਿੱਥੇ ਚਲਿਐਂ ਮੇਰੇ ਵੀਰ ? ਏਸ ਕੂਕਦੀ ਨ੍ਹੇਰੀ ਵਿਚ ? ਨਾ ਮੇਰਾ ਸੁਹਣਾ ਵੀਰ, ਅਸੀਂ ਤੇਰੇ ਬਾਝ ਕਿਵੇਂ ਰਵ੍ਹਾਂਗੇ ?

[ਜੰਗੀਰ ਉਸ ਤੋਂ ਬਾਂਹ ਛੁੜਾਉਂਦਾ ਹੈ ।

ਜੰਗੀਰ — ਛੱਡ ਦੇ ਮੈਨੂੰ ਪੁੰਨੀਏ, ਮੇਰਾ ਹੁਣ ਏਥੇ ਰਹਿਣਾ ਧਰਮ ਨਹੀਂ । ਜਾਣ ਦੇ ਮੈਨੂੰ ।

ਪੁੰਨੀ — ਮੇਰਾ ਕਮਲਾ ਵੀਰ, ਤੂੰ ਤੜਕੇ ਦੀ ਰੋਟੀ ਵੀ ਨਹੀਂ ਖਾਧੀ । ਮੈਂ

ਤੇਰੇ ਲਈ ਫਲੀਆਂ ਤੇ ਮਖਣੀ ਰੱਖੀ ਐ ।

ਜੰਗੀਰ — (ਹੱਥ ਛੁੜਾ ਕੇ) ਦੇਖੀ ਜਾਊ । (ਕੁੱਤੇ ਨੂੰ ਪੁਚਕਾਰ ਕੇ) ਚਲ ਮੇਰਾ ਸ਼ੇਰ !

[ਜੰਗੀਰ ਕੁੱਤੇ ਨੂੰ ਲੈ ਕੇ ਬਾਹਰ ਨਿਕਲ ਜਾਂਦਾ ਹੈ ।

ਪੁੰਨੀ — (ਚੀਖ਼ ਕੇ) ਮਾਂ !

ਬੇਬੇ — ਤੀਜਾ...ਵੀ...ਗਿਆ !

ਪੁੰਨੀ — ਮੇਰਾ ਤੀਜਾ ਵੀਰ ! ਮਾਂ ਹਾਲੇ ਵੀ ਸੱਦ ਲੈ, ਦੂਰ ਨਹੀਂ ਗਿਆ ਉਹ । ਸੁਣ, ਉਸ ਦੇ ਕੁੱਤੇ ਦੀ ਭੌਂਕ ਸੁਣਦੀ ਐ । (ਹਟਕੋਰੇ ਲੇਂਦੀ ਹੋਈ) ਰੋਟੀ ਤੇ ਫਲੀਆਂ ਹੁਣ ਤੀਕ ਤੱਤੀਆਂ ਪਈਆਂ ਨੇ ...

[ਕੁੱਤੇ ਦੀ ਦੂਰੋਂ ਆਵਾਜ਼ ।

ਆਹ ਸੁਣ, ਸੁਣਦੀ ਐਂ ?

ਬੇਬੇ — ਹਾਂ...ਸੁਣਦੀ ਆਂ ।

ਪੁੰਨੀ — ਤੂੰ ਉਸ ਨੂੰ ਇਕ ਵਾਰ ਵੀ ਨਾ ਰੋਕਿਆ ? ਦੂਰ ਨਹੀਂ ਗਿਆ, ਹੁਣ ਵੀ ਸੱਦ ਲੈ ।

ਬੇਬੇ — ਹੱਛਾ......(ਸੋਚਦੀ ਹੋਈ) ਹੱਛਾ......ਦੂਰ ਨਹੀਂ ਗਿਆ । ਪਰ ਉਹ ਵੀ ਚਲਿਆ ਗਿਆ ਸਭਨਾਂ ਵਾਂਗ ।

[ਉਹ ਹੰਭ ਕੇ ਪੀੜ੍ਹੀ ਉਤੇ ਬੈਠ ਜਾਂਦੀ ਹੈ ।

ਇਸ ਤੋਂ ਪਹਿਲਾਂ ਮੈਨੂੰ ਉਸ ਦੀ ਉਡੀਕ ਸੀ, ਆਸ ਸੀ...... ਹੁਣ ਕਿਸੇ ਦੀ ਵੀ ਨਹੀਂ ਹੋਵੇਗੀ । (ਵਕਫ਼ਾ) ਜਦ ਸਿਆਲ ਦੀਆਂ ਕਾਲੀਆਂ ਰਾਤਾਂ ਨੂੰ ਕਣੀਆਂ ਪੈਣਗੀਆਂ ਤੇ ਬਾੜੇ ਵਿਚ ਮੈਂਹੀਆਂ ਝੁਲਾਂ ਹੇਠਾਂ ਕੰਬਣਗੀਆਂ ਤਾਂ ਮੈਂ ਇਕੱਲੀ ਕੋਠੇ 'ਚ ਬੈਠੀ ਹੋਵਾਂਗੀ......ਫੇਰ ਮੈਂ ਕਿਸ ਨੂੰ ਉਡੀਕਣੈ......ਕਿਸ

ਦੀਆਂ ਵਿੜਕਾਂ ਲੈਣੀਆਂ ਨੇ......।

ਪੁੰਨੀ — ਹਾਏ, ਪਹਿਲਾਂ ਤੇਰੀ ਕੌੜ ਬੋਲੀ ਤੋਂ ਅੱਕ ਕੇ ਉਹ ਦੋਵੇਂ ਚਲੇ ਗਏ। ਇਸ ਨੂੰ ਵੀ ਤੂੰ ਕੱਢ ਦਿੱਤਾ। ਸੱਦ ਲੈ ਹੁਣ ਵੀ!

ਬੇਬੇ — (ਖਿੱਝ ਕੇ) ਕੀ ਆਖਿਆ ਸੀ ਮੈਂ ਉਸ ਨੂੰ? ਮੈਂਹਿ ਗੁਆ ਆਇਆ — ਪੁੱਛਿਆ ਤਾਂ ਉਤੋਂ ਵਢੂ-ਖਾਊਂ ਕਰਨ ਲੱਗ ਪਿਆ। ਬੂਹਾ ਭੀੜ ਦੇ, ਚੰਗਿਆੜੇ ਉੱਡ ਉੱਡ ਪੈਂਦੇ ਨੇ। ਚੁਲ੍ਹੇ ਦੀ ਅੱਗ ਮੋੜ ਦੇ। ਨ੍ਹੇਰੀ ਠੱਲ੍ਹਣ ਪਿਛੋਂ ਮੈਂ ਤੇਰੇ ਬਾਪੂ ਕੋਲ ਖੇਤ ਜਾਊਂਗੀ ਤੇ ਮੈਂਹਿ ਟੋਲਾਂਗੇ।

[ਪੁੰਨੀ ਤਾਕੀ ਕੋਲ ਜਾਂਦੀ ਹੈ।

ਪੁੰਨੀ — ਮਾਂ, ਨ੍ਹੇਰੀ ਹੌਲੀ ਹੋ ਗਈ। ਖੱਖ ਬੈਠਦੀ ਜਾਂਦੀ ਐ। ਔਹ ਤਖਾਣਾਂ ਦੇ ਘਰ ਕੋਲ ਆਪਣੀ ਮੈਂਹਿ ਤੁਰੀ ਆਉਂਦੀ ਐ!

ਬੇਬੇ — ਕੀ?

ਪੁੰਨੀ — ਹਾਹੋ ਆਪਣੀ ਮੈਂਹਿ ਮੁੜ ਆਈ।

ਬੇਬੇ — ਮੇਰਾ ਪੁੱਤ! ਮੇਰਾ ਪੁੱਤ!!

[ਬੇਬੇ ਪੀੜ੍ਹੀ ਉਤੇ ਬੈਠ ਜਾਂਦੀ ਹੈ। ਉਸ ਦੇ ਮੂੰਹ ਉਤੇ ਉਦਾਸੀ ਦੀ ਛਾਂ ਹੈ ਤੇ ਉਸ ਦੀ ਝਾਕਣੀ ਖ਼ਾਲੀ ਖ਼ਾਲੀ ਹੈ। ਦੂਰੋਂ ਕੁੱਤੇ ਦੇ ਰੋਣ ਦੀ ਆਵਾਜ਼ ਸੁਣਾਈ ਦੇਂਦੀ ਹੈ।

ਪਰਦਾ

# ਡਾਕਟਰ ਪਲਟਾ

www.PunjabiLibrary.com

## ਪਾਤਰ

ਪਿਆਰਾ ਸਿੰਘ ਪਲਟਾ — ਦੰਦਾਂ ਦਾ ਡਾਕਟਰ
ਸਤਵੰਤ ਕੌਰ — ਉਸ ਦੀ ਪਤਨੀ
ਦਿਵਾਨ ਝੰਡਾ ਸਿੰਘ — ਮਾਲਕ ਮਕਾਨ
ਸਰੂਪ — ਡਾਕਟਰ ਦਾ ਦੋਸਤ
ਟੈਲੀਫ਼ੋਨ ਵਾਲਾ —

# ਡਾਕਟਰ ਪਲਟਾ

ਦੰਦਾਂ ਦੇ ਡਾਕਟਰ ਪਿਆਰਾ ਸਿੰਘ 'ਪਲਟਾ' ਦਾ ਮਰੀਜ਼ ਦੇਖਣ ਵਾਲਾ ਕਮਰਾ। ਇਕ ਪਾਸੇ ਮਰੀਜ਼ਾਂ ਦੇ ਦੰਦ ਵੇਖਣ ਵਾਲੀ ਕੁਰਸੀ ਪਈ ਹੈ ਤੇ ਨਾਲ ਹੀ ਮਸ਼ੀਨ। ਮੇਜ਼ ਉਤੇ ਸ਼ੀਸ਼ੀਆਂ, ਔਜ਼ਾਰ, ਜਮੂਰ ਤੇ ਟੈਲੀਫ਼ੋਨ। ਸਟੋਵ ਬਲ ਰਿਹਾ ਹੈ, ਜਿਸ ਉਤੇ ਡੱਬੇ ਵਿਚ ਔਜ਼ਾਰ ਉਬਲ ਰਹੇ ਹਨ।

ਪਰਦਾ ਉਠਦਾ ਹੈ ਤਾਂ ਪਿਆਰਾ ਸਿੰਘ ਠਾਠਾ ਬੰਨ੍ਹੀ ਕੁਰਸੀ ਉਤੇ ਬੈਠਾ ਡਾਕਟਰੀ ਦੀ ਇਕ ਮੋਟੀ ਕਿਤਾਬ ਫੋਲ ਰਿਹਾ ਹੈ। ਸਤਵੰਤ ਕੌਰ ਫ਼ਲਿੱਟ ਛਿੜਕ ਰਹੀ ਹੈ।

ਸਤਵੰਤ — ਹੁਣ ਠਾਠਾ ਲਾਹ ਦਿਉ, ਬਥੇਰਾ ਚਿਰ ਹੋ ਗਿਆ ਹੈ !

ਡਾਕਟਰ — ਨਹੀਂ, ਹਾਲੇ ਦਾੜ੍ਹੀ ਠੀਕ ਤਰ੍ਹਾਂ ਪ੍ਰੈੱਸ ਨਹੀਂ ਹੋਈ।

ਸਤਵੰਤ — ਤਿੰਨ ਘੰਟੇ ਹੋ ਗਏ ਨੇ ਏਸੇ ਤਰ੍ਹਾਂ ਘੁਗੂ ਵੱਟਾ ਬਣੇ ਬੈਠਿਆਂ ਨੂੰ। ਤਦੇ ਤਾਂ ਕੋਈ ਮਰੀਜ਼ ਨਹੀਂ ਵੜਦਾ।

ਡਾਕਟਰ — ਜਦ ਕੋਈ ਮਰੀਜ਼ ਆਉਂਦਾ ਹੈ ਤਾਂ ਤੂੰ ਦੇਖਿਆ ਹੈ ਕਦੀ ਇਹ ਠਾਠਾ ? ਮੇਰੇ ਵਾਲ ਈ ਰਤਾ ਕੁਢੱਬੇ ਨੇ। ਐਨੀ ਫ਼ਿਕਸੋ ਲਾਈ ਏ, ਪਰ.........।

ਸਤਵੰਤ — ਹਾਂ ਫ਼ਿਕਸੋ ! ਮੈਂ ਵੇਖੀ ਸੀ ਉਹ ਗੂੰਦ।

ਡਾਕਟਰ — ਗੂੰਦ ? ਪੂਰੇ ਤਿੰਨ ਰੁਪਏ ਖ਼ਰਚੇ ਸਨ। ਵਧੀਆ ਸ਼ੀਸ਼ੀ ਏ।

ਸਤਵੰਤ — (ਕੋਲ ਜਾ ਕੇ ਸੁੰਘਦੀ ਹੈ) ਹਾਏ ਹਾਏ ! ਕੋਰੀ ਗੂੰਦ !

ਡਾਕਟਰ — ਬਸ ਤਿੰਨ ਮਿੰਟ ਪਿਛੋਂ ਠਾਠਾ ਲਾਹ ਸੁਟਾਂਗਾ।

ਸਤਵੰਤ — ਮੈਂ ਤੁਸਾਂ ਨੂੰ ਐਨੀ ਵਾਰ ਆਖਿਆ ਏ ਕਿ ਏਸ ਕਮਰੇ ਵਿਚ ਠਾਠਾ ਬੰਨ੍ਹ ਕੇ ਨਾ ਬੈਠਿਆ ਕਰੋ।

ਡਾਕਟਰ — ਹਲਾ, ਛੇਤੀ ਛੇਤੀ ਫ਼ਲਿਟ ਛਿੜਕ ਦੇ, ਮਰੀਜ਼ਾਂ ਦੇ ਆਉਣ ਦਾ ਵੇਲਾ ਏ।

ਸਤਵੰਤ — ਹੂੰਹ ! ਆ ਚੁਕਿਆ ਮਰੀਜ਼। ਏਸ ਤਰ੍ਹਾਂ ਨਿਤ ਮਰੀਜ਼ ਦੀ ਉਡੀਕ ਕਰਦੇ ਕਰਦੇ ਤੁਸੀਂ ਆਪ ਮਰੀਜ਼ ਹੋ ਗਏ ਓ। ਦੇਖੋਂ ਨਾ, ਕੇਡੇ ਮਾੜੇ ਦਿੱਸਦੇ ਓ।

ਡਾਕਟਰ — (ਆਪਣੇ ਮੂੰਹ ਨੂੰ ਟੋਹ ਕੇ) ਹਲਾ ? ਪਹਿਲਾਂ ਪਹਿਲ ਏਕਰ ਹੀ ਹੁੰਦਾ ਏ। ਵਡੇ ਵਡੇ ਸ਼ਾਇਰ, ਲੀਡਰ ਤੇ ਡਾਕਟਰ ਪਹਿਲਾਂ ਪਹਿਲਾਂ ਭੁੱਖੇ ਈ ਮਰਦੇ ਹਨ। ਡਾਕਟਰ ਬੇਲੀ ਰਾਮ ਦਾ ਨਾਉਂ ਸੁਣਿਆ ਏ ਤੂੰ ? ਜਦੋਂ ਉਸ ਦੁਕਾਨ ਖੋਲ੍ਹੀ ਸੀ ਤਾਂ ਸ਼ੁਰੂ ਵਿਚ ਛੇ ਮਹੀਨੇ ਕੋਈ ਮਰੀਜ਼ ਨਹੀਂ ਸੀ ਵੜਿਆ।

ਸਤਵੰਤ — (ਫ਼ਲਿਟ ਛਿੜਕਦੀ ਹੈ) ਉਫ਼ ਕਿੰਨਾ ਮੱਛਰ !

[ਕੁਝ ਯਾਦ ਕਰਕੇ ਉਹ ਫ਼ਲਿਟ ਛਿੜਕਨਾ ਬੰਦ ਕਰ ਦਿੰਦੀ ਹੈ ਅਤੇ ਡਾਕਟਰ ਕੋਲ, ਜਿਹੜਾ ਮੁੜ ਕਿਤਾਬ ਪੜ੍ਹਨ ਲੱਗ ਪਿਆ ਹੈ, ਆ ਕੇ ਖਲੋ ਜਾਂਦੀ ਹੈ ।

ਡਾਕਟਰ — (ਸਿਰ ਚੁਕ ਕੇ) ਕੀ ?

ਸਤਵੰਤ — ਧੋਬੀ ਆਇਆ ਸੀ । ਹੁਣ ਉਸ ਦੀ ਧੁਲਾਈ ਦਣੀ ਏ ਕਿ ਛੱਜੂ ਵਾਂਗ ਉਸ ਨੂੰ ਵੀ ਟਰਕਾਈ ਰਖਣਾ ਏਂ ।

ਡਾਕਟਰ — ਕਿਉਂ – ਛੱਜੂ ਨੂੰ ਕੀ ?

ਸਤਵੰਤ — ਮਹੀਨਾ ਭਰ ਉਸ ਦੀ ਹੱਟੀ ਦਾ ਉਧਾਰ ਖਾਧਾ । ਭਾਵੇਂ ਸੱਤ ਅਠ ਰੁਪਏ ਹੀ ਸਨ, ਪਰ ਉਹ ਤਾਂ ਵਹੀ ਚੁੱਕ ਕੇ ਨਿਤ ਆ ਵੜਦਾ ਸੀ । ਮੈਂ ਤਾਂ ਮਹੱਲੇ ਵਾਲਿਆਂ ਨੂੰ ਮੂੰਹ ਨਹੀਂ ਸੀ ਦਿਖਾ ਸਕਦੀ । ਉਸ ਫੇਰੇ ਪਾ ਪਾ ਕੇ ਸਾਡੀ ਦਲ੍ਹੀਜ਼ ਨੀਵੀਂ ਕਰ ਦਿਤੀ । ਬਾਣੀਆ ਸੀ, ਏਸੇ ਲਈ ਤੁਹਾਡੇ ਕੋਲੋਂ ਡਰਦਾ ਰਿਹਾ, ਪਰ ਇਹ ਰਮਜ਼ਾਨ ਧੋਬੀ ਤਾਂ —

ਡਾਕਟਰ — ਹਾਂ, ਹਾਂ, ਮੈਨੂੰ ਪਤਾ ਏ । ਅੱਜ ਇਕ ਮਰੀਜ਼ ਨੇ ਆਉਣਾ ਏ । ਉਸ ਦਾ ਕੇਸ ਤਿਆਰ ਕਰ ਰਿਹਾ ਹਾਂ ।

ਸਤਵੰਤ — ਸਾਡੇ ਭਾਗਾਂ ਵਿਚ ਮਰੀਜ਼ ਕਿਥੇ !

ਡਾਕਟਰ — (ਆਸ ਦੀਆਂ ਨਜ਼ਰਾਂ ਨਾਲ) ਜੇ ਮੇਰੀ ਇਕ ਗੱਲ ਮੰਨੇਂ ...

ਸਤਵੰਤ — ਤੁਹਾਡੀਆਂ ਗੱਲਾਂ ਮੰਨਦੀ ਨੂੰ ਤਾਂ ਆਹ ਦਿਨ ਆ ਗਏ ਨੇ । ਐਡਾ ਅਠਾਰਾਂ ਫ਼ੁਟ ਦਾ ਫੱਟਾ ਲਗਿਆ ਏ ਬਾਹਰ — ਡਾਕਟਰ ਪਿਆਰਾ ਸਿੰਘ ਪਲਟਾ । ਪਰ ਖ਼ੌਰੇ ਮਰੀਜ਼ਾਂ ਦਾ ਇਥੇ ਆਉਂਦਿਆਂ ਸਾਹ ਨਿਕਲਦਾ ਏ । ਕੋਈ ਕਿਹੜਾ ਅੰਦਰ ਵੜਦਾ ਏ । (ਲੰਮਾ ਸਾਹ ਭਰ ਕੇ) ਜੇ ਤੁਸੀਂ ਮੇਰੀ ਗੱਲ ਮੰਨਦੇ ...

ਡਾਕਟਰ — (ਉਤਾਵਲੇ) ਕੀ ?

ਸਤਵੰਤ — ਏਸ ਤੋਂ ਚੰਗਾ ਤਾਂ ਦੁੱਧ ਦਹੀਂ ਦੀ ਦੁਕਾਨ ਖੋਲ੍ਹ ਲਓ। ਤੁਹਾਡੀ ਦੇਹ ਸੁੱਕ ਗਈ ਏ। ਦੁੱਧ ਪੀ ਕੇ ਕੁਝ ਸੇਹਤ ਬਣਾਈ ਹੁੰਦੀ। ਚਾਂਦਨੀ ਚੌਕ ਵਿਚ ਸੁਜਾਨ ਸਿੰਘ ਦੀ ਹੱਟੀ ਕੇਡੀ ਚੱਲ ਨਿਕਲੀ ਏ। ਦਹੀਂ ਦੇ ਵੀਹ ਕੂੰਡੇ ਰੋਜ਼ ਲਗ ਜਾਂਦੇ ਹਨ। ਅੰਨ੍ਹੀ ਖੱਟੀ ਏ। ਮੈਂ ਸ਼ਰਤ ਲਾਉਂਦੀ ਆਂ ਕਿ ਤੁਹਾਡੀ ਦੁੱਧ ਦਹੀਂ ਦੀ ਹੱਟੀ...

ਡਾਕਟਰ — ਚੁਪ, ਚੁਪ। ਕੱਲ੍ਹ ਜਿਹੜਾ ਮਰੀਜ਼ ਮਿਲਿਆ ਸੀ, ਉਸ ਦੇ ਆਉਣ ਦਾ ਵੇਲਾ ਏ। ਮੈਂ ਤੈਨੂੰ ਦਿਖਾ ਦਿਆਂਗਾ ਕਿ ਡਾਕਟਰੀ ਵਿਚ ਮੇਰੀ ਪ੍ਰੈਕਟਿਸ ਕਿੰਨੀ ਚਲਦੀ ਏ। ਜੇ ਨਾ ਸੁਜਾਨ ਸਿੰਘ ਦੀ ਹੱਟੀ ਭੁੱਲ ਜਾਵੇਂ। ਪਰ ਏਸ ਲਈ ਰਤਾ ਸਬਰ ਦੀ ਲੋੜ ਏ।

ਸਤਵੰਤ — ਸਬਰ ਸਬਰ ! ਕਿਸੇ ਗੱਲ ਲਈ ਪੈਸੇ ਮੰਗੋ, ਸਬਰ ! ਅੱਜ ਏਸ ਧੋਬੀ ਦੇ ਪੈਸੇ ਜ਼ਰੂਰ ਦੇ ਦੇਣਾ। ਬੜਾ ਝਗੜਾਲੂ ਆਦਮੀ ਏ। ਪਠਾਣ ਏ ਪਠਾਣ।

ਡਾਕਟਰ — ਪਠਾਣ ਏ ਤਾਂ ਕੀ ਹੋਇਆ ? (ਮੁੱਛਾਂ ਨੂੰ ਵੱਟ ਦਿੰਦੇ ਹੋਏ) ਤੈਨੂੰ ਯਾਦ ਏ, ਚਾਰ ਵਰ੍ਹੇ ਪਹਿਲਾਂ ਕਾਲਜ ਵਿਚ ਮੈਂ ਹਰੀ ਸਿੰਘ ਨਲੂਏ ਦਾ ਪਾਰਟ ਕੀਤਾ ਸੀ ਤਾਂ —

ਸਤਵੰਤ — (ਅੱਕ ਕੇ) ਹਾਂ — ਮੈਨੂੰ ਯਾਦ ਏ ਜੋ ਉਸ ਵੇਲੇ ਤੁਸੀਂ ਤੇਗ਼ਾਂ ਮਾਰੀਆਂ ਸਨ। ਇਹ ਹਰੀ ਸਿੰਘ ਨਲੂਏ ਦੀ ਕਥਾ ਤੁਸੀਂ ਮੈਨੂੰ ਵੀਹ ਵਾਰ ਸੁਣਾ ਚੁੱਕੇ ਓ। ਪਰ ਰਮਜ਼ਾਨ ਧੋਬੀ ਨੇ ਇਹ ਗੱਲ ਨਹੀਂ ਸੁਣਨੀ। ਉਹ ਪਠਾਣ ਏ।

ਡਾਕਟਰ — (ਗ਼ੁੱਸੇ ਵਿਚ) ਤਦੇ ਕਪੜੇ ਚੰਗੇ ਨਹੀਂ ਧੋਂਦਾ। ਦੇਖ, ਮੇਰੀ ਕਮੀਜ਼ ਉਕਾ ਪਾਣੀ ਵਿਚੋਂ ਕੱਢ ਕੇ ਨਪੀੜ ਸੁਟੀ ਏ। ਪਠਾਣ

ਤੋਂ ਵੀ ਕਦੇ ਕਪੜੇ ਧੋਤੇ ਗਏ ਨੇ । ਹਾਏ, ਕਪੜੇ ਧੋਂਦੇ ਨੇ ਇਹ ਪੂਰਬੀਏ। ਪਹਿਲਾਂ ਕੱਲੂ ਕਿੰਨੇ ਸੁਹਣੇ ਧੋਂਦਾ ਸੀ — ਖਿੱਲਾਂ ਵਾਂਗ ਚਿੱਟੇ । ਪਾ ਕੇ ਤਬੀਅਤ ਖ਼ੁਸ਼ ਹੋ ਜਾਂਦੀ ਸੀ। ਦੋ ਕੰਮ ਇਹ ਭਈਏ ਕਮਾਲ ਦਾ ਕਰਦੇ ਨੇ — ਘਾਹ ਖੋਤਰਣਾ ਤੇ ਕਪੜੇ ਧੋਣਾ। ਤੂੰ ਕੱਲੂ ਧੋਬੀ ਨੂੰ ਕਿਉਂ ਹਟਾ ਦਿਤਾ ? ਵਿਚਾਰਾ ਸ਼ਰੀਫ਼ ਆਦਮੀ ਸੀ। ਪੈਸਿਆਂ ਲਈ ਇਸ ਜਿੰਨ ਵਾਂਗ ਸਿਰ ਉਤੇ ਤਾਂ ਨਹੀਂ ਸੀ ਚੜ੍ਹ ਬੈਠਦਾ।

ਸਤਵੰਤ — ਅਛਾ-ਅਛਾ-ਅਗੇ ਤੋਂ ਉਸ ਭਈਏ ਨੂੰ ਲਾ ਲਵਾਂਗੀ। ਪਰ ਇਹ ਪਿਛਲੇ ਪੈਸੇ ਤਾਂ ਚੁਕਾਣੇ ਪੈਣਗੇ।

ਡਾਕਟਰ — ਅਜ ਇਕ ਆਦਮੀ ਨੇ ਦੰਦਾਂ ਦਾ ਸੈੱਟ ਲੈਣ ਆਉਣਾ ਏ। ਮੈਂ ਉਸ ਲਈ ਦੰਦ ਬਣਾ ਕੇ ਰੱਖੇ ਹਨ। ਸ਼ਾਮ ਨੂੰ ਧੋਬੀ ਦੇ ਪੈਸੇ ਚੁਕਾ ਦਵਾਂਗਾ।

ਸਤਵੰਤ — ਹਾਂ, ਇਹ ਕਰਜ਼ ਤਾਂ ਲਾਹੋ। ਹੁਣ ਮੈਂ ਆਪ ਕਪੜੇ ਧੋ ਲਿਆ ਕਰਾਂਗੀ। ਦੋ ਸੋਟੇ ਮਾਰੇ, ਰਤਾ ਨੀਲ ਲਾਇਆ ਤੇ ਇਸਤਰੀ ਕਰ ਲਏ। ਆਖ਼ਿਰ ਕਪੜੇ ਧੋਣ ਵਿਚ ਹੈ ਈ ਕੀ। ਪਰ ਹਾਏ, ਤੁਹਾਡੇ ਕੋਲ ਕਪੜੇ ਹੈਨ ਈ ਕਿਹੜੇ। ਇਕ ਪਤਲੂਨ ਜਿਸ ਨੂੰ ਤਿੰਨ ਟਾਕੀਆਂ ਲਗੀਆਂ ਹੋਈਆਂ ਹਨ। ਇਸ ਨੂੰ ਸਿਉਂ ਸਿਉਂ ਕੇ ਮੇਰੇ ਪੋਟੇ ਰਹਿ ਗਏ ਨੇ। ਮੈਂ ਆਪ ਪਿਛਲੇ ਸਾਲ ਤੋਂ ਕਪੜਿਆਂ ਲਈ ਤਰਸ ਗਈ ਆਂ। ਬਸ ਉਹੀ ਘਟੀਆ ਜਿਹੀ ਮੁਚੜੀ ਹੋਈ ਚੁੰਨੀ। ਵਿਆਹ ਤੋਂ ਪਹਿਲਾਂ ਆਖਦੇ ਸਉ ਹਰ ਗਰਮੀ ਅਸੀਂ ਕਸ਼ਮੀਰ ਚਲਿਆ ਕਰਾਂਗੇ। ਮੈਂ ਤੈਨੂੰ ਨਿਤ ਨਵੇਂ ਸੂਟ, ਨਵੇਂ ਕਪੜੇ, ਨਵੇਂ ਡੀਜ਼ਾਈਨ ਦੀ ਸੈਂਡਲ ਲੈ ਕੇ ਦਿਆ ਕਰਾਂਗਾ। ਪਰ ਇਥੇ ਇਹਨਾਂ ਠਿੱਬੇ ਛਿੱਤਰਾਂ ਬਾਝੋਂ ਕਦੇ ਕੁਝ ਨਹੀਂ ਜੁੜਿਆ।

ਡਾਕਟਰ — ਮੈਂ ਕਰਾਂ ਵੀ ਕੀ ? ਇਸ ਦਿੱਲੀ ਸ਼ਹਿਰ ਵਿਚ ਐਨੇ ਲੋਕ ਬਿਮਾਰ ਪੈਂਦੇ ਹਨ । ਹੈਜ਼ਾ, ਮਲੇਰੀਆ, ਜ਼ੁਕਾਮ, ਪਲੇਗ — ਪਰ ਕਿਸੇ ਦਾ ਦੰਦ ਨਹੀਂ ਦੁਖਦਾ। ਸਾਡੇ ਲੋਕਾਂ ਦੇ ਦੰਦ ਹੁੰਦੇ ਵੀ ਬੜੇ ਮਜ਼ਬੂਤ ਨੇ। ਬਸ ਇਕੋ ਚੀਜ਼ ਸਾਡੇ ਲੋਕਾਂ ਕੋਲ ਹੈ : ਦੰਦ। ਅੰਗਰੇਜ਼ ਵੀ ਇਸ ਗੱਲ ਨੂੰ ਮੰਨਦਾ ਸੀ ਤੇ ਆਖਦਾ ਸੀ ਪਈ ਹਿੰਦੁਸਤਾਨੀਆਂ ਦੇ ਦੰਦ ਬੜੇ ਮਜ਼ਬੂਤ ਹਨ। ਅਖ਼ਰੋਟ, ਬਦਾਮ, ਖ਼ੁਰਮਾਨੀ ਦੀ ਗਿਟਕ ਤੀਕ ਦੰਦਾਂ ਨਾਲ ਹੀ ਤੋੜ ਲੈਂਦੇ ਹਨ। ਏਸੇ ਲਈ ਇਥੇ ਕੋਈ ਨਹੀਂ ਵੜਦਾ। ਦਿੱਲੀ ਹੈ ਈ ਅਜਿਹਾ ਸ਼ਹਿਰ ! ਲੋਕ ਅਸਲੋਂ ਕੰਜੂਸ ! ਉਹ ਦੇਖਿਆ ਸੀ ਬਾਊ। ਮੈਂ ਉਸ ਦਾ ਦੰਦ ਕਢਿਆ, ਆਖਣ ਲਗਾ, 'ਜੀ ਮੈਂ ਤਾਂ ਚਾਰ ਆਨੇ ਦਵਾਂਗਾ। ਤੁਸੀਂ ਕੀਤਾ ਹੀ ਕੀ ਏ ? ਮੇਰੇ ਮੂੰਹ ਵਿਚੋਂ ਕੁਝ ਕਢਿਆ ਈ ਏ, ਪਾਇਆ ਤਾਂ ਕੁਝ ਨਹੀਂ ਨਾ। ਕੋਈ ਦਵਾ ਨਹੀਂ, ਕੋਈ ਦਾਰੂ ਨਹੀਂ, ਕੋਈ ਬੂਟੀ ਨਹੀਂ, ਕੋਈ ਸ਼ੀਸ਼ੀ ਨਹੀਂ। ਬੱਸ ਜਮੂਰ ਨਾਲ ਖਿੱਚ ਕੇ ਦੰਦ ਕੱਢ ਦਿਤਾ। ਚਾਰ ਆਨੇ ਥੋੜੇ ਨੇ ?'

ਸਤਵੰਤ — ਤੁਸੀਂ ਪੜ੍ਹਾਈ ਵੀ ਤਾਂ ਦੰਦਾਂ ਦੀ ਹੀ ਕੀਤੀ। ਜੇ ਕਿਤੇ ਅੱਖਾਂ ਦਾ ਇਮਤਿਹਾਨ ਪਾਸ ਕਰਦੇ ਤੇ ਬਾਹਰ ਲਿਖਿਆ ਹੁੰਦਾ : 'ਅੱਖਾਂ ਦਾ ਵੱਡਾ ਹਸਪਤਾਲ' — ਤਾਂ ਇਹ ਸਾਰਾ ਬਰਾਂਡਾ ਹਰੀਆਂ ਪੱਟੀਆਂ ਵਾਲਿਆਂ ਨਾਲ ਭਰਿਆ ਹੁੰਦਾ। ਤੁਹਾਡੇ ਸਾਮ੍ਹਣੇ ਈ ਉਸ ਕਾਣੇ ਡਾਕਟਰ ਨੇ ਅੱਖਾਂ ਠੀਕ ਕਰਨ ਦੀ ਦੁਕਾਨ ਖੋਲ੍ਹੀ ਏ। ਹਰ ਵੇਲੇ ਅੰਨ੍ਹਿਆਂ ਦੀ ਭੀੜ ਲਗੀ ਰਹਿੰਦੀ ਏ — ਕਿਸੇ ਨੂੰ ਕੁਕਰੇ ਨੇ, ਕਿਸੇ ਨੂੰ ਫੋਲਾ, ਕਿਸੇ ਨੂੰ ਮੋਤੀਆ। ਸੌ ਬਿਮਾਰੀਆਂ। ਪਰ ਇਥੇ ਦੰਦਾਂ ਦਾ ਡਾਕਟਰ ! ਜੇ ਕਿਸੇ ਦਾ ਇਕ ਅੱਧਾ ਦੰਦ ਟੁੱਟ ਵੀ ਜਾਏ ਤਾਂ ਕੋਈ ਪ੍ਰਵਾਹ

ਈ ਨਹੀਂ ਕਰਦਾ। ਵਾਹਿਗੁਰੂ ਨੇ ਦਿਤੇ ਵੀ ਤਾਂ ਸੁਖ ਨਾਲ ਪੂਰੇ ਬੱਤੀ ਨੇ, ਦੋ ਚਾਰ ਦੰਦਾਂ ਦਾ ਕੀ ਲੇਖਾ।

ਡਾਕਟਰ — ਤੂੰ ਫ਼ਿਕਰ ਨਾ ਕਰ। ਜੇ ਦਿਨਾਂ ਵਿਚ ਈ ਨਾ ਡਾਕਟਰ ਪਿਆਰਾ ਸਿੰਘ ਪਲਟਾ ਦਾ ਨਾਉਂ ਸਾਰੇ ਸ਼ਹਿਰ ਵਿਚ ਧੁਮ ਜਾਵੇ! ਤੈਨੂੰ ਉਸ ਦਿਨ ਆਖਿਆ ਸੀ ਨਾ ਕਿ ਜੇ ਅਸੀਂ ਟੈਲੀਫ਼ੋਨ ਲਵਾ ਲਈਏ ਤਾਂ ਪ੍ਰੈਕਟਿਸ ਚੌਥੇ ਦਿਨ ਚਲ ਨਿਕਲੇਗੀ। ਇਹ ਛੇ ਮਹੀਨੇ ਮੈਂ ਐਵੇਂ ਈ ਗਾਲ ਦਿਤੇ। ਜੇ ਪਹਿਲੇ ਦਿਨ ਤੋਂ ਈ ਟੈਲੀਫ਼ੋਨ ਲਵਾ ਲੈਂਦਾ ਤਾਂ ਹੁਣ ਨੂੰ ਸਭ ਕੁਝ ਠੀਕ ਹੋਇਆ ਹੁੰਦਾ। (ਮੇਜ਼ ਉਤੇ ਪਏ ਹੋਏ ਟੈਲੀਫ਼ੋਨ ਨੂੰ ਹਿਲਾ ਕੇ) ਬਸ ਹੁਣ ...

ਸਤਵੰਤ — ਹੁਣ ਕੀ ?

ਡਾਕਟਰ — ਬੱਸ ਹੁਣ ਤੂੰ ਦੇਖਦੀ ਜਾ। ਇਹ ਟੈਲੀਫ਼ੋਨ ਫਿੱਟ ਹੋ ਗਿਆ ਏ, ਕਨੈਕਸ਼ਨ ਲੈਣ ਦੀ ਢਿੱਲ ਏ।

ਸਤਵੰਤ — ਦੇਖ ਲਵਾਂਗੀ ਟੈਲੀਫ਼ੋਨ ਲੱਗੇ ਤੋਂ।

ਡਾਕਟਰ — ਲੱਗੇ ਤੋਂ ਕੀ ? ਟੈਲੀਫ਼ੋਨ ਤਾਂ ਲੱਗ ਗਿਆ ਏ। ਮੈਂ ਸਭ ਦੋਸਤਾਂ ਨੂੰ ਆਖ ਦਿਤਾ ਏ ਕਿ ਟੈਲੀਫ਼ੋਨ ਲੱਗ ਗਿਆ ਏ ... ਬੇਸ਼ੁਮਾਰ ਮਰੀਜ਼ਾਂ ਦੇ ਸੱਦੇ ਆਏ ਰਹਿੰਦੇ ਨੇ ... ਵਿਹਲ ਨਹੀਂ ਮਿਲਦੀ। ਭਲਾ ਤੂੰ ਈ ਦੱਸ, ਡਾਕਟਰ ਦੀ ਹੱਟੀ ਟੈਲੀਫ਼ੋਨ ਬਗ਼ੈਰ ਚੱਲ ਸਕਦੀ ਏ ਕਿਤੇ ? ਭਲੀਏ ਲੋਕੇ, ਇਸ ਦਿੱਲੀ ਵਿਚ ਸਾਰਾ ਵਪਾਰ ਟੈਲੀਫ਼ੋਨ ਉਤੇ ਈ ਹੁੰਦਾ ਏ। ਕੋਈ ਡਾਕਟਰ ਬਗ਼ੈਰ ਟੈਲੀਫ਼ੋਨ ਦੇ ਨਹੀਂ ਜੀ ਸਕਦਾ। ਗੌਰਮਿੰਟ ਵੀ ਟੈਲੀਫ਼ੋਨ ਸਭ ਤੋਂ ਪਹਿਲਾਂ ਡਾਕਟਰਾਂ ਨੂੰ ਈ ਦਿੰਦੀ ਏ।

ਸਤਵੰਤ — ਪਰ ਤੁਹਾਨੂੰ ਤਾਂ ਨਾ ਦਿਤਾ ਨਾ। ਤੁਹਾਨੂੰ ਤਾਂ ਪੂਰੇ ਦੋ ਹਜ਼ਾਰ ਕੌੜੇ ਕਰਨੇ ਪਏ। ਤੇ ਇਸ ਦੋ ਹਜ਼ਾਰ ਤਾਰਨ ਲਈ ਤੁਸੀਂ

ਮੇਰਾ ਚੂੜੀ ਛੱਲਾ ਸਭ ਕੁਝ ਵੇਚ ਸੁਟਿਆ। ਹਾਏ ! ਮੇਰੀਆਂ ਸੋਨੇ ਦੀਆਂ ਚੂੜੀਆਂ ਦਾ ਕਿੰਨਾਂ ਵਧੀਆ ਡਜ਼ਾਈਨ ਸੀ। ਪਰ ਤੁਸੀਂ ਅਜਿਹੇ ਟੈਲੀਫ਼ੋਨ ਦੇ ਮਗਰ ਪਏ ਕਿ ਮੈਨੂੰ ਹੱਥੋਂ ਕੰਨੋਂ ਬੁੱਟੀ ਕਰ ਦਿਤਾ। ਬੱਸ ਹੁਣ ਮੈਨੂੰ ਗਹਿਣੇ ਧਰ ਦਿਉ, ਏਸ ਦੀ ਕਸਰ ਏ — ਫੇਰ ਸ਼ਾਇਦ ਤੁਹਾਡੀ ਹੱਟੀ ਚੱਲ ਪਵੇ।

ਡਾਕਟਰ — ਕੋਈ ਗੱਲ ਨਹੀਂ। ਹੁਣ ਟੈਲੀਫ਼ੋਨ ਲੱਗ ਗਿਆ ਏ। ਮੈਂ ਤੈਨੂੰ ਏਸੇ ਟੈਲੀਫ਼ੋਨ ਦੇ ਸਦਕੇ ਮਹੀਨੇ ਵਿਚ ਈ ਚੂੜੀਆਂ ਬਣਵਾ ਦਵਾਂਗਾ। ਫ਼ਿਕਰ ਨਾ ਕਰ। ਪਰ ਏਸ ਲਈ ਤੈਨੂੰ ਇਕ ਕੰਮ ਕਰਨਾ ਪਵੇਗਾ।

ਸਤਵੰਤ — ਕੀ ?

ਡਾਕਟਰ — ਉਹ ਟਾਈਮ ਪੀਸ ਚੁਕ ਲਿਆ ਰਤਾ।

[ਸਤਵੰਤ ਟਾਈਮ ਪੀਸ ਚੁਕ ਕੇ ਲਿਆਂਦੀ ਹੈ।

ਸਤਵੰਤ — ਲਓ।

ਡਾਕਟਰ — ਵਜਦਾ ਏ ?

ਸਤਵੰਤ — ਹਾਂ। ਤੁਸੀਂ ਛੇ ਵਜੇ ਉਤੇ ਅਲਾਰਮ ਲਾਇਆ ਹੋਇਆ ਏ, ਪਰ ਤੜਕੇ ਉਠੇ ਕਦੀ ਨਹੀਂ। ਘੰਟੀ ਵੱਜ ਵੱਜ ਕੇ ਚੁਪ ਹੋ ਜਾਂਦੀ ਏ। ਮੈਂ ਤਾਂ ਆਖਨੀ ਆਂ, ਤੁਸੀਂ ਐਵੇਂ ਈ ਲਿਆਂਦਾ ਇਹ ਟਾਈਮ ਪੀਸ।

ਡਾਕਟਰ — ਗੱਲ ਤਾਂ ਸੁਣ। ਜਦ ਕੋਈ ਮਰੀਜ਼ ਬਾਹਰੋਂ ਕੁੰਡੀ ਖੜਕਾਵੇ, ਤੂੰ ਝਟ ਦੂਜੇ ਕਮਰੇ ਵਿਚ ਜਾ ਕੇ ਟਾਈਮ ਪੀਸ ਦਾ ਅਲਾਰਮ ਵਜਾ ਦਿਆ ਕਰੀਂ।

ਸਤਵੰਤ — ਇਸ ਦਾ ਕੀ ਫ਼ਾਇਦਾ ?

ਡਾਕਟਰ — ਜਦ ਕੋਈ ਮਰੀਜ਼ ਆਇਆ ਤਾਂ ਮੈਂ ਟੈਲੀਫ਼ੋਨ ਉਤੇ ਕਿਸੇ

ਨਾਲ ਗੱਲਾਂ ਕਰਨ ਲਗ ਪਿਆ ਕਰਾਂਗਾ। ਮਰੀਜ਼ ਸਮਝੇਗਾ ਕਿ ਮੈਂ ਬੜਾ ਮਸਰੂਫ਼ ਆਂ। ਹਰ ਵੱਡੇ ਬਿਜ਼ਨਸ ਦਾ ਇਹੋ ਗੁਰ ਏ ਕਿ ਆਪਣਾ ਪੋਲ ਨਾ ਦੱਸੋ। ਇਹ ਵਡੇ ਵਡੇ ਬੈਂਕ, ਵਡੇ ਵਡੇ ਸੇਠ ਅੰਦਰੋਂ ਸਭ ਪੋਲਮ-ਪੋਲ ਹੁੰਦੇ ਹਨ, ਪਰ ਬਾਹਰੋਂ ਕਿਸੇ ਨੂੰ ਪਤਾ ਨਹੀਂ ਚਲਦਾ। ਬਿਜ਼ਨਸ ਵਿਚ ਲਾਖ ਜਾਵੇ, ਪਰ ਸਾਖ ਨਾ ਜਾਵੇ। ਏਹੋ ਗੱਲ ਡਾਕਟਰੀ ਵਿਚ ਏ। ਬੱਸ ਏਸੇ ਨਾਲ ਜੇ ਮੈਂ ਉਸ ਤੋਂ ਫ਼ੀਸ ਦੋ ਰੁਪਏ ਮੰਗਣੀ ਹੋਵੇ ਤਾਂ ਪੰਜ ਮੰਗਿਆਂ ਕਰਾਂਗਾ। ਚਾਬੀ ਦੇ ਕੇ ਦੇਖ।

ਸਤਵੰਤ — ਦੇਖਦੀ ਆਂ।

ਡਾਕਟਰ — ਲਿਆ ਮੈਨੂੰ ਦਿਖਾ।

ਸਤਵੰਤ — ਲਓ।

ਡਾਕਟਰ — (ਚਾਬੀ ਦੇ ਕੇ) ਹੁਣ ਘੰਟੀ ਵਜਾ ਕੇ ਦਿਖਾ।

ਸਤਵੰਤ — (ਅਲਾਰਮ ਦੀ ਘੰਟੀ ਵਜਾ ਕੇ) ਠੀਕ ਏ ਨਾ ?

ਡਾਕਟਰ — ਸ਼ਾਬਾਸ਼ !

[ਬਾਹਰੋਂ ਠੱਕ ਠੱਕ ਦੀ ਅਵਾਜ਼ ਆਉਂਦੀ ਹੈ।

ਲੈ ਹੁਣ ਛੇਤੀ ਦੂਜੇ ਕਮਰੇ ਵਿਚ ਜਾ – ਤੇ ਜਾ ਕੇ ਅਲਾਰਮ ਦੀ ਘੰਟੀ ਵਜਾ। ਮੈਂ ਟੈਲੀਫ਼ੋਨ ਚੁਕ ਲਵਾਂਗਾ। ਜਾ ਛੇਤੀ ਕਰ !

[ਠੱਕ ਠੱਕ।

(ਉੱਚੀ ਦੇਣੀ) ਠਹਿਰੋ ! ਵੇਟ ਪਲੀਜ਼ ! ਡਾਕਟਰ ਬਿਜ਼ੀ ! (ਪੋਲੇ ਜਿਹੇ) ਛੇਤੀ ਕਰ ... ਤੂੰ ਜਾਹ —

ਸਤਵੰਤ — (ਟਾਈਮ ਪੀਸ ਨੂੰ ਹੇਠਾਂ ਉਤੇ ਕਰ ਕੇ, ਛੇਤੀ ਛੇਤੀ) ਕੀ ਕਰਾਂ ? ਇਹ ਠੀਕ ਨਹੀਂ ਆਉਂਦਾ —

ਡਾਕਟਰ — (ਘਾਬਰੇ ਹੋਏ ਉਠ ਕੇ) ਘੰਟੀ ਨਹੀਂ ਵਜਦੀ ?

ਸਤਵੰਤ — ਨਾ ।

ਡਾਕਟਰ — ਲਿਆ ਮੈਂ ਠੀਕ ਕਰ ਦੇਵਾਂ ।

[ਠੱਕ ਠੱਕ ।

ਬਸ ਦੋ ਮਿੰਟ......ਦੋ ਮਿੰਟ......ਠਹਿਰੋ ! ਹੁਣੇ ਆਇਆ !

[ਘੰਟੀ ਠੀਕ ਕਰ ਕੇ ਸਤਵੰਤ ਨੂੰ ਟਾਈਮ-ਪੀਸ ਫੜਾਉਂਦਾ ਹੈ ।

(ਖ਼ੁਸ਼ੀ ਨਾਲ) ਮਰੀਜ਼ ਆ ਰਿਹਾ ਏ ! ਉਸ ਬੂਹੇ ਉਤੇ ਠੱਕ ਠੱਕ ਲਾ ਰਖੀ ਏ ! ਕੋਈ ਡਾਢਾ ਮਰੀਜ਼ ਏ — ! ਜ਼ਰੂਰ ਦਾੜ੍ਹ ਦੀ ਪੀੜ ਨਾਲ ਮਰ ਰਿਹਾ ਹੋਣਾ ਏ ! ਛੇਤੀ......ਛੇਤੀ......

[ਸਤਵੰਤ ਅੰਦਰ ਜਾਂਦੀ ਹੈ ਤੇ ਅਲਾਰਮ ਦੀ ਘੰਟੀ ਵਜਾਉਂਦੀ ਹੈ ।

ਆ ਜਾਉ......ਆ ਜਾਓ ।

[ਘੰਟੀ ਵਜਦੀ ਹੈ । ਡਾਕਟਰ ਟੈਲੀਫ਼ੋਨ ਚੁਕ ਲੈਂਦਾ ਹੈ, ਤੇ ਗੱਲਾਂ ਕਰਨ ਲਗਦਾ ਹੈ । ਦਿਵਾਨ ਝੰਡਾ ਸਿੰਘ ਹੱਥ ਵਿਚ ਖੂੰਡੀ ਲਈ ਅੰਦਰ ਦਾਖ਼ਲ ਹੁੰਦਾ ਹੈ । ਉਸ ਦੀ ਕਰੜ-ਬਰੜੀ ਅੱਧ-ਚਿੱਟੀ ਦਾੜ੍ਹੀ ਚੜ੍ਹੀ ਹੋਈ ਹੈ; ਸਿਰ ਉਤੇ ਦੋ ਮੰਨਜ਼ਲੀ ਪੱਗ ਹੈ ਜਿਸ ਵਿਚੋਂ ਲਾਲ ਫ਼ਿਫ਼ਟੀ ਝਾਕਦੀ ਹੈ; ਮੱਥੇ ਉਤੇ ਤਿਊੜੀ ਹੈ ਜੋ ਲੋਕਾਂ ਨਾਲ ਲਗਾਤਾਰ ਖਰ੍ਹਵੇ ਵਰਤਾ ਹੋਣ ਕਰ ਕੇ ਇਕ ਸਦੀਵੀ ਚਿੰਨ੍ਹ ਬਣ ਗਿਆ ਜਾਪਦੀ ਹੈ ।

ਡਾਕਟਰ — (ਟੈਲੀਫ਼ੋਨ ਉਤੇ ਗੱਲਾਂ ਕਰਦੇ ਹੋਏ) ਜੀ......ਜੀ ਹਾਂ...... ਠੀਕ......ਮੈਂ ਦਵਾ ਘੱਲ ਦਿਤੀ ਏ......ਕੀ ਆਖਿਆ......

ਹਾ ਹਾ ਹਾ......ਤੁਹਾਡੀ ਮਿਹਰਬਾਨੀ......ਤੁਸੀਂ ਠੀਕ ਆਖਦੇ ਓ — ਏਸੇ ਲਈ ਅਮ੍ਰੀਕਾ ਵਿਚ ਲੋਕ ਅਸਲੀ ਦੰਦ ਉਖੜਵਾ ਕੇ ਮਨਸੂਈ ਦੰਦ ਲਗਵਾ ਲੈਂਦੇ ਨੇ......ਇਹ ਮਸਨੂਈ ਦੰਦ ਅਸਲੀ ਦੰਦਾਂ ਨਾਲੋਂ ਕਿਤੇ ਮਜ਼ਬੂਤ ਤੇ ਸੁਹਣੇ ਹੁੰਦੇ ਹਨ। ਇਨ੍ਹਾਂ ਨੂੰ ਨਾ ਕੀੜੇ ਦਾ ਖ਼ਤਰਾ, ਨਾ ਰੋਗ ਦਾ, ਨਾ ਦਰਦ ਦਾ......ਅੱਛਾ ਮੈਂ ?......ਕੋਈ ਗੱਲ ਨਹੀਂ......ਹਾਂ......ਤਿੰਨ ਸੌ ਰੁਪਏ......ਆ ਜਾਣਗੇ......ਆਹੋ ਸ਼ਾਮ ਨੂੰ ਨੌਕਰ ਹੱਥ ਚੈੱਕ ਭਿਜਵਾ ਦੇਣਾ......ਮਿਹਰਬਾਨੀ......ਕੋਈ ਛੇਤੀ ਨਹੀਂ ... ਹੋ ਹੋ ਹੋ ! ਅਛਾ......ਅਛਾ, ਘਰ ਦੀ ਗੱਲ ਏ......

ਆਦਮੀ — ਮੈਂ ਵੀ ਘਰ ਦੀ ਗੱਲ ਈ ਕਰਨ ਆਇਆ ਹਾਂ !

ਡਾਕਟਰ — ਘਰ ਦੀ ਗੱਲ ?

ਆਦਮੀ — ਹਾਂ, ਡਾਕਟਰ ਸਾਹਿਬ ਇਹ ਮੇਰਾ ਅਠਵਾਂ ਫੇਰਾ ਏ।

ਡਾਕਟਰ — ਕੌਣ, ਕੌਣ —? (ਟੈਲੀਫ਼ੋਨ ਰਖ ਕੇ) ਆਓ, ਆਓ — ਬੈਠੋ, ਦਿਵਾਨ ਸਾਹਿਬ !

[ਕੁਰਸੀ ਉਤੋਂ ਉਠ ਖੜੋਂਦਾ ਹੈ।

ਦਿਵਾਨ ਝੰਡਾ ਸਿੰਘ — (ਖੂੰਡੀ ਖੜਕਾ ਕੇ) ਡਾਕਟਰ ਸਾਹਿਬ ! ਸ਼ਰੀਫ਼ ਸਮਝ ਕੇ ਪਗੜੀ ਦੇ ਬਗ਼ੈਰ ਮੈਂ ਤੁਹਾਨੂੰ ਇਹ ਮਕਾਨ ਕਿਰਾਏ ਚਾੜ੍ਹ ਦਿਤਾ। ਪਰ ਤੁਸੀਂ ਸ਼ਰੀਫ਼ਾਂ ਵਾਲਾ ਕੋਈ ਵਿਹਾਰ ਹੀ ਨਹੀਂ ਰਖਿਆ।

ਡਾਕਟਰ — ਦਿਵਾਨ ਸਾਹਿਬ ! ਬੈਠੋ ਤਾਂ ਸਹੀ — ਮੈਂ ਤੁਹਾਨੂੰ ਅਰਜ਼ ਕਰਾਂ......ਇਕ ਮੁਸੀਬਤ ਵਿਚ ਫੱਸ ਗਿਆ ਸਾਂ, ਨਹੀਂ ਤਾਂ ਤੁਹਾਨੂੰ ਪਤਾ ਏ, ਮੈਂ ਕਦੀ ਪਹਿਲੀ ਤ੍ਰੀਕ ਵੀ ਨਹੀਂ ਸੀ ਟਪਣ ਦਿਤੀ।

ਦਿਵਾਨ ਝੰਡਾ ਸਿੰਘ — ਅਜ ਤਾਂ ਅਠਾਈ ਤ੍ਰੀਕ ਏ ਤੇ ਤੀਜਾ ਮਹੀਨਾ

ਸਿਰ ਤੇ ਆ ਗਿਆ ਏ। ਜਦ ਆਉ ਠੁੱਠ ਦਿਖਾ ਦਿੰਦੇ ਓ। ਆਖ਼ਿਰ ਤੁਹਾਡਾ ਚਾਹ ਪਾਣੀ, ਰੋਟੀ ਕਪੜਾ — ਸਭ ਕੁਝ ਚਲਦਾ ਏ। ਏਸ ਗ਼ਰੀਬ ਮਾਲਕ ਮਕਾਨ ਨੇ ਕਿਹੜੇ ਰੱਬ ਦੇ ਮਾਂਹ ਮਾਰੇ ਨੇ। ਕੀ ਕਸੂਰ ਕੀਤਾ ਏ ਮੈਂ ? ਬੱਸ ਸਮਝਦੇ ਓ ਕਿ ਹੁਣ ਘਰ ਉਤੇ ਕਬਜ਼ਾ ਹੋ ਗਿਆ ਏ ? ਪਰ ਮੈਂ ਤੁਹਾਨੂੰ ਦੱਸ ਦਵਾਂ — ਮੇਰਾ ਨਾਂ ਵੀ ਦਿਵਾਨ ਝੰਡਾ ਸਿੰਘ ਏ ! (ਤਿਉੜੀ ਵਟਦੇ ਹੋਏ) ਮੈਂ ਤੁਹਾਡੇ ਵਰਗਿਆਂ ਨੂੰ ਬਾਹਰ ਕਢਣ ਲਗਿਆਂ ਇਕ ਦਿਨ ਨਹੀਂ ਲਾਉਣਾ। ਮੈਂ ਹੁਣ ਤੀਕ ਡੰਗਰ ਨਹੀਂ ਚਾਰੇ, ਕਿਰਾਏਦਾਰਾਂ ਨਾਲ ਈ ਮੱਥਾ ਮਾਰਦਾ ਰਿਹਾ ਆਂ। ਮੈਂ ਤਾਂ ਆਪਣੇ ਮੁਨਸ਼ੀ ਨੂੰ ਆਖਿਆ ਸੀ ਕਿ ਡਾਕਟਰ ਸਾਹਿਬ ਬੱਸ ਦਰਸ਼ਨੀ ਘੋੜੇ ਨੇ, ਇਨ੍ਹਾਂ ਦੇ ਹੱਥ ਪਲੇ ਕੁਝ ਨਹੀਂ, ਸਾਨੂੰ ਤੰਗ ਕਰਨਗੇ — ਪਰ ਉਹ ਨਾ ਮੰਨਿਆਂ। ਸ਼ਾਇਦ ਉਸ ਨੇ ਵਿਚੋਂ ਦੋ ਚਾਰ ਦਮੜੇ ਖਾਧੇ ਹੋਣਗੇ। ਪਰ ਡਾਕਟਰ ਸਾਹਿਬ !......ਮੈਂ ਤੁਹਾਨੂੰ ਦੱਸ ਦਵਾਂ ਕਿ ਮੈਂ ਪਿਛਲੇ ਮਹੀਨੇ ਛੇ ਕਿਰਾਏਦਾਰਾਂ ਨੂੰ ਸਿੱਧਾ ਕੀਤਾ ਏ। ਇਹ ਕੁਰਸੀ ਤੇ ਜਮੂਰ ਤੇ ਇਹ ਸਾਰੀ ਟਿੰਡ-ਫੁਹੜੀ ਸੜਕ ਉਤੇ ਪਈ ਨਜ਼ਰ ਆਵੇਗੀ — ਤੇ ਇਹ ਟੈਲੀਫ਼ੋਨ ਵੀ !

ਡਾਕਟਰ — ਦਿਵਾਨ ਸਾਹਿਬ ! ਗੱਲ ਤਾਂ ਸੁਣੋ ! ਅਰਜ਼ ਇਹ ਐ — (ਜਮੂਰ ਪਕੜ ਕੇ) ਇਹ ਰਿਜ਼ਕ ਮੇਰੇ ਹੱਥ ਵਿਚ ਏ। ਮੈਂ ਤੁਹਾਨੂੰ ਆਖ ਰਿਹਾ ਹਾਂ ਕਿ ਦੋ ਦਿਨ ਤੀਕ ਤੁਹਾਡਾ ਕਿਰਾਇਆ ਜ਼ਰੂਰ ਦੇ ਦਵਾਂਗਾ —

ਦਿਵਾਨ — ਦੇਖੋ ਡਾਕਟਰ ਸਾਹਿਬ ! ਮੇਰੀ ਸ਼ਰਾਫ਼ਤ ਦਾ ਤੁਸੀਂ ਇਹ ਫ਼ਾਇਦਾ ਉਠਾਇਆ ਕਿ ਜਦ ਆਉ, ਜਮੂਰ ਫੜ ਕੇ ਸੌਂਹਾਂ ਖਾਣ ਲੱਗ ਪੈਂਦੇ ਓ। ਅੱਛਾ, ਇਹ ਚੈੱਕ ਜਿਹੜਾ ਤੁਹਾਨੂੰ ਅੱਜ

ਤ੍ਰਕਾਲੀਂ ਆਉਣਾ ਏ, ਇਹਨੂੰ ਤੁੜਵਾ ਰਖਣਾ। ਮੈਂ ਕਲ੍ਹ ਫੇਰਾ ਮਾਰਾਂਗਾ।

ਡਾਕਟਰ — (ਹੈਰਾਨ ਹੋ ਕੇ) ਕਿਹੜਾ ਚੈੱਕ ?

ਦਿਵਾਨ — ਲਉ, ਕਿਹੜਾ ਚੈੱਕ ? ਇਹ ਹੁਣੇ ਜਿਹੜਾ ਟੈਲੀਫ਼ੋਨ ਉਤੇ ਤੁਹਾਡਾ ਮਰੀਜ਼ ਤੁਹਾਨੂੰ ਘੱਲ ਰਿਹਾ ਸੀ — ਜਿਸ ਨੂੰ ਆਖ ਰਹੇ ਸੀ ਕੋਈ ਗੱਲ ਨਹੀਂ — ਚੈੱਕ ਆ ਜਾਵੇਗਾ।

ਡਾਕਟਰ — (ਯਾਦ ਕਰ ਕੇ) ਹਾਂ ਹਾਂ ਉਹ ਚੈੱਕ। ਠੀਕ ! ਮੈਂ ਏਸੇ ਲਈ ਤੁਹਾਨੂੰ ਆਖਿਆ ਏ ਨਾ, ਕਿ ਪਰਸੋਂ ਤੁਹਾਡੇ ਪੈਸੇ ਚੁਕਾ ਦੇਵਾਂਗਾ।

ਦਿਵਾਨ — ਤਿੰਨ ਮਹੀਨੇ ਦਾ ਕਿਰਾਇਆ — ੩੩ ਰੁਪਏ ਦੇ ਹਿਸਾਬ ਨਾਲ ੯੯ ਰੁਪਏ ਬਣਦਾ ਏ। ਇਕ ਘੱਟ ਸੌ। ਮੈਂ ਕਲ੍ਹ ਆਵਾਂਗਾ !

ਡਾਕਟਰ — ਹੁਣ ਤੁਸੀਂ ਤਕਲੀਫ਼ ਨਾ ਕਰਨੀ, ਮੈਂ ਤੁਹਾਡੇ ਘਰ ਈ ਭਿਜਵਾ ਦਵਾਂਗਾ। ਦਿਵਾਨ ਜੀ ! ਕਿਰਾਇਆ ਤੁਹਾਨੂੰ ਪੁਜ ਜਾਵੇਗਾ — ਏਸ ਵਕਤ ਮਰੀਜ਼ਾਂ ਦੇ ਆਉਣ ਦਾ ਵੇਲਾ — ਤੁਸੀਂ ਬਹੁਤਾ ਸ਼ਰਮਿੰਦਾ ਨਾ ਕਰੋ।

ਦਿਵਾਨ — ਮਰੀਜ਼ਾਂ ਦੇ ਆਉਣ ਦਾ ਵੇਲਾ ਏ, ਤਾਂ ਫੇਰ ਮੈਂ ਕ੍ਰੀ ਕਰਾਂ ?

ਡਾਕਟਰ — ਜਿਥੇ ਤੁਸੀਂ ਤਿੰਨ ਮਹੀਨੇ ਘੁੱਟ ਭਰੀ ਏ, ਉਥੇ ਇਕ ਦਿਨ ਹੋਰ ਕੌੜਾ ਕਰੋ।

ਦਿਵਾਨ — ਕਲ੍ਹ ਰੁਪਿਆ ਪੁਜ ਜਾਵੇ। ਝੂਠੇ ਨਾ ਪੈਣਾ। ਜੋ ਆਦਮੀ ਜ਼ਬਾਨ ਦਾ ਸੱਚਾ ਨਹੀਂ, ਉਸ ਦਾ ਵਪਾਰ ਕਦੀ ਨਹੀਂ ਚਲ ਸਕਦਾ !

ਡਾਕਟਰ — ਬਸ ਦਿਵਾਨ ਸਾਹਿਬ, ਤੁਸੀਂ ਦੋ ਇਕ ਦਿਨ ਦੀ ਮੁਹਲਤ ਦਿਓ। ਪਹਿਲਾ ਕੰਮ ਇਹੋ ਏ ਕਿ ਤੁਹਾਡੇ ਰੁਪਏ ਤਾਰਾਂ।

ਦਿਵਾਨ — ਚੰਗਾ ! ਫੇਰ ਅਸੀਂ ਚਲਦੇ ਹਾ ।

ਡਾਕਟਰ — ਕੁਝ ਚਾਹ ਪਾਣੀ ਤਾਂ ਪੀਂਦੇ ਜਾਓ ।

ਦਿਵਾਨ — ਨਹੀਂ, ਹਾਲੇ ਮੈਂ ਤਿੰਨ ਥਾਂ ਹੋਰ ਜਾਣਾ ਏ । ਇਹ ਹਵੇਲੀਆਂ ਖੜੀਆਂ ਕਰ ਕੇ ਮੈਂ ਤਾਂ ਸੋਚਿਆ ਸੀ ਪਈ ਸੁਖ ਨਾਲ ਦੋ ਡੰਗ ਰਜਵੀਂ ਗ੍ਰਾਹੀ ਮਿਲੇਗੀ, ਪਰ ਫੇਰੇ ਪਾ ਪਾ ਛਿੱਤਰ ਰਹਿ ਜਾਂਦੇ ਨੇ ... ਤਲਿਆਂ ਵਿਚ ਮਘੋਰੇ ਹੋ ਗਏ ਨੇ । ਚੰਗਾ, ਹੁਣ ਮੈਂ ਚਲਦਾਂ, ਤੁਸੀਂ ਮਰੀਜ਼ਾਂ ਨਾਲ ਨਜਿਠੋ ।

[ਦਿਵਾਨ ਝੰਡਾ ਸਿੰਘ ਜਾਂਦਾ ਹੈ । ਡਾਕਟਰ ਸਖ ਦਾ ਸਾਹ ਭਰਦਾ ਹੈ । ਸਤਵੰਤ ਅੰਦਰ ਆਉਂਦੀ ਹੈ ।

ਡਾਕਟਰ — ਤੜਕੇ ਤੜਕੇ ਦਿਵਾਨ ਮੱਥੇ ਲਗਿਆ ਏ, ਰੱਬ ਖ਼ੈਰ ਕਰੇ ।

ਸਤਵੰਤ — ਆਖਦੇ ਸਉ, ਦਿਵਾਨ ਸ਼ਰੀਫ਼ ਆਦਮੀ ਏ...ਹੂੰਹ, ਦੇਖ ਲਈ ਏਸ ਦੀ ਸ਼ਰਾਫ਼ਤ ? ਰਤਾ ਕਿਰਾਏ ਨੂੰ ਚਿਰ ਹੋ ਜਾਵੇ, ਗਿੱਚੀ ਉਤੇ ਆ ਬੈਠਦਾ ਏ । ਤੁਸੀਂ ਕਦੇ ਮੇਰੀ ਗੱਲ ਮੰਨੀ ਹੋਵੇ ਤਾਂ ਮੈਂ ਕੁਝ ਆਖਾਂ । ਮੇਰੇ ਆਖਣ ਦਾ ਕੀ ਮੁੱਲ ? ਕਰਨੀ ਤਾਂ ਤੁਸੀਂ ਉਹੀ ਗੱਲ ਹੋਈ ਜੋ ਇਕ ਵਾਰ ਤੁਹਾਡੇ ਦਮਾਗ਼ ਵਿਚ ਵੜ ਜਾਂਦੀ ਏ ।

ਡਾਕਟਰ — ਮਸਾਂ ਮਗਰੋਂ ਲਾਹਿਆ ਏ । ਹੁਣ ਪਰਸੋਂ ਦਾ ਇਕਰਾਰ ਕੀਤਾ ਏ । ਮੈਂ ਸੋਚਦਾ ਹਾਂ ਜੇ ਕੋਈ ਇਕ ਵੀ ਮਰੀਜ਼ ਆ ਜਾਵੇ ਜਿਸ ਦੀ ਬਤੀਸੀ ਲੱਥੀ ਹੋਵੇ, ਤਾਂ ਸਭ ਦਾ ਲੈਣਾ ਦੇਣਾ ਮੁਕਾ ਦਈਏ । (ਸੋਚਾਂ ਵਿਚ ਟਹਿਲਦੇ ਹੋਏ ਗ਼ੁੱਸੇ ਨਾਲ) ਹਿੰਦੁਸਤਾਨ ਹੈ ਈ ਜਾਹਿਲ ਮੁਲਕ ! ਏਸੇ ਲਈ ਤਾਂ ਆਏ ਦਿਨ ਲੱਖਾਂ ਲੋਕੀਂ ਚੂਹਿਆਂ ਵਾਂਗ ਮਰ ਜਾਂਦੇ ਨੇ । ਜਾਨ ਬੇਸ਼ਕ ਨਿਕਲ ਜਾਵੇ, ਪਰ ਇਲਾਜ ਨਹੀਂ ਕਰਾਉਣਾ । ਦੂਜੇ ਮੁਲਕਾਂ

ਵਿਚ ਭਾਵੇਂ ਉਂਗਲ ਵੀ ਦੁਖੇ, ਅਪ੍ਰੇਸ਼ਨ ਕਰਵਾ ਲੈਣਗੇ। ਏਸੇ ਲਈ ਤਾਂ ਉਹਨਾਂ ਡਾਕਟਰਾਂ ਦੀ ਪ੍ਰੈਕਟਿਸ ਚਲਦੀ ਹੈ। ਪਰ ਏਥੇ — ਸਮਝ ਨਹੀਂ ਆਉਂਦੀ। ਏਸ ਦੇਸ ਵਿਚ ਤਾਂ ਮਦਾਰੀ ਤੇ ਪੁਜਾਰੀ ਹੀ ਕੰਮ ਚਲਾ ਸਕਦੇ ਹਨ, ਡਾਕਟਰ ਨਹੀਂ। ਜਦ ਹਰ ਚੌਂਕ, ਹਰ ਮੋੜ, ਹਰ ਰੇਲ ਗੱਡੀ ਵਿਚ ਦੰਦਾਂ ਦਾ ਮੰਜਨ ਵੇਚਣ ਵਾਲੇ ਤੇ ਦੰਦ ਕਢਣ ਵਾਲੇ ਫਿਰਦੇ ਹੋਣ ਤਾਂ ਲੋਕਾਂ ਇਸ ਦੁਕਾਨ ਉਤੇ ਕਿਉਂ ਆਉਣਾ ? ਤੇ ਉਹ ਮਰੀਜ਼ ਜਿਸ ਆਉਣ ਦਾ ਵਾਇਦਾ ਕੀਤਾ ਸੀ, ਆਉਣ ਵਿਚ ਈ ਨਹੀਂ ਆਉਂਦਾ। (ਕੁਝ ਸੋਚਦੇ ਹੋਏ) ਦੂਜੇ ਡਾਕਟਰਾਂ ਵਾਂਗ ਟੈਲੀਫ਼ੋਨ ਪਿਛੋਂ ਸ਼ਾਇਦ ... ਸ਼ਾਇਦ ਨਹੀਂ, ਜ਼ਰੂਰ — ਜ਼ਰੂਰ — (ਇਕ ਦਮ ਇਕ ਖ਼ਿਆਲ ਨਾਲ ਉਸ ਦਾ ਮੂੰਹ ਚਮਕ ਉਠਦਾ ਹੈ) ਮੈਂ ਤੈਨੂੰ ਇਕ ਗੱਲ ਦਸਾਂ।

ਸਤਵੰਤ — ਕੀ ?

ਡਾਕਟਰ — ਮੈਂ ਉਸ ਦਿਨ ਆਖ ਰਿਹਾ ਸਾਂ ਨਾ, ਕਿ ਨਰਸ ਵੀ ਜ਼ਰੂਰੀ ਹੈ।

ਸਤਵੰਤ — ਹਾਂ।

ਡਾਕਟਰ — ਇਕ ਨਰਸ ਜੋ ਤਿਤਲੀ ਵਾਂਗ ਖੰਭ ਫੜਕਾਉਂਦੀ ਤੇ ਉਚੀ ਅੱਡੀ ਦੀ ਸੈਂਡਲ ਪਾਈ ਫਿਰਦੀ ਹੋਵੇ ਤਾਂ ਮਰੀਜ਼ ਤਾਂ ਭੰਵਰਿਆਂ ਵਾਂਗ ਡਿਗਣਗੇ।

ਸਤਵੰਤ — ਹੈਂ ?

ਡਾਕਟਰ — ਹਾਂ ! ਜਦ ਤੀਕ ਨਰਸ ਨਹੀਂ ਮਿਲਦੀ ਜੇ ਤੂੰ......

ਸਤਵੰਤ — ਮੈਂ ?

ਡਾਕਟਰ — ਹਾਂ ਹਾਂ, ਨਰਸ ਬਣਨ ਵਿਚ ਲਗਦਾ ਈ ਕੀ ਏ ? ਉਂਜ ਤੂੰ ਦਸਵੀਂ ਤੀਕ ਸਾਇੰਸ ਵੀ ਪੜ੍ਹੀ ਹੋਈ ਏ। ਬੱਸ ਨਰਸ ਦੇ

ਕਪੜੇ ਪਾ ਕੇ ਨਰਸ ਬਣ ਜਾਏਂਗੀ। ਮੈਂ ਉਦਨ ਕਪੜੇ ਲਿਆਂਦੇ ਵੀ ਸਨ। (ਉਸ ਨੂੰ ਸਮਝਾਉਂਦੇ ਹੋਏ।) ਦੇਖੇਂ ਨਾ, ਤੂੰ ਕੋਈ ਅਪਰੇਸ਼ਨ ਤਾਂ ਕਰਨਾ ਈ ਨਹੀਂ। ਬੱਸ ਮੇਰੀਆਂ ਚੀਜ਼ਾਂ ਚੁਕ ਕੇ ਫੜਾ ਦੇਵੀਂ। ਜ਼ਰਾ ਸੋਚ, ਜਦ ਤੂੰ ਚਿੱਟਾ ਰੁਮਾਲ ਬੰਨ੍ਹ ਕੇ ਤਿਤਲੀ ਵਾਂਗ......

ਸਤਵੰਤ — ਹਲਾ, ਫੇਰ ਮੈਂ ਨਰਸ ਵਾਲੇ ਕਪੜੇ ਪਾ ਲੈਨੀ ਆਂ।

ਡਾਕਟਰ — ਹਾਂ, ਛੇਤੀ ! ਹੁਣ ਮਰੀਜ਼ ਨੇ ਆਉਣਾ ਏ। ਛੇਤੀ !

[ਉਹ ਦੂਜੇ ਕਮਰੇ ਵਿਚ ਜਾਂਦੀ ਹੈ। ਡਾਕਟਰ ਪਿਆਰਾ ਸਿੰਘ ਪਲਟਾ ਕਿਤਾਬ ਠੀਕ ਕਰਦਾ ਹੈ, ਫ਼ਲਿਟ ਛਿੜਕਦਾ ਹੈ, ਤੇ ਸ਼ੀਸ਼ੇ ਵਿਚ ਮੂੰਹ ਦੇਖਦਾ ਹੈ।

ਸਤਵੰਤ — (ਅੰਦਰੋਂ ਨਰਸ ਦੇ ਕਪੜੇ ਪਾ ਕੇ ਆਉਂਦੇ ਹੋਏ) ਠੀਕ ਏ ?

ਡਾਕਟਰ — ਹੈਂ ? ਤੂੰ ਤੇ ਪੂਰੀ ਨਰਸ ਲਗਦੀ ਏਂ ! ਵਾਹ, ਵਾਹ ! ਇਹ ਕਰਾਮਾਤ ਸਾਨੂੰ ਪਹਿਲਾਂ ਕਿਉਂ ਨਾ ਸੁੱਝੀ ? ਲੈ ਦੇਖ ਸ਼ੀਸ਼ਾ।

ਸਤਵੰਤ — (ਸ਼ੀਸ਼ੇ ਵਿਚ ਮੂੰਹ ਬਣਾ ਕੇ) ਪੂਰੀ ਭੂਤਨੀ ਲਗਦੀ ਹਾਂ। ਸਿਰ ਉਤੇ ਰੁਮਾਲ ਮੈਨੂੰ ਬੜਾ ਅਜੀਬ ਅਜੀਬ ਲਗਦਾ ਏ। ਇਸ ਦਾ ਇਕ ਲੜ ਬਹੁਤ ਢਿੱਲਾ ਏ, ਤੁਸੀਂ ਰਤਾ ਕੱਸ ਦਿਉ।

ਡਾਕਟਰ — ਤੂੰ ਪਿਨ ਨਹੀਂ ਲਾਈ ?

ਸਤਵੰਤ — ਪਿਨ ਛੋਟੀ ਏ। ਮੈਨੂੰ ਰੁਮਾਲ ਬੰਨ੍ਹਣ ਦਾ ਵੱਲ ਵੀ ਤਾਂ ਨਹੀਂ ਆਉਂਦਾ।

ਡਾਕਟਰ — ਅੱਛਾ, ਏਧਰ ਕਰ।

[ਉਹ ਆਪਣੀ ਪਗੜੀ ਵਿਚੋਂ ਪਿਨ ਕਢ ਕੇ ਸਤਵੰਤ ਦਾ ਰੁਮਾਲ ਬੰਨ੍ਹਦਾ ਹੈ। ਬਾਹਰੋਂ ਠੱਕ ਠੱਕ ਸੁਣਾਈ ਦੇਂਦੀ ਹੈ।

ਛੇਤੀ ਕਰ ...... ਛੇਤੀ ......ਹਾਏ ...... ਇਹ ਪਿਨ ਮੇਰੀ ਉਂਗਲ ਵਿਚ ਚੁਭ ਗਿਆ ! ਤੂੰ ਦੌੜ ਕੇ ਟਾਈਮ ਪੀਸ ਵਜਾ... ਜਾਹ —

[ਠੱਕ ਠੱਕ ।

ਸਤਵੰਤ — ਮਰੀਜ਼ !

ਡਾਕਟਰ — ਇਕ ਮਰੀਜ਼ ਨੂੰ ਵਕਤ ਦਿਤਾ ਸੀ । ਉਹੀ ਦੰਦਾਂ ਦਾ ਸੈੱਟ ਲੈਣ ਆਇਆ ਏ — ਮੈਂ ਇਹ ਸੈੱਟ ਕਲ੍ਹ ਰਾਤ ਈ ਖ਼ਤਮ ਕੀਤਾ ਸੀ । ਪੂਰੇ ਦੋ ਸੌ ਰੁਪਏ ।

ਸਤਵੰਤ — ਕੌਣ ?

[ਠੱਕ ਠੱਕ ।

ਡਾਕਟਰ — ਉਹੀ ਏ — ਮੈਂ ਉਸ ਦੀ ਠੱਕ ਠੱਕ ਤੋਂ ਈ ਪਛਾਣ ਗਿਆ ਹਾਂ — ਬੜਾ ਕਾਹਲਾ ਆਦਮੀ ਏ — ਬੱਦਰ-ਪੁਰ ਦਾ ਠੇਕੇਦਾਰ । ਦੂਜੀ ਸ਼ਾਦੀ ਏ — ਵਿਚਾਰੇ ਦੇ ਦੰਦ ਨਹੀਂ — ਬੁੱਢੀ ਘੋੜੀ ਤੇ ਲਾਲ ਲਗਾਮ ! ਖ਼ੈਰ, ਪੂਰੇ ਦੋ ਸੌ ਮਿਲਣਗੇ । ੯੯ ਰੁਪਏ ਕਿਰਾਇਆ ਦੇ ਦਵਾਂਗੇ — ਬਾਕੀ ੧੦੧ ਰੁਪਏ ।

ਸਤਵੰਤ — ਏਸ ਵਿਚ ਮੇਰੀ ਇਕ ਸੈਂਡਲ, ਇਕ ਕਮੀਜ਼, ਤੇ ਤੁਹਾਡੇ ਲਈ ਫ਼ਿਕਸੋ ਦੀ ਇਕ ਸ਼ੀਸ਼ੀ —

[ਠੱਕ ਠੱਕ ।

ਬਾਹਰੋਂ ਅਵਾਜ਼—ਪਿਆਰਾ ਸਿੰਘ ਪਲਟਾ ਘਰ ਏ ?

[ਸਤਵੰਤ ਝਟ ਦੂਜੇ ਕਮਰੇ ਵਿਚ ਚਲੀ ਜਾਂਦੀ ਹੈ ਤੇ ਪਿਆਰਾ ਸਿੰਘ ਟੈਲੀਫ਼ੋਨ ਉਤੇ ਗੱਲਾਂ ਕਰਨ ਲੱਗ ਪੈਂਦਾ ਹੈ । ਸਰੂਪ ਚੰਦ ਦਾਖ਼ਲ ਹੁੰਦਾ ਹੈ ।

ਡਾਕਟਰ — (ਟੈਲੀਫ਼ੋਨ ਉਤੇ ਗੱਲਾਂ ਕਰਦੇ ਹੋਏ) ਹੈਲੋ......ਬੋਲ ਰਿਹਾ

ਹਾਂ......ਠੀਕ ਹੋ ਗਿਆ ?......ਅੱਛਾ-ਅੱਛਾ......ਹਾਂ ਹਾਂ......
ਮੈਂ ਦਵਾਈ ਘੱਲ ਰਿਹਾ ਹਾਂ......ਜੀ ਹਾਂ (ਸਰੂਪ ਵੱਲ ਦੇਖ ਕੇ ਤੇ ਟੈਲੀਫ਼ੋਨ ਰੱਖ ਕੇ) ਉਹ ਸਰੂਪ ! ਖ਼ੂਬ ਖ਼ੂਬ । ਸੁਣਾ ਯਾਰ ਤੂ ਕਦੋਂ ਆਇਆ ਏਂ ?

ਸਰੂਪ — (ਕੁਰਸੀ ਉਤੇ ਬੈਠਦੇ ਹੋਏ) ਹਾਕਾਂ ਮਾਰ ਮਾਰ ਕੇ ਮੇਰਾ ਸੰਘ ਬੈਠ ਗਿਆ । ਕੀ ਕਰ ਰਿਹਾ ਸੈਂ ?

ਡਾਕਟਰ — ਐਵੇਂ ਇਕ ਮਰੀਜ਼ ਨੂੰ ਭੁਗਤਾ ਰਿਹਾ ਸਾਂ । ਸੁਣਾ, ਤੂੰ ਜਲੰਧਰੋਂ ਕਦ ਆਇਆ ?

ਸਰੂਪ — ਅਜ ਸਵੇਰੇ — ਸਿਰਫ਼ ਇਕ ਦਿਨ ਲਈ । ਏਥੇ ਇਕ ਫ਼ੌਜਦਾਰੀ ਕੇਸ ਵਿਚ ਪੇਸ਼ੀ ਉਤੇ ਆਇਆ ਹਾਂ ।

ਡਾਕਟਰ — ਤੇਰੀ ਪ੍ਰੈਕਟਿਸ ਦਾ ਕੀ ਹਾਲ ਏ ? ਜਲੰਧਰ ਕੰਮ ਤੁਰ ਪਿਆ ?

ਸਰੂਪ — ਪਹਿਲੇ ਪਹਿਲ ਤਾਂ ਔਖਾ ਹੋਣਾ ਪਿਆ । ਪਰ ਫੇਰ ਡਾਢਾ ਰਿੜ੍ਹ ਪਿਆ । ਬਸ ਮਨ ਮਾਰ ਕੇ ਬੈਠਣ ਦੀ ਗੱਲ ਏ ।

[ਸਤਵੰਤ ਅੰਦਰੋਂ ਆਉਂਦੀ ਹੈ ।

ਸੁਣਾ ਯਾਰ ? ਖ਼ੂਬ ਠਾਠ ਨੇ ! ਨਰਸ ਵੀ ਰੱਖ ਲਈ । (ਰਾਜ਼-ਦਾਰਾਨਾ ਲਹਿਜੇ ਵਿਚ) ਤਿਤਲੀ ਏ ਤਿਤਲੀ !

ਡਾਕਟਰ — ਉਏ ਭਰਾਵਾ, ਇਹ ਤਾਂ ਤੇਰੀ ਭਾਬੀ ਏ ! ਪਛਾਣਿਆ ਨਹੀਂ ?

ਸਰੂਪ — ਹੱਛਾ ! ਇਹ ਸਾਡੀ ਭਾਬੀ ਏ ? ਖ਼ੂਬ ਖ਼ੂਬ — ਸਤਿ ਸ੍ਰੀ ਅਕਾਲ ਭਾਬੀ ਜੀ ! ਖ਼ੂਬ ਭੇਸ ਬਦਲਿਆ ਏ ?

ਸਤਵੰਤ — ਸਤਿ ਸ੍ਰੀ ਅਕਾਲ । ਮੈਂ ਆਖਿਆ — ਵਿਹਲੇ ਬੈਠਣ ਤੋਂ ਇਹੋ ਚੰਗਾ ਕਿ ਇਹਨਾਂ ਦਾ ਈ ਹੱਥ ਵਟਾਵਾਂ ।

ਡਾਕਟਰ — ਇਸ ਵਿਚ ਹਰਜ ਈ ਕੀ ਏ ?

ਸਰੂਪ — ਇਹ ਤੂੰ ਬੜਾ ਈ ਚੰਗਾ ਕੀਤਾ ਜੁ ਭਾਬੀ ਨੂੰ ਨਰਸ ਬਣਾ ਲਿਆ।

ਡਾਕਟਰ — ਅੱਜ ਕਲ੍ਹ ਏਸ ਬਗ਼ੈਰ ਗੁਜ਼ਾਰਾ ਵੀ ਤੇ ਨਹੀਂ। ਤੇ ਫੇਰ ਦਿੱਲੀ ਵਿਚ ਤਾਂ ਇਹ ਗੱਲ ਆਮ ਏ — ਜੇ ਆਦਮੀ ਕਿਸੇ ਲਾਂਡਰੀ ਦਾ ਮਾਲਕ ਹੈ ਤਾਂ ਉਸ ਦੀ ਵਹੁਟੀ ਘਰ ਬੈਠ ਕੇ ਕਪੜਿਆਂ ਨੂੰ ਇਸਤਰੀ ਕਰਦੀ ਏ; ਜੇ ਉਹ ਪਬਲਿਸ਼ਰਜ਼ ਹੈ ਤਾਂ ਉਸ ਦੀ ਵਹੁਟੀ ਘਰ ਬੈਠ ਕੇ ਕਿਤਾਬਾਂ ਦੀਆਂ ਜਿਲਦਾਂ ਬੰਨ੍ਹਦੀ ਏ; ਜੇ ਉਸ ਮਨਿਆਰੀ ਦੀ ਹੱਟੀ ਪਾਈ ਏ ਤਾਂ ਉਹਦੀ ਵਹੁਟੀ ਘਰ ਬੈਠੀ ਨਾਲੇ ਬੁਣਦੀ ਏ ਤੇ ਫੁਲਕਾਰੀਆਂ ਕਢਦੀ ਏ।

ਸਰੂਪ — ਮੈਂ ਖ਼ੁਦ ਆਪਣੀ ਬੀਵੀ ਨੂੰ ਆਪਣੇ ਨਾਲ ਕੰਮ ਤੇ ਲਾਵਾਂਗਾ।

ਸਤਵੰਤ — ਸੁਣਾਉ, ਸਾਡੀ ਭਰਜਾਈ ਦਾ ਕੀ ਹਾਲ ਏ?

ਸਰੂਪ — ਮੌਜ ਕਰਦੀ ਏ।

ਸਤਵੰਤ — ਘੁੱਲੂ ਪੜ੍ਹਨ ਲਗ ਪਿਆ ਹੋਣਾ ਏਂ?

ਸਰੂਪ — ਹੁਣ ਤਾਂ ਹਿਸਾਬ ਦੇ ਸੁਆਲ ਕਢਦਾ ਏ। ਹਿਸਾਬ ਤੋਂ ਮੈਨੂੰ ਤਾਂ ਤਾਪ ਚੜ੍ਹ ਜਾਂਦਾ ਸੀ, ਪਰ ਉਹ — ਉਹ ਤੇ ਬਿਜਲੀ ਏ ਬਿਜਲੀ। ਬੇਸ਼ਕ ਕੋਈ ਸੁਆਲ ਪਾ ਕੇ ਦੇਖੋ, ਝੱਟ ਮੂੰਹ-ਜ਼ਬਾਨੀ ਦੱਸ ਦਵੇਗਾ। ਪਿਛਲੇ ਦਿਨੀਂ ਸਕੂਲ ਵਿਚ ਇਨਸਪੈਕਟਰ ਸਾਹਿਬ ਮੁਆਇਨੇ ਲਈ ਆਏ — ਉਸ ਨੂੰ ਅੱਵਲ ਇਨਾਮ ਦਿਤਾ। ਮੈਂ ਉਸ ਨੂੰ ਐਮ: ਏ: ਤੀਕ ਹਿਸਾਬ ਪੜ੍ਹਾਵਾਂਗਾ।

ਡਾਕਟਰ — ਕਿਤੇ ਇਹ ਬੇ-ਅਕਲੀ ਨਾ ਕਰ ਬਵ੍ਹੀਂ। ਨੌਕਰੀ ਕੋਈ ਨਹੀਂ ਮਿਲਣੀ। ਬੱਸ ਘਰ ਦੀਆਂ ਵਹੀਆਂ ਦਾ ਲੇਖਾ ਈ ਮਿਲਾਇਆ ਕਰੇਗਾ।

ਸਰੂਪ — ਫੇਰ?

ਡਾਕਟਰ — ਮੈਂ ਤਾਂ ਆਖਦਾ ਆਂ — ਦਵਾਈਆਂ ਦੀ ਦੁਕਾਨ ਕਰਾ ਦੇਵੀਂ —— ਡਾਕਟਰਾਂ ਨਾਲੋਂ ਇਹਨਾਂ ਦਵਾ-ਫਰੋਸ਼ਾਂ ਨੂੰ ਬਹੁਤੀ ਖੱਟੀ ਏ ।

ਸਰੂਪ — ਪਰ ਏਸ ਲਈ ਤਾਂ ਮਾਇਆ ਦੀ ਲੋੜ ਏ । ਅਜ ਕਲ੍ਹ ਦਵਾਈਆਂ ਬਹੁਤ ਮਹਿੰਗੀਆਂ ਹੋ ਗਈਆਂ ਹਨ । ਚਾਹੇ ਖੁੜ ਜਿੰਨੀ ਹੱਟੀ ਪਾਉ ਉਸ ਉਤੇ ਵੀ ਦਸ ਹਜ਼ਾਰ ਦੀ ਲਾਗਤ ਏ । (ਰਤਾ ਰੁਕ ਕੇ) ਉਸ ਨੂੰ ਤੇਰੇ ਵਾਂਗ ਦੰਦਾਂ ਦਾ ਡਾਕਟਰ ਨਾ ਬਣਾ ਦੇਵਾਂ ?

ਸਤਵੰਤ — ਦੰਦਾਂ ਦਾ ਡਾਕਟਰ ਨਾ ਬਣਾਉਣਾ, ਭਾਵੇਂ ਡੰਗਰਾਂ ਦਾ ਡਾਕਟਰ ਬਣਵਾ ਦਿਓ !

ਸਰੂਪ — (ਗੰਭੀਰ ਹੋ ਕੇ) ਫੇਰ ਤੁਸੀਂ ਦੱਸੋ — ਡੰਗਰਾਂ ਦਾ ਡਾਕਟਰ ਬਣਾਵਾਂ ਕਿ ਦੰਦਾਂ ਦਾ ?

ਸਤਵੰਤ — ਪਿੰਡ ਵਸਿਆ ਨਹੀਂ, ਮੰਗਤੇ ਪਹਿਲਾਂ ਈ ਫਿਰਦੇ ਨੇ । ਹਾਲੇ ਸੁਖ ਨਾਲ ਉਹ ਸੱਤਾਂ ਸਾਲਾਂ ਦਾ ਏ । ਦਸਾਂ ਸਾਲਾਂ ਨੂੰ ਪਤਾ ਨਹੀਂ ਕੀ ਹੋਵੇਗਾ । ਤੁਸੀਂ ਭਲਕ ਦੀ ਸੋਚੋ — ਦਸ ਸਾਲ ਕਿਸ ਨੂੰ ਆਏ ।

ਡਾਕਟਰ — ਹੁਣ ਗੱਲੀਂ ਲੱਗ ਪਈ ਏਂ — ਇਸ ਨੂੰ ਚਾਹ ਤਾਂ ਪੁੱਛ । ਕਿਉਂ ਭਈ, ਲੱਸੀ ਪੀਏਂਗਾ ਕਿ ਚਾਹ ?

ਸਰੂਪ — ਮੈਂ ਕਚਹਿਰੀ ਪੇਸ਼ੀ ਉਤੇ ਜਾਣਾ ਏ — ਛੇਤੀ — ਬੱਸ ਦਸ ਕੁ ਮਿੰਟ ਲਈ ਮਿਲਣ ਆਇਆ ਸਾਂ । ਮੈਂ ਆਖਿਆ ਤੂੰ ਇਹ ਨਾ ਸੋਚੇਂ ਪਈ ਮੈਂ ਜਲੰਧਰੋਂ ਦਿੱਲੀ ਆਇਆ ਤੇ ਮਿਲ ਕੇ ਵੀ ਨਾ ਗਿਆ ।

ਡਾਕਟਰ — (ਸਤਵੰਤ ਨੂੰ) ਚੰਗਾ — ਜਾਹ ... ਛੇਤੀ ਚਾਹ ਤਿਆਰ ਕਰ ਦੇ ।

ਸਰੂਪ — ਕੀ ਲੋੜ ਏ ਚਾਹ ਦੀ — ਐਵੇਂ ਖੇਚਲ ਨਾ ਕਰ।

ਡਾਕਟਰ — ਕੋਈ ਨਹੀਂ, ਕਿਹੜਾ ਚਿਰ ਲਗਣਾ ਏ। ਦੋ ਮਿੰਟ ਵਿਚ ਚਾਹ ਬਣ ਜਾਂਦੀ ਏ।

[ਸਤਵੰਤ ਸਿਰ ਉਤੋਂ ਰੁਮਾਲ ਉਤਾਰਦੀ ਹੈ ਤੇ ਦੂਜੇ ਕਮਰੇ ਵਿਚ ਜਾਂਦੀ ਹੈ।

ਸਰੂਪ — ਹੁਣ ਭਾਬੀ ਕਿਵੇਂ ਅੱਗ ਬਾਲੇਗੀ ? ਰਹਿਣ ਦੇ ਤੂੰ ਤਕੱਲਫ਼ ਨੂੰ। ਮੈਂ ਜਾਣਾ ਏਂ। ਹਾਂ ਸੱਚ ... ਇਕ ਕੰਮ ਸੀ ਤੇਰੇ ਤਾਈਂ। ਇਥੇ ਦਿੱਲੀ ਸਾਡੇ ਚਾਚੇ ਨੇ ਸਾਰੇ ਦੰਦ ਕਢਵਾ ਛਡੇ ਨੇ। ਉਸ ਨੇ ਸਭਨਾਂ ਡਾਕਟਰਾਂ ਨੂੰ ਪੁਛਿਆ ; ਸਭੇ ਦੋ ਸੌ ਤੋਂ ਘੱਟ ਗੱਲ ਨਹੀਂ ਕਰਦੇ। ਮੈਂ ਸੋਚਿਆ — ਮੇਰਾ ਪੁਰਾਣਾ ਜਮਾਤੀ ਜਦੋਂ ਪਹਾੜਗੰਜ ਵਿਚ ਦੰਦਾਂ ਦਾ ਹਸਪਤਾਲ ਖੋਲ੍ਹੀ ਬੈਠਾ ਏ ਤਾਂ ਕੀ ਲੋੜ ਏ ਕਿ ਅਸੀਂ ਦੋ ਸੈਂਕੜੇ ਕਿਸੇ ਡਾਕਟਰ ਨੂੰ ਪੂਜੀਏ। ਤੂੰ ਤਿਆਰ ਕਰ ਦੇਵੇਂਗਾ ਨਾ ?

ਡਾਕਟਰ — ਜ਼ਰੂਰ, ਜ਼ਰੂਰ ! ਅਖੇ ਸਿਪਾਹੀਆ ਲੜੇਂਗਾ, ਹੋਰ ਕੰਮ ਕੀ ਏ।

ਸਰੂਪ — ਕਿੰਨੇ ਕੁ ਪੈਸੇ ਲੱਗ ਜਾਣਗੇ ?

ਡਾਕਟਰ — ਤੇਰੇ ਨਾਲ ਕਿਹੜਾ ਕੋਈ ਦੁਕਾਨਦਾਰੀ ਏ। ਜਿੰਨੇ ਆਖੇਂਗਾ।

ਸਰੂਪ — ਫੇਰ ਵੀ ?

ਡਾਕਟਰ — ਨਹੀਂ, ਤੂੰ ਆਪਣੇ ਚਾਚੇ ਨੂੰ ਘੱਲ ਦੇਵੀਂ, ਮੈਂ ਦੰਦ ਤਿਆਰ ਕਰ ਦੇਵਾਂਗਾ ?

ਸਰੂਪ — ਯਾਰਾ ਛੇਕੜ ਜੋ ਤੇਰਾ ਖ਼ਰਚ ਆਵੇਗਾ, ਉਹ ਤਾਂ ਤੈਨੂੰ ਲੈਣਾ ਹੀ ਪਵੇਗਾ।

ਡਾਕਟਰ — ਹਛਾ — ਦੇਖ ਲਵਾਂਗੇ, ਤੂੰ ਭੇਜ ਦੇਵੀਂ। ਮੈਂ ਐਨ

ਫ਼ਿੱਟ ਤਿਆਰ ਕਰਾਂਗਾ। ਮੈਂ ਮਸੂੜ੍ਹਿਆਂ ਲਈ ਲਾਲ ਰਬੜ ਨਹੀਂ ਵਰਤਦਾ ਸਗੋਂ ਅਮ੍ਰੀਕਨ ਪਾਉਡਰ ਵਰਤਦਾ ਹਾਂ। ਮਸੂੜ੍ਹੇ ਬਿਲਕੁਲ ਅਸਲੀ ਜਾਪਦੇ ਹਨ।

[ਸਤਵੰਤ ਅੰਦਰੋਂ ਆਉਂਦੀ ਹੈ, ਅਤੇ ਸਟੋਵ ਉਤੋਂ ਔਜ਼ਾਰਾਂ ਦਾ ਉਬਲਦਾ ਡੱਬਾ ਲਾਹ ਕੇ ਪਾਣੀ ਦੀ ਕੇਤਲੀ ਧਰ ਦੇਂਦੀ ਹੈ।]

ਸਰੂਪ — ਮੈਂ ਚਾਚੇ ਨੂੰ ਆਖਿਆ ਸੀ ਕਿ ਅੱਵਲ ਤਾਂ ਮੇਰਾ ਦੋਸਤ ਤੁਹਾਡਾ ਸੈੱਟ ਮੁਫ਼ਤ ਤਿਆਰ ਕਰ ਦੇਵੇਗਾ, ਨਹੀਂ ਤਾਂ ਜੋ ਪੰਜ ਸੱਤ ਰੁਪਏ ਲਗਣਗੇ, ਉਹ ਅਸੀਂ ਦੇ ਦੇਵਾਂਗੇ। ਆਖ਼ਰ ਇਕ ਡਾਕਟਰ ਦੂਜੇ ਡਾਕਟਰ ਦਾ ਕੁਝ ਲਿਹਾਜ਼ ਤਾਂ ਕਰਦਾ ਈ ਏ। ਮੈਂ ਅੱਖਾਂ ਦਾ ਡਾਕਟਰ ਹਾਂ ਤੇ ਤੂੰ ਦੰਦਾਂ ਦਾ। ਕਲ ਜੇ ਤੁਹਾਡੇ ਘਰ ਕਿਸੇ ਨੂੰ ਅੱਖਾਂ ਦਾ ਰੋਗ ਹੋਵੇ ਤਾਂ ਕੀ ਮੈਂ ਪੈਸੇ ਮੰਗ ਸਕਾਂਗਾ? ਉੱਕਾ ਨਹੀਂ। ਮੈਂ ਚਾਚੇ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿਤੀ ਏ। ਉਹ ਪਰਸੋਂ ਤੁਹਾਡੇ ਪਾਸ ਆਵੇਗਾ। ਉਸ ਦੇ ਦੰਦ ਰਤਾ ਸੁਹਣੇ ਬਣਾਉਣਾ।

ਡਾਕਟਰ — ਫ਼ਿਕਰ ਨਾ ਕਰ।

ਸਰੂਪ — ਹੱਛਾ ਮੈਂ ਚਲਦਾ ਹਾਂ। ਜੇ ਕਦੀ ਜਲੰਧਰ ਆਵੇਂ ਤਾਂ ਮੈਨੂੰ ਜ਼ਰੂਰ ਮਿਲੀਂ। ਰੇਲਵੇ ਰੋਡ ਉਤੇ ਥਾਣੇ ਪਾਸ ਈ ਭਠੂਰਿਆਂ ਦੀ ਹੱਟੀ ਏ — ਉਸ ਦੀ ਖੱਬੀ ਨੁਕਰੇ ਮੇਰੀ ਦੁਕਾਨ ਏ। ਬਾਹਰ ਬੋਰਡ ਲਗਿਆ ਏ — 'ਅੱਖਾਂ ਦਾ ਹਸਪਤਾਲ'। ਆਵੇਂਗਾ ਨਾ?

ਡਾਕਟਰ — ਹਾਂ, ਜ਼ਰੂਰ!

ਸਰੂਪ — ਚੰਗਾ, ਮੈਂ ਚਲਦਾ ਹਾਂ।

ਡਾਕਟਰ — ਚਾਹ ਤਾਂ ਪੀ ਜਾ।

ਸਰੂਪ — ਨਹੀਂ ਮੈਨੂੰ ਦੇਰ ਹੁੰਦੀ ਏ। ਮੈਂ ਚਲਦਾ ਹਾਂ। ਯਾਰ ਤੈਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ। ਸਤਿ ਸ੍ਰੀ ਅਕਾਲ।

ਡਾਕਟਰ ਤੇ ਸਤਵੰਤ — ਸਤਿ ਸ੍ਰੀ ਅਕਾਲ।

[ਸਰੂਪ ਚਲਾ ਜਾਂਦਾ ਹੈ।

ਸਤਵੰਤ — ਤੁਸੀਂ ਝੱਟ ਚਾਹ ਨੂੰ ਪੁੱਛ ਲਿਆ ? ਘਰ ਵਿਚ ਦੁੱਧ ਖੰਡ ਕਿਥੇ ਸੀ ?

ਡਾਕਟਰ — ਕੀ ਕਰਦਾ, ਘਰ ਆਏ ਨੂੰ ਛੇਕੜ ਪੁਛਣਾ ਈ ਹੋਇਆ।

ਸਤਵੰਤ — ਮੈਂ ਤੁਹਾਨੂੰ ਆਖਿਆ ਸੀ ਨਾ, ਦੁਧ ਦਹੀਂ ਦੀ ਦੁਕਾਨ ਖੋਲ੍ਹ ਲਓ। ਜੇ ਮੇਰੀ ਗੱਲ ਮਨੀ ਹੁੰਦੀ ਤਾਂ ਭਾਵੇਂ ਆਪਣੇ ਸਾਰੇ ਦੋਸਤਾਂ ਨੂੰ ਰੱਜ ਰੱਜ ਚਾਹ ਪਲਾਉਂਦੇ।

[ਠੱਕ ਠੱਕ।

ਡਾਕਟਰ — ਹਸ਼ਸ਼ ... ਸ਼, ਕੋਈ ਮਰੀਜ਼ !

ਸਤਵੰਤ — ਮੈਂ ਅੰਦਰ ਜਾਨੀ ਆਂ।

ਡਾਕਟਰ — ਛੇਤੀ ਜਾ ਕੇ ਅਲਾਰਮ ਵਜਾ। ਇਹ ਜ਼ਰੂਰ ਕਲ੍ਹ ਵਾਲਾ ਮਰੀਜ਼ ਏ।

[ਸਤਵੰਤ ਅਲਾਰਮ ਦੀ ਘੰਟੀ ਵਜਾਉਂਦੀ ਹੈ ਤੇ ਡਾਕਟਰ ਟੈਲੀਫ਼ੋਨ ਚੁਕ ਕੇ ਗੱਲਾਂ ਕਰਨ ਲੱਗ ਪੈਂਦਾ ਹੈ।

ਹੈਲੋ ! ਹਾਂ — ਮੈਂ ਚਪੜਾਸੀ ਨੂੰ ਦਵਾਈ ਦੇ ਕੇ ਘਲ ਦਿਤਾ ਏ।

[ਠੱਕ ਠੱਕ।

ਆ ਜਾਓ !

[ਇਕ ਗ਼ਰੀਬ ਜਿਹਾ ਆਦਮੀ ਅੰਦਰ ਵੜਦਾ ਹੈ। ਉਸ ਦੇ ਇਕ ਹੱਥ ਵਿਚ ਥੈਲਾ ਹੈ ਤੇ ਦੂਜੇ ਵਿਚ ਪੇਚ-ਕੱਸ ਤੇ ਜਮੂਰੀ। ਉਹ ਆ ਕੇ ਚੁਪ ਚਾਪ ਖੜੋ ਜਾਂਦਾ ਹੈ।

ਡਾਕਟਰ — (ਉਸੇ ਤਰ੍ਹਾਂ) ਹਾਂ ... ਹਾਂ — ਢਿੱਡ ਤੇ ਦੰਦਾਂ ਦਾ ਖ਼ਾਸ ਤਅੱਲਕ ਏ। ਤੁਹਾਨੂੰ ਪਤਾ ਏ ਨਾ — ਹਾ ਹਾ ਹਾ — ਦੰਦ ਸਾਡੇ ਸਰੀਰ ਦੀ ਹਵੇਲੀ ਦਾ ਬੂਹਾ ਹਨ ! ਠੀਕ ਠੀਕ — ਜੀ ? ਹਾਂ ਢਿੱਡ ਦੀਆਂ ਸਾਰੀਆਂ ਬਿਮਾਰੀਆਂ ਦਾ ਕਾਰਨ ਇਹ ਦੰਦ ਹਨ — ਬਿਲਕੁਲ ... ... ਹਾਂ ... ... ਤੁਸੀਂ ਇਹ ਦੰਦ ਕਢਵਾ ਦਿਉ, ਨਹੀਂ ਤਾਂ ਤੁਹਾਡੇ ਬਾਕੀ ਦੇ ਵੀ ਡਿਗ ਪੈਣਗੇ।

ਆਦਮੀ — ਜੀ ਮੈਂ......।

ਡਾਕਟਰ — ਉਏ ਭਈ ਉਥੇ ਬਹਿ ਜਾ। ਮੈਂ ਕਿਸੇ ਨਾਲ ਗੱਲ ਕਰ ਰਿਹਾ ਹਾਂ। ਦਿਸਦਾ ਨਹੀਂ ਕਿੰਨਾ ਮਸਰੂਫ਼ ਹਾਂ ? (ਟੈਲੀਫ਼ੋਨ ਉੱਤੇ) ਹਾਂ ਜੀ — ਮੈਂ ਦਵਾਈ ਘੱਲ ਦਿਤੀ ਏ ... ਮੈਨੂੰ ਯਕੀਨ ਏ ਕਿ ਰਾਤ ਤੀਕ ਤੁਹਾਡੇ ਸਾਰੇ ਦੰਦ —

ਆਦਮੀ — ਜੀ ਮੈਨੂੰ ਬਹੁਤ ਛੇਤੀ ...

ਡਾਕਟਰ — ਛੇਤੀ ... ਕੀ ਆਖਿਆ ... ਛੇਤੀ ? ਜੇ ਛੇਤੀ ਏ — (ਟੈਲੀਫ਼ੋਨ ਉੱਤੇ) ਹਾਂ ਛੇਤੀ ਈ ... ਨਹੀਂ ਨਹੀਂ ... ਮਾਫ਼ ਕਰਨਾ ਮੈਂ ਦੂਜੇ ਮਰੀਜ਼ ਨਾਲ ਗੱਲ ਕਰ ਰਿਹਾ ਸਾਂ ... ਛੇਤੀ ਹੀ ਆਰਾਮ ਆ ਜਾਵੇਗਾ। ਮੈਂ ਇਕ ਇੰਜੈਕਸ਼ਨ ਘਲ ਰਿਹਾ ਹਾਂ।

ਆਦਮੀ — (ਉਠ ਕੇ) ਜੀ ਮੈਂ ....

ਡਾਕਟਰ — (ਤੰਗ ਆ ਕੇ ਤੇ ਗ਼ੁਸੇ ਵਿਚ ਟੈਲੀਫ਼ੋਨ ਬੰਦ ਕਰਕੇ) ਉਫ਼

… … ਛ ! ਕਿਹੋ ਜਿਹੇ ਲੋਕ ਆ ਵੜਦੇ ਨੇ । ਜ਼ਰਾ ਤਮੀਜ਼ ਨਹੀਂ । ਟੈਲੀਫ਼ੋਨ ਤੇ ਗੱਲ ਨਹੀਂ ਕਰਨ ਦਿੰਦੇ । ਹਾਂ, ਆਖ ਕੀ ਆਖਦਾ ਏਂ ! ਉਏ ਭਈ ਹੁਣ ਦੱਸ ਤੈਨੂੰ ਕੀ ਤਕਲੀਫ਼ ਏ ! ਦਾੜ੍ਹ ਪੀੜ ਏ ?

ਆਦਮੀ — ਜੀ ਨਹੀਂ, ਮੈਂ …

ਡਾਕਟਰ — (ਕੁਰਸੀ ਤੋਂ ਉਠ ਕੇ ਉਸ ਵੱਲ ਵਧਦੇ ਹੋਏ) ਮੈਂ ਮੈਂ ਕੀ ਲਾਈ ਏ ? ਤੇਰੇ ਦੰਦਾਂ ਨੂੰ ਕੀੜਾ ਲਗਿਆ ਏ ? ਕਿ ਪਾਇਉਰੀਆ ਏ ? ਕੀ ਏ ਤੈਨੂੰ ? ਬੋਲ !

ਆਦਮੀ — ਜੀ ਮੈਨੂੰ ਦੰਦਾਂ ਦੀ ਕੋਈ ਤਕਲੀਫ਼ ਨਹੀਂ ।

ਡਾਕਟਰ — ਫੇਰ ਕੀ ਏ ? — ਢਿੱਡ ਪੀੜ ਏ ? ਤਿੱਲੀ ਵਿਚ ਦਰਦ ਏ ਕਿ ਗੁਰਦੇ ਵਿਚ ? ਕਿ ਫੇਫੜਿਆਂ ਵਿਚ ਪਾਣੀ ਪੈ ਗਿਆ ਏ ? ਕੀ ਰੋਗ ਏ ਤੈਨੂੰ ?

ਆਦਮੀ — (ਘਬਰਾ ਕੇ) ਜੀ ਮੈਂ ਟੈਲੀਫ਼ੋਨ ਦੇ ਦਫ਼ਤਰੋਂ ਆਇਆ ਹਾਂ । ਤੁਸੀਂ ਆਖ ਭੇਜਿਆ ਸੀ ਨਾ ਕਿ ਤੁਹਾਡੇ ਟੈਲੀਫ਼ੋਨ ਨੂੰ ਕਨੈਕਸ਼ਨ ਚਾਹੀਦਾ ਏ । ਸੋ ਉਹਨਾਂ ਮੈਨੂੰ ਭੇਜਿਆ ਏ ਕਿ ਤੁਹਾਡੇ ਟੈਲੀਫ਼ੋਨ ਨੂੰ ਕਨੈਕਸ਼ਨ ਦੇ ਦਵਾਂ ।

ਡਾਕਟਰ — (ਹਵਾ ਵਿਚ ਤੱਕਦੇ ਹੋਏ) ਕੀ … … ਕੀ ?

[ਉਹ ਆਦਮੀ ਆਪਣੇ ਥੈਲੇ ਵਿਚੋਂ ਸੰਦ ਕਢਦਾ ਹੈ, ਤੇ ਜਮੂਰ ਤੇ ਪੇਚਕੱਸ ਮੇਜ਼ ਉਤੇ ਰਖਦਾ ਹੈ । ਡਾਕਟਰ ਪਿਆਰਾ ਸਿੰਘ ਪਲਟਾ ਦੇ ਹਥੋਂ ਟੈਲੀਫ਼ੋਨ ਡਿੱਗ ਪੈਂਦਾ ਹੈ । ਬੂਹਾ ਖੋਲ੍ਹ ਕੇ ਸਤਵੰਤ ਆਉਂਦੀ ਹੈ ਤੇ ਹੱਕੀ ਬੱਕੀ ਖਲੋ ਜਾਂਦੀ ਹੈ ।

ਪਰਦਾ

# ਪੱਤਣ ਦੀ ਬੇੜੀ

www.PunjabiLibrary.com

# ਪਾਤਰ

ਸੁਰਜੀਤ — ਇਕ ਮੁਹਾਣਾ
ਦੀਪੋ — ਉਸ ਦੀ ਪਤਨੀ
ਲਾਜੋ — ਉਸ ਦੀ ਭੈਣ
ਸੁੰਦਰ — ਉਸ ਦਾ ਮਿੱਤਰ
ਭੂਆ

# ਪੱਤਣ ਦੀ ਬੇੜੀ

ਦਰਿਆ ਦੇ ਕੰਢੇ ਇਕ ਝੁੱਗੀ। ਚੱਪੂ, ਰੱਸੇ ਤੇ ਜਾਲ ਪਏ ਹਨ। ਸਟੇਜ ਦੇ ਪਿਛੇ ਕਰਕੇ ਨੀਵੀਂ ਮੰਜੀ ਉਤੇ ਭੂਆ ਬੀਮਾਰ ਪਈ ਹੈ। ਦੀਪੋ ਤੇ ਲਾਜੋ ਬੈਠੀਆਂ ਗੱਲਾਂ ਕਰ ਰਹੀਆਂ ਹਨ। ਦੀਪੋ ਅੰਗੀਠੀ ਵਿਚ ਫੂਕਾਂ ਮਾਰਦੀ ਹੈ।

ਲਾਜੋ — ਦੀਪੋ !

ਦੀਪੋ — ਹਾਂ।

ਲਾਜੋ — ਭੂਆ ਖੰਘ ਨਾਲ ਮਰੀ ਜਾਂਦੀ ਏ। ਸ਼ੈਤ ਉਹਦਾ ਦਮ ਉਖੜ ਰਿਹਾ ਏ। ਕਦੇ ਕਦੇ ਜਦ ਸਾਹ ਉਖੜ ਜਾਂਦਾ ਏ ਤਾਂ ਮਸਾਂ ਮੁੜਦਾ ਏ। ਕਾਹੜਾ ਉਬਲ ਗਿਆ ?

ਦੀਪੋ — ਬਥੇਰੀਆਂ ਫੂਕਾਂ ਮਾਰਦੀ ਆਂ, ਪਰ ਅਜ ਜਿਵੇਂ ਅੱਗ ਵਿਚ ਤਾਅ

ਈ ਨਹੀਂ ਹੁੰਦਾ। ਹਾਲੇ ਤੀਕ ਕਾਹੜਾ ਨਹੀਂ ਉਬਲਿਆ।

ਲਾਜੋ — ਦੋ ਦਿਨ ਹੋ ਗਏ ਨੇ ਕਾਹੜਾ ਪਿਲਾਉਂਦਿਆਂ ਨੂੰ। ਕੋਈ ਅਰਾਮ ਨਹੀਂ ਆਇਆ, ਸਗੋਂ ਦਮ ਉਖੜਦਾ ਹੀ ਜਾਂਦਾ ਏ। ਜਾ ਕੇ ਕਾਂਸੀ ਵੈਦ ਤੋਂ ਉਹੀ ਦਵਾ ਲੈ ਆ ਜਿਹੜੀ ਉਸ ਪਿਛਲੀ ਵਾਰ ਦਿਤੀ ਸੀ।

ਦੀਪੋ — ਰਾਤ ਬਹੁਤ ਭਿਜ ਚੁਕੀ ਏ ਤੇ ਬਾਹਰ ਦਰਿਆ ਚੜ੍ਹਿਆ ਹੋਇਆ ਏ। ਕੀਕਰ ਜਾਵਾਂ ?

ਲਾਜੋ — ਹੋਰ ਕਿਸ ਨੂੰ ਭੇਜੀਏ ? ਘਰ ਵਿਚ ਕੋਈ ਵੀ ਤੇ ਨਹੀਂ।

ਦੀਪੋ — ਪਰ ਮੈਂ ਵੀ ਕਿਵੇਂ ਜਾਵਾਂ ?

ਲਾਜੋ — ਇਹ ਕਾੜ੍ਹਾ ਪਿਲਾ ਕੇ ਉਹਦੀ ਹਿੱਕ ਨੂੰ ਮਲ ਦੇ। ਸ਼ੈਤ ਲੇਪ ਨਾਲ ਕੁਝ ਗਰਮਾਈ ਆ ਜਾਵੇ। ਮੈਂ ਕਿਸੇ ਨੂੰ ਦੇਖਦੀ ਆਂ। (ਬਾਹਰ ਤੱਕ ਕੇ) ਹਾਏ ! ਦਰਿਆ ਕਿੱਡਾ ਚੜ੍ਹ ਆਇਆ ਏ। ਛਲਾਂ ਸਾਡੀ ਝੁੱਗੀ ਦੀ ਕੁੱਖ ਤੀਕ ਪੁਜਦੀਆਂ ਨੇ। ਤੂੰ ਬੇੜੀ ਘਸੀਟ ਕੇ ਰੁੱਖ ਨਾਲ ਬੰਨ੍ਹ ਦਿਤੀ ਸੀ ?

ਦੀਪੋ — ਉਹ ਚੰਗੀ ਤਰ੍ਹਾਂ ਬੰਨ੍ਹੀ ਹੋਈ ਏ। ਉਸ ਨੂੰ ਕੁਝ ਨਹੀਂ ਹੋਣਾ।

[ਗੀਤ ਸੁਣਾਈ ਦੇਂਦਾ ਹੈ।

ਮੇਰੀ ਲਾ ਦੇ ਪੱਤਣ ਤੇ ਬੇੜੀ।
ਪੈਰ ਤਲਾਸ਼ ਦੇ ਥੱਕ ਗਏ ਨੇ।
ਨੈਣ ਉਮੀਦ ਦੇ ਪੱਕ ਗਏ ਨੇ।
ਅਜੇ ਪਤਾ ਨਹੀਂ ਮੰਜ਼ਿਲ ਕੇਹੜੀ ?
ਮੇਰੀ ਲਾ ਤੇ ਪੱਤਣ ਦੇ ਬੇੜੀ।

ਲਾਜੋ — ਏਸ ਵੇਲੇ ਕੌਣ ਗਾ ਰਿਹਾ ਏ ?

ਦੀਪੋ — ਪਤਾ ਨਹੀਂ ਕੌਣ ?

ਲਾਜੋ — ਚੱਪੂਆਂ ਦੀ ਛੱਪ ਛੱਪ ਸੁਣਦੀ ਏਂ ?

ਦੀਪੋ — ਹਾਂ ।

ਲਾਜੋ — ਪਿੰਡ ਦੇ ਸਾਰੇ ਮੁਹਾਣੇ ਆਪਣੀਆਂ ਆਪਣੀਆਂ ਬੇੜੀਆਂ ਖਿੱਚ ਕੇ ਕੰਢੇ ਲੈ ਗਏ, ਇਹ ਕੌਣ ਹੋਵੇਗਾ ?

ਦੀਪੋ — ਪਤਾ ਨਹੀਂ । ਦਰਿਆ ਬਹੁਤ ਆਫਰਿਆ ਹੋਇਆ ਏ ।

ਲਾਜੋ — ਹਾਂ । ਇਹ ਹਵਾ ਦੀਆਂ ਸ਼ੂਕਾਂ ਕਿੰਨੀਆਂ ਤੇਜ਼ ਹਨ, ਜਿਵੇਂ ਸਭ ਕਾਸੇ ਨੂੰ ਉਡਾ ਕੇ ਲੈ ਜਾਣਗੀਆਂ ।

ਦੀਪੋ — ਲਾਜੋ ! ਮੈਨੂੰ ਤੂਫਾਨ ਤੋਂ ਹਮੇਸ਼ ਡਰ ਆਉਂਦਾ ਏ ।

ਲਾਜੋ — ਤੂਫਾਨ ਦੇ ਨਾਲ ਈ ਮੈਨੂੰ ਉਹ ਦਿਨ ਵੀ ਯਾਦ ਆ ਜਾਂਦਾ ਏ, ਜਦ ਮੇਰਾ ਵੀਰ ਤੈਨੂੰ ਛਡ ਕੇ ਨਿਕਲ ਗਿਆ ਸੀ ।

ਦੀਪੋ — ਮੈਨੂੰ ਉਹ ਦਿਨ ਯਾਦ ਨਾ ਕਰਾ, ਲਾਜੋ !

ਲਾਜੋ — ਮੈਨੂੰ ਉਹ ਦਿਨ ਭੁੱਲਦਾ ਈ ਨਹੀਂ । ਮੈਂ ਤਾਂ ਕਈ ਵਾਰ ਆਖਿਆ ਏ ਕਿ ਇਹ ਝੁੱਗੀ ਮਨਹੂਸ ਏ । ਅਸੀਂ ਏਸ ਨੂੰ ਛੱਡ ਜਾਈਏ, ਪਰ ਤੂੰ ਨਹੀਂ ਮੰਨਦੀ ।

ਦੀਪੋ — ਇਸ ਝੁੱਗੀ ਨੂੰ ਕਿਵੇਂ ਛੱਡ ਦੇਵਾਂ ? ਪੂਰੇ ਛੇ ਸਾਲ ਬਿਤਾਏ ਨੇ ਮੈਂ ਇਥੇ । ਇਥੇ ਹੀ ਮੈਨੂੰ ਤੇਰਾ ਭਰਾ ਡੋਲੀ ਵਿਚ ਬਿਠਾ ਕੇ ਲੈ ਕੇ ਆਇਆ ਸੀ ਤੇ ਤੂੰ ਮੇਰਾ ਘੁੰਡ ਚੁਕ ਕੇ ਇਸੇ ਲਾਲਟੈਨ ਦੇ ਚਾਨਣੇ ਵਿਚ ਮੇਰਾ ਮੂੰਹ ਤੱਕਿਆ ਸੀ । ਤੂੰ ਮੈਨੂੰ ਅੰਦਰ ਲਿਆਈ ਸੀ ਇਸੇ ਝੁੱਗੀ ਵਿਚ । ਮੈਨੂੰ ਇਸ ਝੁੱਗੀ ਨਾਲ ਪਿਆਰ ਏ । ਏਥੇ ਬਹੁਤ ਸਾਰੀਆਂ ਯਾਦਾਂ ਦਬੀਆਂ ਪਈਆਂ ਹਨ ।

ਲਾਜੋ — ਏਸ ਮਨਹੂਸ ਝੁੱਗੀ ਵਿਚ ਤੇਰਾ ਪੁੱਤ ਮਰ ਗਿਆ ਸੀ ।

ਦੀਪੋ — ਹਾਂ, ਮੇਰਾ ਨਿੱਕਾ ਲਾਲ ਏਥੇ ਹੀ ਜੰਮਿਆ ਸੀ ਤੇ ਇਥੇ ਹੀ ਮਰ ਗਿਆ । ਸੂਰਜ ਛੁਪ ਚੁਕਾ ਸੀ । ਦੀਵੇ ਬਲ ਉਠੇ ਸਨ । ਮੈਂ ਉਸ ਨੂੰ ਇਨ੍ਹਾਂ ਹੱਥਾਂ ਵਿਚ ਚੁਕ ਕੇ ਦਸ ਕਰਮਾਂ ਉਤੇ ਈ

ਦੱਬਣ ਗਈ ਸਾਂ। ਮੈਂ ਏਥੋਂ ਕਿਵੇਂ ਚਲੀ ਜਾਵਾਂ ?

ਲਾਜੋ — ਮੇਰਾ ਤਾਂ ਜੀ ਡਰਦਾ ਏ। ਆਪਣਾ ਅੰਦਰ ਖਾਣ ਨੂੰ ਆਉਂਦਾ ਏ।

ਦੀਪੋ — ਹਨ੍ਹੇਰੇ ਸਵੇਰੇ ਮੈਂ ਉਸ ਦੀ ਨਿੱਕੀ ਜਹੀ ਮੜ੍ਹੀ ਨੂੰ ਦੇਖਣ ਜਾਂਦੀ ਆਂ। ਮੇਰੀ ਆਂਦਰ ਉਥੇ ਦੱਬੀ ਪਈ ਏ। ਮੇਰਾ ਮਨ ਵੀ ਇਕ ਵੱਡੀ ਮੜ੍ਹੀ ਏ, ਜਿਥੇ ਅਨਗਿਣਤ ਆਸਾਂ ਤੇ ਯਾਦਾਂ ਦੱਬੀਆਂ ਪਈਆਂ ਹਨ।

ਲਾਜੋ — ਛੱਡ ਇਨ੍ਹਾਂ ਗੱਲਾਂ ਨੂੰ। ਜਾ ਲਾਲਟੈਨ ਲੈ ਕੇ ਜਾ ਤੇ ਕਾਂਸੀ ਵੈਦ ਤੋਂ ਪੁੜੀ ਲੈ ਆ। ਮੈਂ ਭੂਆ ਕੋਲ ਬੈਠਦੀ ਆਂ।

ਦੀਪੋ — ਲਾਲਟੈਨ ਦਾ ਚਾਨਣ ਟਿਕਵਾਂ ਨਹੀਂ। ਹਵਾ ਕਿਵੇਂ ਸ਼ੂਕਦੀ ਐ। ਚੀਜ਼ਾਂ ਦੇ ਪਰਛਾਵੇਂ ਕੰਧਾਂ ਉਤੇ ਕੰਬਦੇ ਹਨ। ਇਸ ਝੁੱਗੀ ਵਿਚ ਕਿੰਨੀਆਂ ਹੀ ਚੀਜ਼ਾਂ ਦੀ ਛਾਂ ਏ। ਹਰ ਵੇਲੇ ਮੈਂ ਯਾਦਾਂ ਦੀ ਛਾਂ ਹੇਠ ਦਬੀ ਰਹੀ ਆਂ। ਇਹ ਜਾਲ, ਇਹ ਰੱਸੇ, ਇਹ ਟੁਟਿਆ ਹੋਇਆ ਚੱਪੂ। ਏਸੇ ਚੱਪੂ ਦੇ ਸਹਾਰੇ ਤੇਰਾ ਭਰਾ ਕਈ ਵਾਰ ਪਾਰਲੇ ਕੰਢੇ ਗਿਆ ਸੀ।

ਲਾਜੋ — ਉਹ ਤੇਰੇ ਚਾਲਿਆਂ ਤੋਂ ਅਕ ਕੇ ਚਲਿਆ ਗਿਆ।

ਦੀਪੋ — ਮੇਰੇ ਚਾਲੇ ?

ਲਾਜੋ — ਹੋਰ ? ਨੀ ਤੂੰ ਸੁੰਦਰ ਦੇ ਪਿਆਰ ਵਿਚ ਕਿਵੇਂ ਗ਼ਰਕ ਗਈ, ਜਦ ਤੈਨੂੰ ਪਤਾ ਸੀ ਕਿ ਸੁਰਜੀਤ ਵੀਰ ਤੈਨੂੰ ਅੰਤਾਂ ਦਾ ਪਿਆਰ ਕਰਦਾ ਏ। ਸਾਰੇ ਪਿੰਡ ਦੇ ਸਾਰੇ ਮੁਹਾਣੇ ਇਕ ਪਾਸੇ ਤੇ ਸੁਰਜੀਤ ਵੀਰ ਇਕ ਪਾਸੇ। ਸਭਣਾਂ ਦੇ ਆਖਣ ਸੁਣਨ ਤੇ ਵੀ ਉਹ ਤੈਨੂੰ ਲੈ ਆਇਆ।

ਦੀਪੋ — ਮੈਂ ਵੀ ਸਭਨਾਂ ਨੂੰ ਛੱਡ ਕੇ, ਸਾਰੇ ਪਿੰਡ ਦੇ ਸੋਹਣੇ ਜਵਾਨਾਂ ਨੂੰ ਤੱਜ ਕੇ, ਉਸ ਨਾਲ ਲੱਗੀ ਆਈ।

ਲਾਜੋ — ਏਸੇ ਕਰ ਕੇ ਤਾਂ ਉਹ ਤੇਰੇ ਲਈ ਜਾਨ ਦਿੰਦਾ ਸੀ। ਉਹ ਤੇਰੀ ਹਰ ਗੱਲ ਮਾਫ਼ ਕਰ ਦੇਂਦਾ, ਪਰ ਤੂੰ ਉਸ ਦੇ ਆਪਣੇ ਮਿਤਰ ਸੁੰਦਰ ਨਾਲ ਹੀ ਇਸ਼ਕ ਕਮਾਣ ਲੱਗੀ। ਡੈਣ ਵੀ ਇਕ ਘਰ ਛਡ ਦਿੰਦੀ ਐ।

ਦੀਪੋ — ਲਾਜੋ ! ਲਾਜੋ !! ਰੱਬ ਦੇ ਵਾਸਤੇ ਚੁੱਪ ਕਰ ! ਚੁੱਪ ਕਰ !

ਲਾਜੋ — ਤੇਰੇ ਏਸ ਕਾਰੇ ਨੇ ਮੇਰੇ ਵੀਰ ਨੂੰ ਸਦਾ ਲਈ ਮੇਰੇ ਕੋਲੋਂ ਨਖੇੜ ਦਿੱਤਾ।

ਦੀਪੋ — ਲਾਜੋ ! ਲਾਜੋ ! ! ਮੈਨੂੰ ਬੇੜੀ ਦੀ ਸਹੁੰ ! ਮੈਨੂੰ ਪੱਤਣ ਦੀ ਸਹੁੰ ! ਸੁੰਦਰ ਨਾਲ ਮੇਰਾ ਕੋਈ ਅਜਿਹਾ ਪਿਆਰ ਨਹੀਂ ਸੀ।

ਲਾਜੋ — ਨੀ ਝੱਲੀਏ, ਪਿਆਰ ਦੀਆਂ ਵੀ ਕਿਤੇ ਕਿਸਮਾਂ ਹੁੰਦੀਆਂ ਨੇ। ਪਿਆਰ ਵੀ ਕੋਈ ਕਪੜਾ ਜਾਂ ਫੁੱਲ ਏ ਜੁ ਵਖਰੀ ਵਖਰੀ ਭਾਂਤ ਦਾ ਹੋਵੇ। ਝੱਲੀਏ, ਪਿਆਰ ਪਿਆਰ ਏ ਜਿਵੇਂ ਸਤਲੁਜ ਦਾ ਪਾਣੀ ਪਾਣੀ ਏ। ਤੈਨੂੰ ਸੁੰਦਰ ਨਾਲ ਪਿਆਰ ਸੀ।

ਦੀਪੋ — ਨਹੀਂ, ਨਹੀਂ !

ਲਾਜੋ — ਮੈਨੂੰ ਪਤਾ ਏ।

ਦੀਪੋ — ਤੂੰ ਮੇਰੀ ਪੱਤ ਨਾ ਲਾਹ, ਲਾਜੋ। ਤੂੰ ਆਪੂੰ ਪਿਆਰ ਦੀ ਮਾਰੀ ਏਂ ਤੇਰਾ ਮਾਹੀ ਤਾਪ ਨਾਲ ਮਰ ਗਿਆ। ਉਸ ਦੇ ਪਿਆਰ ਮਾਰੇ ਤੂੰ ਵਿਆਹ ਨਾ ਕੀਤਾ। ਤੈਨੂੰ ਪਿਆਰ ਦੀ ਸਹੁੰ, ਤੂੰ ਇੰਜ ਨਾ ਆਖ।

ਲਾਜੋ — ਹੁਣ ਵੀ ਜਦ ਸੁੰਦਰ ਕਦੀ ਨਜ਼ਰ ਆਉਂਦਾ ਏ, ਤਾਂ ਤੂੰ ਕੰਬ ਉਠਦੀ ਏਂ। ਦੂਰੋਂ ਉਸ ਦੀ ਆਵਾਜ਼ ਸੁਣ ਕੇ ਤੇਰੀਆਂ ਉਂਗਲਾਂ ਆਟੇ ਵਿਚ ਹੀ ਰਹਿ ਜਾਂਦੀਆਂ ਨੇ ਤੇ ਤੇਰੇ ਕੰਨ ਡਰੀ ਹੋਈ ਘੋੜੀ ਵਾਂਗ ਖੜੇ ਹੋ ਜਾਂਦੇ ਹਨ।

ਦੀਪੋ — ਲਾਜੋ, ਲਾਜੋ !

ਲਾਜੋ — ਤੀਵੀਂ ਨੂੰ ਚਾਹੀਦਾ ਏ ਕਿ ਉਹ ਕਿਸੇ ਇੱਕ ਦੀ ਹੋ ਕੇ ਰਹੇ।

ਦੀਪੋ — (ਸਿਸਕੀ ਭਰ ਕੇ) ਮੈਨੂੰ ਪਤਾ ਏ।

ਲਾਜੋ — ਮੈਂ ਤੇਰੇ ਇਹ ਹੰਝੂ ਕਈ ਵਾਰ ਦੇਖ ਚੁਕੀ ਆਂ। ਤੇ ਮੈਨੂੰ ਇਹ ਵੀ ਪਤਾ ਹੈ ਕਿ ਤੂੰ ਇਹ ਹੰਝੂ ਕਿਸ ਲਈ ਕੇਰ ਰਹੀ ਏਂ।

ਦੀਪੋ — ਲਾਜੋ!

ਲਾਜੋ — ਜੋ ਮੈਂ ਆਖ ਰਹੀ ਆਂ, ਸੱਚ ਐ।

ਦੀਪੋ — ਪਰ ਲਾਜੋ, ਕਿਸੇ ਹੋਰ ਆਦਮੀ ਲਈ ਦਿਲ ਵਿਚ ਰਤਾ ਜਿੰਨਾ ਖ਼ਿਆਲ ਲਿਆਉਣਾ ਵੀ ਪਾਪ ਏ ਕੀ? ਇਕ ਨਿੱਕੀ ਜਿਹੀ ਘੁੰਮਣ-ਘੇਰੀ, ਇਕ ਆਪ-ਮੁਹਾਰੀ ਛੱਲ ...

ਲਾਜੋ — ਹਾਂ।

ਦੀਪੋ — ਹਾਏ, ਮੈਂ ਇਸ ਮਨ ਦਾ ਕੀ ਕਰਾਂ। ਮੈਂ ਇਸ ਨੂੰ ਬੰਨ੍ਹ ਕੇ ਰਖਿਆ ਏ–ਨੂੜ ਕੇ, ਤੁਫ਼ਾਨਾਂ ਤੋਂ ਬਚਾ ਕੇ, ਛੱਲਾਂ ਤੋਂ ਹਟਾ ਕੇ। ਪੱਤਣ ਦੇ ਕੰਢੇ ਇਕ ਥਾਂ ਉਸ ਬੇੜੀ ਵਾਂਗੂ ਜਿਸ ਨੂੰ ਦਰਿਆ ਦੀਆਂ ਛੱਲਾਂ ਛੂੰਹਦੀਆਂ ਹਨ, ਪਰ ਠੇਲ੍ਹ ਨਹੀਂ ਸਕਦੀਆਂ। ਇਸ ਉਤੇ ਵੀ ਸੁਰਜੀਤ ਏਡਾ ਹਿਰਖੀ ਕਿਉਂ ਸੀ। ਉਸ ਨੂੰ ਤਾਂ ਪਤਾ ਸੀ ਕਿ ਮੈਂ ਉਸੇ ਦੀ ਹਾਂ।

ਲਾਜੋ — ਪਿਆਰ ਵਿਚ ਕਿਸੇ ਮਰਦ ਦਾ ਮਨ ਧੋਖਾ ਨਹੀਂ ਖਾਂਦਾ। ਤੂੰ ਸੁੰਦਰ ਨੂੰ ਪਿਆਰ ਕਰਦੀ ਸੈਂ। ਤੇਰੀਆਂ ਅੱਖਾਂ ਵਿਚ ਉਹ ਪਿਆਰ ਉਛਾਲਾ ਏ ਜੋ ਕਿਸੇ ਵੀ ਮਰਦ ਨੂੰ ਸਾਰੀ ਉਮਰ ਲਈ ਪਾਗਲ ਬਣਾਨ ਲਈ ਮੁਕਦਾ ਨਹੀਂ। ਤੂੰ ਸੁੰਦਰ ਨੂੰ ਪਿਆਰ ਕਰਦੀ ਸੈਂ।

ਦੀਪੋ — ਪਰ ਏਸ ਵਿਚ ਮੇਰਾ ਕੀ ਕਸੂਰ? ਮੇਰਾ ਮਨ ਹੀ ਇਹੋ ਜਿਹਾ ਏ। ਰੱਬ ਨੇ ਇਸ ਨੂੰ ਏਸੇ ਤਰ੍ਹਾਂ ਦਾ ਬਣਾਇਆ ਏ? ਭਲਾ ਦੱਸ ਇਸ ਵਿਚ ਮੇਰਾ ਕੀ ਗੁਨਾਹ ਜੇ ਮੇਰੇ ਕੰਨ ਸਿਪੀਆਂ

ਵਰਗੇ ਨੇ, ਜੇ ਮੇਰਾ ਨੱਕ ਛੋਟਾ ਏ, ਜੇ ਮੇਰੀ ਗਰਦਨ ਲੰਮੀ ਏ ? ਮੈਂ ਇਸ ਦਾ ਕੀ ਇਲਾਜ ਕਰਾਂ ? ਮੇਰਾ ਦਿਲ ਵੀ ਏਸੇ ਤਰ੍ਹਾਂ ਏ, ਵੇਗ ਨਾਲ ਭਰਿਆ ਹੋਇਆ। ਹਾਏ ! ਜੇ ਮੇਰਾ ਨੱਕ ਵੱਡਾ ਹੁੰਦਾ ਤੇ ਮੇਰੇ ਮੂੰਹ ਉਤੇ ਮਾਤਾ ਦੇ ਦਾਗ਼ ਹੁੰਦੇ ਤੇ ਮੱਥੇ ਉਤੇ ਕੋਈ ਕਾਲਾ ਚਟਾਕ ਹੁੰਦਾ ਤਾਂ ਮੈਨੂੰ ਕੋਈ ਪਿਆਰ ਨਾ ਕਰਦਾ — ਤੇ ਨਾ ਈ ਸੁੰਦਰ !

ਲਾਜੋ — ਐਵੇਂ ਕੁਬੋਲ ਨਾ ਪਈ ਬੋਲ।

ਦੀਪੋ — ਸੁੰਦਰ ਦੇ ਪਿਆਰ ਵਿਚ ਮੈਨੂੰ ਪਤਾ ਨਹੀਂ, ਕੀ ਏ। ਉਹ ਸਭਨਾਂ ਨਾਲੋਂ ਵੱਖ ਏ। ਉਹ ਘਟ ਬੋਲਦਾ ਏ, ਬਸ ਖਲੋਤਾ ਰਹਿੰਦਾ ਏ — ਅਭੋਲ। ਹਾਏ ਰੱਬਾ, ਮੈਨੂੰ ਬਖ਼ਸ਼ੀਂ ! ਮੈਂ ਕਿਹੋ ਜਹੀਆਂ ਗੱਲਾਂ ਕਰਨ ਲਗ ਪਈ।

ਲਾਜੋ — ਤੂੰ ਸੁੰਦਰ ਨੂੰ ਕਦੀ ਨਹੀਂ ਮਿਲੀ ?

ਦੀਪੋ — ਕਦੀ ਨਹੀਂ। ਉਹ ਕੋਲ ਦੀ ਲੰਘ ਜਾਂਦਾ ਏ। ਮੈਂ ਘਾਟ ਤੋਂ ਬੇੜੀ ਠੇਲ੍ਹ ਕੇ ਉਸ ਦੇ ਨੇੜੇ ਦੀ ਲੰਘ ਆਉਂਦੀ ਆਂ। ਬਸ ਉਸ ਨੂੰ ਦੇਖ ਕੇ ਸਾਰੇ ਸਰੀਰ ਵਿਚ ਝੁਣਝੁਣੀਆਂ ਜਹੀਆਂ ਦੌੜ ਜਾਂਦੀਆਂ ਹਨ। ਜੀਭ ਤਾਲੂ ਨਾਲ ਜਾ ਲਗਦੀ ਏ। ਹੁਣ ਮੈਂ ਉਸ ਨੂੰ ਕਦੀ ਵੀ ਨਹੀਂ ਬੁਲਾਵਾਂਗੀ। ਮੈਨੂੰ ਡਰ ਆਉਂਦਾ ਏ।

ਲਾਜੋ — ਉਸ ਤੋਂ ?

ਦੀਪੋ — ਨਹੀਂ ਆਪਣੇ ਆਪ ਤੋਂ। ਆਪਣੇ ਵੇਗ ਤੋਂ। ਆਪਣੇ ਭਾਗਾਂ ਤੋਂ ਡਰਦੀ ਹਾਂ ਮੈਂ।

ਲਾਜੋ — ਕਿਉਂ ?

ਦੀਪੋ — ਤੈਨੂੰ ਯਾਦ ਐ ਉਹ ਰਾਤ ? ਸੁਰਜੀਤ ਨਟਾਂ ਦਾ ਤਮਾਸ਼ਾ ਦੇਖਣ ਗਿਆ ਹੋਇਆ ਸੀ — ਅਖਾੜੇ ਵਿਚ ਜਿਥੇ ਮਸ਼ਾਲਚੀ

ਵਡੀਆਂ ਵਡੀਆਂ ਮਸ਼ਾਲਾਂ ਲਈ ਖੜੇ ਤਮਾਸ਼ਾ ਦਿਖਾ ਰਹੇ ਸਨ। ਮੈਂ ਘਰ ਹੀ ਰਹੀ ਸਾਂ। ਇਤਨੇ ਵਿਚ ਸੁੰਦਰ ਆਇਆ: ਉਸ ਦਿਨ ਦਰਿਆ ਚੜ੍ਹਿਆ ਹੋਇਆ ਸੀ ਤੇ ਉਹ ਬੇੜੀ ਲੈ ਕੇ ਪਾਰਲੇ ਕੰਢੇ ਗਿਆ ਸੀ। ਉਸ ਨੇ ਚੱਪੂ ਤੇ ਜਾਲ ਇਥੇ ਰੱਖੇ। ਉਹ ਮੇਰੇ ਕੋਲ ਖੜਾ ਹੋ ਗਿਆ। ਦੀਵੇ ਦੀ ਲੋਅ ਵਿਚ ਉਸ ਦੇ ਡੌਲੇ ਚਮਕ ਰਹੇ ਸਨ—ਮੈਂ ਉਸ ਦੇ ਡੌਲਿਆਂ ਨੂੰ ਹੱਥ ਲਾ ਕੇ ਦੇਖਿਆ।

ਲਾਜੋ — ਝੱਲੀ!

ਦੀਪੋ — ਐਵੇਂ ਹੀ ਹੱਥ ਲਾ ਕੇ ਦੇਖਿਆ ਸੀ। ਪੱਥਰ ਵਰਗੇ ਕਰੜੇ ਸਨ। ਵੱਟਿਆਂ ਵਰਗੇ। ਜੀ ਕੀਤਾ ਉਨ੍ਹਾਂ ਨੂੰ ਚੱਬ ਸੁੱਟਾਂ।

ਲਾਜੋ — ਝੱਲੀਏ, ਇਹੋ ਤਾਂ ਪਿਆਰ ਏ।

ਦੀਪੋ — ਮੈਂ ਉਂਜੇ ਈ ਉਨ੍ਹਾਂ ਨੂੰ ਟੋਹਿਆ। ਉਸ ਨੇ ਮੇਰੀ ਗਲ੍ਹ ਹੇਠ— ਏਥੇ ਗਰਦਨ ਨੂੰ ਜਿਥੇ ਮੇਰੇ ਵਾਲਾਂ ਦੀ ਇਕ ਲਟੂਰੀ ਖਿਲਰੀ ਪਈ ਸੀ — ਆਪਣੀਆਂ ਉਂਗਲਾਂ ਨਾਲ ਛੋਹਿਆ। ਉਸ ਰਾਤ ਹਵਾ ਦੇ ਝੱਖੜ ਏਸੇ ਤਰ੍ਹਾਂ ਸਨ, ਤੇ ਦਰਿਆ ਵਿਚ ਪਾਣੀ ਵੀ ਇਸੇ ਤਰ੍ਹਾਂ ਚੜ੍ਹ ਰਿਹਾ ਸੀ। ਉਸ ਦੀ ਛੋਹ ਨਾਲ ਮੈਂ ਵਾਲ ਵਾਲ ਕੰਬ ਗਈ ... ਉਸ ਦੀ ਪਹਿਲੀ ਛੋਹ ... ਤੇ ਮੈਂ ਅੱਖਾਂ ਮੀਟ ਕੇ ਉਸ ਦੀ ਹਿਕ ਉਤੇ ਸਿਰ ਰਖ ਦਿਤਾ— ਉਸੇ ਵੇਲੇ ਪਿਛੋਂ ਤੇਰਾ ਭਰਾ ਆ ਖਲੋਤਾ। ਉਸ ਦੀਆਂ ਅੱਖਾਂ ਭੱਖ ਉਠੀਆਂ। ਉਸ ਦੇ ਹੱਥ ਵਿਚ ਚੱਪੂ ਸੀ। ਮੈਨੂੰ ਦੇਖ ਕੇ ਉਸ ਚੱਪੂ ਉਤਾਂਹ ਚੁਕਿਆ — ਉਸ ਦਾ ਸਾਰਾ ਸਰੀਰ ਆਕੜ ਗਿਆ — ਪਾਗਲਾਂ ਵਾਂਗ ਉਹ ਚੀਕਿਆ — ਤੇ ਉਸ ਨੇ ਚੱਪੂ ਨੂੰ ਕੰਧ ਨਾਲ ਮਾਰਿਆ। ਚੱਪੂ ਦੋ ਟੋਟੇ ਹੋ ਕੇ ਡਿਗ ਪਿਆ—

ਲਾਜੋ — ਤੇ ਫੇਰ ਉਹ ਚਲਾ ਗਿਆ।

ਦੀਪੋ — ਮੈਂ ਉਸ ਦੇ ਮਗਰ ਦੌੜੀ। ਉਸ ਦਾ ਝੱਗਾ ਫੜਿਆ। ਉਸ ਦੀਆਂ ਮਿੰਨਤਾਂ ਕੀਤੀਆਂ। ਉਸ ਅੱਗੇ ਕੀਰਨੇ ਪਾਏ ਕਿ ਸੁੰਦਰ ਤੇ ਮੇਰੇ ਵਿਚ ਕੋਈ ਗੱਲ ਨਹੀਂ, ਪਰ ਉਹ ਨਾ ਮੰਨਿਆ।

ਲਾਜੋ — ਜਿਥੇ ਪਿਆਰ ਬਹੁਤਾ ਹੋਵੇ, ਉਥੇ ਸ਼ਕ ਵੀ ਵਧੇਰੇ ਹੁੰਦਾ ਏ।

ਦੀਪੋ — ਉਸ ਨੇ ਬੇੜੀ ਖੋਲ੍ਹੀ ਤੇ ਤੂਫ਼ਾਨ ਵਿਚ ਠੇਲ੍ਹ ਦਿਤੀ। ਉਸ ਰਾਤ ਮੈਂ ਉਸ ਨੂੰ ਉਡੀਕਦੀ ਰਹੀ। ਪਾਣੀ ਪੱਥਰਾਂ ਨਾਲ ਟੱਕਰਾਂ ਮਾਰ ਮਾਰ ਕੁਰਲਾਂਦਾ ਰਿਹਾ ਤੇ ਝੱਗਾਂ ਸੁੱਟਦਾ ਰਿਹਾ, ਪਰ ਉਸ ਦਾ ਕੁਝ ਪਤਾ ਨਾ ਲੱਗਾ। ਫੇਰ ਦਰਿਆ ਲੱਥਾ ਤਾਂ ਉਸ ਦੀ ਜੁੱਤੀ, ਤਹਿਮਦ ਤੇ ਪੱਗ ਰੁੜ੍ਹਦੇ ਤਰਦੇ ਕੰਢੇ ਉਤੇ ਪਏ ਮਿਲੇ, ਚਿੱਕੜ ਨਾਲ ਲਿਬੜੇ ਹੋਏ। ਮੈਂ ਉਸ ਦੀਆਂ ਉਹ ਤਿੰਨੇ ਚੀਜ਼ਾਂ ਚੁਕੀਆਂ ਤੇ ਸੁਕਾ ਕੇ ਟਰੰਕੀ ਵਿਚ ਰੱਖ ਦਿਤੀਆਂ। ਏਸੇ ਲਈ ਮੈਂ ਇਸ ਝੁਗੀ ਨੂੰ ਛਡ ਕੇ ਨਹੀਂ ਜਾਂਦੀ। ਮੈਂ ਸੁੰਦਰ ਨੂੰ ਕਦੇ ਝੁੱਗੀ ਦੇ ਅੰਦਰ ਨਹੀਂ ਆਉਣ ਦਿੱਤਾ। ਮੈਂ ਮਨ ਵਿਚ ਇਹੋ ਦੁਆਵਾਂ ਮੰਗਦੀ ਰਹੀ ਕਿ ਜੇ ਕਦੀ ਸੁਰਜੀਤ ਮੁੜ ਆਵੇ ਤੇ ਦੇਖੇ ਤਾਂ ਉਹ ਜਾਣੇ ਕਿ ਮੈਂ ਉਹਦੀ ਯਾਦ ਵਿਚ ਕੇਡੀ ਖਰੀ ਰਹੀ ਆਂ।

ਲਾਜੋ — ਹੁਣ ਉਸ ਦੀ ਬਸ ਯਾਦ ਰਹਿ ਗਈ ਏ, ਉਸ ਕਦੇ ਨਹੀਂ ਆਉਣਾ।

[ਭੂਆ ਜ਼ੋਰ ਦੀ ਖੰਘਦੀ ਹੈ।

ਲਾਜੋ — ਜਾ! ਜਾ ਕੇ ਕਾਂਸੀ ਵੈਦ ਤੋਂ ਦਵਾ ਲੈ ਆ। ਕਿਤੇ ਰਾਤ ਨੂੰ ਈ ਨਾ ਦਮ ਤੋੜ ਦੇਵੇ। ਭੂਆ ਨੂੰ ਕਾਂਸੀ ਵੈਦ ਦੀ ਦਵਾਈ ਰਾਸ ਆਉਂਦੀ ਏ।

ਦੀਪੋ — ਦਰਿਆ ਬਹੁਤ ਚੜ੍ਹ ਆਇਆ ਏ। ਕਾਂਸੀ ਵੈਦ ਦਾ ਘਰ ਇਹ ਨਿਵਾਣ ਲੰਘ ਕੇ ਐ, ਤੇ ਨਿਵਾਣ ਪਾਣੀ ਨਾਲ ਭਰੀ ਹੋਈ ਏ।

[ਗੀਤ ਫਿਰ ਸੁਣਾਈ ਦੇਂਦਾ ਹੈ ।

ਮੇਰੀ ਲਾ ਦੇ ਪੱਤਣ ਤੇ ਬੇੜੀ ।

ਇਹ ਤਾਂ ਸੁੰਦਰ ਏ । ਆਪਣੀ ਬੇੜੀ ਘਸੀਟ ਕੇ ਰੁੱਖ ਨਾਲ ਬੰਨ੍ਹ ਰਿਹਾ ਏ ।

ਲਾਜੋ — ਏਸ ਨੂੰ ਆਖ, ਕਾਂਸੀ ਵੈਦ ਨੂੰ ਸਦ ਲਿਆਵੇ ।

ਦੀਪੋ — ਤੂੰ ਆਖ ਦੇ ।

ਲਾਜੋ — (ਹਾਕ ਮਾਰ ਕੇ) ਸੁੰਦਰਾ ! ਵੇ ਸੁੰਦਰਾ !

ਦੀਪੋ — ਮੇਰਾ ਜੀ ਘਿਰਦਾ ਏ । ਪੈਰਾਂ ਹੇਠ ਇਕ ਝਰਨਾਟ ਜਹੀ ਦੌੜ ਗਈ ਏ ।

ਲਾਜੋ — ਤੂੰ ਜਾ ਕੇ ਭੂਆ ਨੂੰ ਪੱਟੀ ਬੰਨ੍ਹ । ਮੈਂ ਸੁੰਦਰ ਨੂੰ ਆਖਦੀ ਆਂ ਕਿ ਕਾਂਸੀ ਵੈਦ ਨੂੰ ਬੁਲਾ ਲਿਆਏ । ਉਸ ਮੇਰੀ ਗੱਲ ਨਹੀਂ ਮੋੜਨੀ । ਹੁਣੇ ਬਿਜਲੀ ਲਿਸ਼ਕੀ ਸੀ । ਪੱਤਣ ਤੇ ਤੁਰਿਆਂ ਆਉਂਦਾ ਇਹ ਸੁੰਦਰ ਈ ਏ ।

ਦੀਪੋ — ਸ਼ੈਤ ਮੀਂਹ ਵਰ੍ਹ ਰਿਹਾ ਏ ।

ਲਾਜੋ — ਨਹੀਂ, ਐਵੇਂ ਨਿੱਕੀ ਨਿੱਕੀ ਭੂਰ ਏ । ਖੌਰੇ ਦਰਿਆ ਦੀਆਂ ਛੱਲਾਂ ਦੀ ਫੁਹਾਰ ਏ । ਲਾਲਟੈਨ ਫੜਾ, ਮੈਂ ਖਿੜਕਾ ਲਾਹਵਾਂ ।

ਦੀਪੋ — ਬਹੁਤ ਭੱਕ ਭੱਕ ਕਰਨ ਨਾਲ ਇਸ ਦੀ ਚਿਮਨੀ ਦੀ ਉਪਰਲੀ ਕਿੰਗਰੀ ਕਾਲੀ ਸ਼ਾਹ ਹੋ ਗਈ ਏ । ਲਿਆ ਰਤਾ ਸਾਫ ਕਰ ਦਿਆਂ ।

ਲਾਜੋ — ਨਹੀਂ ਬਾਹਰ ਰਾਤ ਕਾਲੀ ਏ । ਇਸ ਦਾ ਚਾਨਣਾ ਮੁਕਦਾ ਨਹੀਂ ।

ਦੀਪੋ — ਹਲਾ, ਮੈਂ ਜਾਨੀ ਆਂ ਭੂਆ ਨੂੰ ਦੇਖਣ ।

[ਲਾਜੋ ਖਿੜਕਾ ਖੋਲ੍ਹਦੀ ਹੈ । ਸੁੰਦਰ ਅੰਦਰ ਆਉਂਦਾ ਹੈ ।

ਸੁੰਦਰ — ਹੜ...ਛ...ਛ ! ਦਰਿਆ ਵਿਚ ਝੱਖੜ ਏ ਤੇ ਘੁੰਮਣ-ਘੇਰੀਆਂ ! ਪਾਣੀ ਸਾਰੇ ਪਿੰਡ ਨੂੰ ਅੱਗੇ ਲਾਈ ਜਾਂਦਾ ਏ ।

ਲਾਜੋ — ਹਾਏ ਰੱਬਾ !

ਸੁੰਦਰ — ਹਾਂ ! ਪਿੰਡ ਦੇ ਲੋਕੀਂ ਡੰਗਰਾਂ ਨੂੰ ਹਿੱਕੀ ਪਾਣੀ ਦੇ ਅੱਗੇ ਅੱਗੇ ਨੱਸੀ ਜਾਂਦੇ ਨੇ । ਉਹ ਲਾਗਲੇ ਪਿੰਡ ਜਾ ਵੜਨਗੇ, ਉਹ ਰਤਾ ਉਚੇਰੀ ਥਾਂ ਉਤੇ ਹੈ ।

ਲਾਜੋ — ਬੂਟੇਵਾਲ ?

ਸੁੰਦਰ — ਹਾਂ, ਬੂਟੇਵਾਲ ।

ਲਾਜੋ — ਉਥੇ ਦੀਪੋ ਦੇ ਪੇਕੇ ਹਨ ।

ਸੁੰਦਰ — ਮਗਰ-ਮੱਛ ਦਰਿਆ ਤੋਂ ਬਾਹਰ ਨਿਕਲ ਆਏ ਨੇ ਤੇ ਟਿੱਬਿਆਂ ਉਤੇ ਰਿੜ੍ਹਦੇ ਫਿਰਦੇ ਨੇ । ਬੜਾ ਹੜ੍ਹ ਏ !

ਲਾਜੋ — ਤੇਰੀ ਬੇੜੀ ?

ਸੁੰਦਰ — ਮੈਂ ਬਚਾ ਲਿਆਂਦੀ ਏ; ਦੇਵੀ ਵਾਲੇ ਜੰਡ ਨਾਲ ਬੰਨ੍ਹ ਆਇਆ ਹਾਂ ।

ਲਾਜੋ — ਭੂਆ ਬਹੁਤ ਬੀਮਾਰ ਏ । ਜਦ ਉਸ ਨੂੰ ਖੰਘ ਛਿੜ ਜਾਂਦੀ ਏ ਤਾਂ ਮਸਾਂ ਰੁਕਦੀ ਏ । ਤੂੰ ਜਾ ਕੇ ਕਾਂਸੀ ਤੋਂ ਦਵਾ ਤੇ ਲਿਆ ਦੇ ।

ਸੁੰਦਰ — ਅੱਛਾ ਜਾਂਦਾ ਹਾਂ — ਪਰ ਕਾਂਸੀ ਵੀ ਸ਼ੈਤ ਨੱਸ ਗਿਆ ਹੋਵੇ ।

ਲਾਜੋ — ਉਸ ਦਾ ਘਰ ਤਾਂ ਉੱਚੇ ਟਿੱਬੇ ਉੱਤੇ ਹੈ । ਉਸ ਕਿੱਥੇ ਨੱਸਣਾ ਏ ? ਉਹ ਤੂਫ਼ਾਨ ਤੋਂ ਨੱਸ ਕੇ ਕਦੇ ਕਿਤੇ ਨਹੀਂ ਜਾਂਦਾ । ਬਾਰਾਂ ਵਰ੍ਹੇ ਪਹਿਲਾਂ ਜਦੋਂ ਹੜ੍ਹ ਆਇਆ ਸੀ, ਤਾਂ ਸਾਰਾ ਪਿੰਡ ਉਜੜ ਗਿਆ ਸੀ, ਪਰ ਉਹ ਕਿਤੇ ਨਹੀਂ ਸੀ ਗਿਆ । ਮਸਤ-ਮੌਲਾ ਏ । ਬਸ ਭੰਗ ਘੋਟਣ ਦਾ ਸ਼ੁਕੀਨ ਏ । ਹੁਣ ਵੀ ਭੰਗ ਪੀ ਕੇ ਆਪਣੇ ਘਰ ਵਿਚ ਪਿਆ ਹੋਣਾ ਏ ।

ਤੂੰ ਜਾ ਕੇ ਉਸ ਤੋਂ ਦਵਾਈ ਲਿਆ ਦੇ। ਉਸ ਦੀ ਪੁੜੀ ਵਿਚ ਬੜਾ ਸਤ ਏ। ਬਸ ਰੋਗ ਨੂੰ ਜੜ੍ਹੋਂ ਫੜਦਾ ਏ। ਭੂਆ ਨੂੰ ਤਾਂ ਉਸ ਤੋਂ ਛੁਟ ਹੋਰ ਕਿਸੇ ਦੀ ਦਵਾ ਨਹੀਂ ਸੁਖਾਂਦੀ।

ਸੁੰਦਰ — ਹੱਛਾ ਮੈਂ ਬੇੜੀ ਖੋਲ੍ਹ ਲਿਆਵਾਂ। ਪਾਣੀ ਦੀਆਂ ਘਰਾਲਾਂ ਵਗ ਰਹੀਆਂ ਨੇ। ਮੈਂ ਜਾਂਦਾ ਆਂ, ਛੇਤੀ ਮੁੜ ਆਵਾਂਗਾ। ਬੇੜੀ ਖੋਲ੍ਹ ਕੇ ਲੈ ਜਾਂਦਾ ਹਾਂ, ਉਸ ਨੂੰ ਏਸੇ ਵਿਚ ਬਿਠਾ ਲਿਆਵਾਂਗਾ।

ਲਾਜੋ — ਜੇ ਉਹ ਆਪ ਨਾ ਆਵੇ ਤਾਂ ਦਵਾ ਲੈ ਆਵੀਂ। ਉਸ ਨੂੰ ਦਵਾ ਦਾ ਪਤਾ ਏ। ਉਹ ਪਿਛਲੇ ਵੀਹ ਸਾਲਾਂ ਤੋਂ ਇਸ ਟੱਬਰ ਨੂੰ ਜਾਣਦਾ ਏ। ਉਸ ਪੁੜੀਆਂ ਬਣਾ ਰਖੀਆਂ ਸਨ ਪਰ ਤਿੰਨ ਦਿਨਾਂ ਤੋਂ ਦਰਿਆ ਚੜ੍ਹਿਆ ਹੋਇਆ ਏ। ਸਾਡੇ ਵਿਚੋਂ ਕੋਈ ਵੀ ਨਾ ਜਾ ਸਕਿਆ। ਪਹਿਲਾਂ ਜਦ ਕਦੀ ਭੂਆ ਨੇ ਇਹ ਪੁੜੀਆਂ ਖਾਧੀਆਂ, ਉਸ ਨੂੰ ਉਸੇ ਵੇਲੇ ਆਰਾਮ ਆ ਗਿਆ।

ਸੁੰਦਰ — ਅੱਛਾ, ਮੈਂ ਜਾਂਦਾ ਹਾਂ।

[ਸੁੰਦਰ ਚਲਾ ਜਾਂਦਾ ਹੈ।
ਲਾਜੋ ਖਿੜਕੇ ਨੂੰ ਬੰਦ ਕਰਦੀ ਹੈ। ਮੰਜੀ ਉੱਤੇ ਪਈ ਭੂਆ ਉੱਚੀ ਉੱਚੀ ਖੰਘਦੀ ਹੈ।

ਲਾਜੋ — (ਹਾਕ ਮਾਰ ਕੇ) ਦੀਪੋ! ਅੱਗ ਵਿਚੋਂ ਵੱਟਾ ਕੱਢ ਲਿਆ, ਭੂਆ ਨੂੰ ਸੇਕ ਦੇਣਾ ਏ। ਸੁਣ, ਭੂਆ ਨੂੰ ਇਹ ਨਾ ਦੱਸੀਂ ਕਿ ਅਸੀਂ ਸੁੰਦਰ ਨੂੰ ਦਾਰੂ ਲੈਣ ਭੇਜਿਆ ਹੈ। ਜੇ ਉਸ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਦਵਾ ਨਹੀਂ ਖਾਣੀ। ਸੁੰਦਰ ਤੋਂ ਉਹ ਬੜੀ ਚਿੜਦੀ ਏ।

[ਮੰਜੀ ਉਤੇ ਪਈ ਭੂਆ ਖੰਘਦੀ ਹੈ।

ਭੂਆ — ਕੌਣ ਗਿਆ ਏ ਕਾਂਸੀ ਵੈਦ ਕੋਲ ਦਾਰੂ ਲੈਣ ?

ਲਾਜੋ — ਗੁਆਂਢ 'ਚੋਂ ਮੈਂ ਨੱਥੇ ਨੂੰ ਆਖਿਆ ਏ ।

ਭੂਆ — ਨੱਥਾ ਤਾਂ ਰਾਹ ਵਿਚ ਹੀ ਪੁੜੀਆਂ ਸੁਟ ਆਵੇਗਾ । ਉਸ ਦਿਨ ਉਸ ਨੂੰ ਆਖਿਆ ਸੀ ਪਈ ਬੇੜੀ ਠਿਲ੍ਹ ਕੇ ਜੰਡ ਨਾਲ ਬੰਨ੍ਹ ਦੇ, ਤਾਂ ਉਹ ਇਕ ਚੱਪੂ ਹੀ ਤੋੜ ਲਿਆਇਆ ।

ਲਾਜੋ — ਤੂੰ ਘਾਬਰ ਨਾ, ਉਹ ਪੁੜੀਆਂ ਲੈ ਆਵੇਗਾ ।

ਭੂਆ — ਜੀਊਣੇ ਨੂੰ ਆਖ ਦੇਣਾ ਸੀ, ਉਹ ਲੈ ਆਉਂਦਾ ।

ਲਾਜੋ — ਜੀਊਣਾ ਤਾਂ ਸਣੇ ਗੱਡੇ ਤੇ ਬਲਦਾਂ ਦੇ ਕਲ੍ਹ ਤ੍ਰਕਾਲੀਂ ਪਿੰਡ ਖ਼ਾਲੀ ਕਰ ਗਿਆ । ਉਸ ਦੇ ਬਾਲ ਬੱਚੇ, ਉਸ ਦੀ ਤੀਵੀਂ, ਉਸ ਦਾ ਸਾਰਾ ਟੱਬਰ-ਟੀਹਰ ਦੂਜੇ ਪਿੰਡ ਚਲਾ ਗਿਆ । ਪਿੱਛੇ ਉਸ ਦੇ ਘਰ ਲੰਡਾ ਬੌਲਦ ਰਹਿ ਗਿਆ ਏ – ਉਹ ਤਵੇਲੇ ਵਿਚ ਖੜਾ ਅੜਾਂਦਾ ਏ, ਵਿਚਾਰਾ !

ਭੂਆ — ਪਤਾ ਨਹੀਂ ਰੱਬ ਨੇ ਇਸ ਪਿੰਡ ਤੋਂ ਕਿਹੜੇ ਬਦਲੇ ਲੈਣੇ ਨੇ । ਹਰ ਚੌਥੇ ਸਾਲ ਏਸੇ ਤਰ੍ਹਾਂ ਹੜ੍ਹ ਆਉਂਦਾ ਏ । ਪਾਣੀ ਅਗੇ ਕਿਸੇ ਦੀ ਕੀ ਪੇਸ਼ ਜਾਂਦੀ ਏ । ਓ ਓ ! ਬੌੜ੍ਹੀਂ ਵੇ ਰੱਬਾ !

ਲਾਜੋ — (ਦੀਪੋ ਨੂੰ) ਤੂੰ ਭੁੱਬਲ ਵਿਚ ਆਲੂ ਦੱਬ ਦਿਤੇ ?

ਦੀਪੋ — ਹਾਂ ।

ਲਾਜੋ — ਕਿੰਨੇ ?

ਦੀਪੋ — ਤਿੰਨ । ਮੈਨੂੰ ਭੁੱਖ ਨਹੀਂ ।

ਲਾਜੋ — ਮੇਰਾ ਕਾਲਜਾ ਤਾਂ ਭੁੱਖ ਨਾਲ ਥੱਲੇ ਲਗਿਆ ਪਿਆ ਏ ।

ਦੀਪੋ — ਸ਼ੈਂਤ ਭੂਆ ਸੌਂ ਗਈ ।

ਲਾਜੋ — ਸ਼ੁਕਰੈ, ਇਸ ਨੂੰ ਚੈਨ ਪਈ ।

ਦੀਪੋ — ਸਾਹ ਤਾਂ ਹਾਲੇ ਵੀ ਘੰਡ ਵਿਚੋਂ ਆਉਂਦਾ ਏ ।

ਲਾਜੋ — ਵਿਚਾਰੀ ! ਸਾਰੀ ਉਮਰ ਬਿਪਤਾ ਵਿਚ ਹੀ ਰਹੀ । ਮੈਂ ਨਿੱਕੀ ਜੇਹੀ ਸੀ ਜਦੋਂ ਸਾਡੀ ਮਾਂ ਮਰ ਗਈ । ਭੂਆ ਨੇ ਹੀ ਸਾਨੂੰ

ਦੋਹਾਂ ਨੂੰ ਪਾਲਿਆ ਪੋਸਿਆ। ਮੈਨੂੰ ਯਾਦ ਏ ਰਾਤ ਨੂੰ ਟਟਹਿਣੇ ਘਾਹ ਉਤੇ ਟਿਮਕਦੇ ਤੇ ਭੂਆ ਸਾਨੂੰ ਰਾਜੇ ਤੇ ਰਾਣੀ ਦੀ ਕਹਾਣੀ ਸੁਣਾਉਂਦੀ। ਕਈ ਵਾਰ ਜਾਦੂਗਰਾਂ ਤੇ ਦਿਉਆਂ ਦੀਆਂ। ਕਈ ਵਾਰ ਸਮੁੰਦਰ ਤੇ ਮਛੇਰਿਆਂ ਦੀਆਂ। ਸੁਰਜੀਤ ਦਰਿਆ ਦੇ ਪਾਰਲੇ ਕੰਢੇ ਮੱਛੀਆਂ ਫੜਨ ਜਾਂਦਾ ਤਾਂ ਟੋਕਰੇ ਮੱਛੀਆਂ ਦੇ ਭਰ ਕੇ ਲਿਆਉਂਦਾ। ਭੂਆ ਮੱਛੀਆਂ ਭੁੰਨਦੀ। ਤੂੰ ਮੱਛੀ ਭੁੰਨ ਲਈ ?

ਦੀਪੋ — ਨਹੀਂ, ਘੜੇ ਵਿਚ ਉਸੇ ਤਰ੍ਹਾਂ ਪਈ ਐ।

ਲਾਜੋ — ਮੈਂ ਭੂਆ ਤੋਂ ਮੱਛੀ ਭੁੰਨਣੀ ਸਿਖੀ ਸੀ। ਕਈ ਵਾਰੀ ਜਦੋਂ ਸੁਰਜੀਤ ਦਰਿਆ ਵਿਚ ਤਰਨ ਜਾਂਦਾ ਤੇ ਅੱਖਾਂ ਤੋਂ ਓਹਲੇ ਹੋ ਜਾਂਦਾ ਤਾਂ ਭੂਆ ਬੇੜੀ ਲੈ ਕੇ ਉਸ ਦੇ ਮਗਰ ਜਾਂਦੀ ਤੇ ਉਸ ਨੂੰ ਨਾਲ ਲਿਆਉਂਦੀ। ਵਿਚਾਰੀ! ਹੁਣ ਤਾਂ ਉਸ ਤੋਂ ਹਿਲ ਵੀ ਨਹੀਂ ਹੁੰਦਾ।

ਦੀਪੋ — ਖਾਂਦੀ ਜੁ ਕੁਝ ਨਹੀਂ। ਕਲ੍ਹ ਮੈਂ ਦਲੀਆ ਬਣਾ ਕੇ ਦਿੱਤਾ ਤਾਂ ਉਸ ਨੇ ਛੰਨੇ ਨੂੰ ਹੱਥ ਨਾਲ ਪਰ੍ਹਾਂ ਕਰ ਦਿਤਾ।

[ਬੂਹੇ ਉਤੇ ਠੱਕ ਠੱਕ।

ਲਾਜੋ — ਸ਼ੈਤ ਸੁੰਦਰ ਆ ਗਿਆ।

[ਲਾਜੋ ਖਿੜਕਾ ਖੋਲ੍ਹਦੀ ਹੈ। ਸੁੰਦਰ ਚਿੱਕੜ ਵਿਚ ਗੜੁਚ ਦਿਖਾਈ ਦਿੰਦਾ ਹੈ।

ਦਵਾ ਲੈ ਆਂਦੀ ?

ਸੁੰਦਰ — ਹਾਂ, ਇਹ ਤਿੰਨ ਪੁੜੀਆਂ ਨੇ। ਤਿੰਨ ਤਿੰਨ ਘੰਟਿਆਂ ਪਿਛੋਂ ਦੇਣੀਆਂ ਨੇ।

ਲਾਜੋ — ਕਿਵੇਂ ?

ਸੁੰਦਰ — ਕੋਸੇ ਪਾਣੀ ਨਾਲ, ਜਾਂ ਦੁਸ਼ਾਂਦੇ ਨਾਲ।

ਲਾਜੋ — ਲਿਆ, ਰੱਬ ਤੇਰਾ ਭਲਾ ਕਰੇ ।

[ਸੁੰਦਰ ਚਲਾ ਜਾਂਦਾ ਹੈ । ਲਾਜੋ ਪੁੜੀਆਂ ਲੈ ਕੇ ਭੂਆ ਕੋਲ ਜਾਂਦੀ ਹੈ ।

ਲਾਜੋ — ਦੀਪੋ, ਕਾੜ੍ਹਾ ਉਬਲ ਗਿਆ ?

ਦੀਪੋ — ਹਾਂ, ਬੜੇ ਚਿਰ ਦਾ ਰਿੱਝ ਰਿਹਾ ਏ ।

ਭੂਆ — (ਹੂੰਗਰ ਮਾਰ ਕੇ) ਬੌੜ੍ਹੀਂ ਵੇ ਰੱਬਾ !

ਦੀਪੋ — ਕਿਉਂ ਭੂਆ, ਚੀਸ ਪੈਂਦੀ ਏ ?

ਭੂਆ — (ਖੰਘਦੀ ਹੋਈ) ਮੈਂ ਨਮਾਣੀ ਏਥੇ ਕੋਠੜੀ ਵਿਚ ਪਈ ਆਂ, ਖੰਘ ਤੇ ਪੀੜ ਦੀ ਮਾਰੀ । ਰਾਤ ਦਿਨ ਮੁਕਦੇ ਈ ਨਹੀਂ । ਦਰਿਆ ਦੀਆਂ ਛੱਲਾਂ ਵਾਂਗ ਆਉਂਦੇ ਨੇ ਤੇ ਜਾਂਦੇ ਨੇ ।

ਦੀਪੋ — ਭੂਆ ਪਾਸਾ ਪਰਤੀਂ, ਤੇਰੀ ਵੱਖੀ ਉੱਤੇ ਸੇਕ ਦੇਵਾਂ ।

ਲਾਜੋ — ਵੱਟਾ ਬਹੁਤ ਗਰਮ ਤਾਂ ਨਹੀਂ ਦੀਪੋ ?

ਦੀਪੋ — ਨਹੀਂ, ਮੈਂ ਪਾਣੀ ਦਾ ਛਿੱਟਾ ਦੇ ਕੇ ਲਿਆਈ ਆਂ ਤੇ ਇਸ ਨੂੰ ਫਲਾਲੈਨ ਵਿਚ ਵਲ੍ਹੇਟਿਆ ਹੋਇਆ ਏ ।

ਲਾਜੋ — ਕਿਉਂ ਭੂਆ, ਦਰਦਾਂ ਵਿਚ ਫਰਕ ਪਿਆ ਕੁਝ ?

ਭੂਆ — ਹਾਲ ਦੀ ਘੜੀ ਤਾਂ ਓਸੇ ਤਰ੍ਹਾਂ ਨੇ ।

ਲਾਜੋ — ਲੈ, ਕਾਂਜੀ ਵੈਦ ਨੇ ਪੁੜੀਆਂ ਭੇਜ ਦਿਤੀਆਂ ਨੇ ।

ਭੂਆ — ਸ਼ੈਤ ਇਸ ਦਵਾ ਨਾਲ ਕੁਝ ਫਰਕ ਪਵੇ ।

ਲਾਜੋ — ਇਹ ਤਿੰਨ ਪੁੜੀਆਂ ਹਨ, ਤਿੰਨ ਤਿੰਨ ਘੰਟਿਆਂ ਪਿਛੋਂ ਲੈਣੀਆਂ ਨੇ ।

ਦੀਪੋ — ਕਿਵੇਂ ?

ਲਾਜੋ — ਕੋਸੇ ਪਾਣੀ ਨਾਲ ।

ਦੀਪੋ — ਭੂਆ ਦੀ ਹਿੱਕ ਨਾਲ ਇਹ ਗਰਮ ਵੱਟਾ ਵੀ ਲਗਿਆ ਰਹਿਣ ਦੇ, ਨਿੱਘ ਪਹੁੰਚਾਏਗਾ । ਬਸ ਇਸ ਨੂੰ ਇਕ ਪੁੜੀ ਹੁਣ

ਦੇ ਦਈਏ ਤੇ ਬਾਕੀ ਫੇਰ।

ਲਾਜੋ — ਮੈਂ ਦਵਾ ਦੇਨੀ ਆਂ ਭੂਆ ਨੂੰ।

ਦੀਪੋ — ਤੂੰ ਸ਼ੈਤ ਖਿੜਕਾ ਨਹੀਂ ਭੀੜਿਆ। ਦਰਿਆ 'ਚੋਂ ਉਡਦੀ ਭੂਰ ਅੰਦਰ ਆਉਂਦੀ ਏ।

ਲਾਜੋ — ਜਾ ਖਿੜਕਾ ਭੀੜ ਦੇ।

[ਲਾਜੋ ਪਿਛਲੇ ਕੋਠੇ ਵਿਚ ਦਵਾਈ ਤਿਆਰ ਕਰਨ ਚਲੀ ਜਾਂਦੀ ਹੈ। ਦੀਪੋ ਖਿੜਕਾ ਭੀੜਨ ਲਈ ਆਉਂਦੀ ਹੈ। ਉਹ ਬਾਹਰ ਤੱਕਦੀ ਹੈ।

ਦੀਪੋ — (ਧੀਮੀ ਫੈਲਰੀ ਆਵਾਜ਼ ਵਿਚ) ਸੁੰਦਰ! ਤੂੰ ਏਥੇ ਈ ਖੜਾ ਏਂ ਹਾਲੇ?

ਸੁੰਦਰ — ਹਾਂ, ਬਸ ਮੈਂ ਚਲਿਆ ਸਾਂ।

ਦੀਪੋ — ਤੇਰੀ ਬੇੜੀ ਕਿੱਥੇ ਐ?

ਸੁੰਦਰ — ਬਾਹਰ। ਉਂਜੇ ਈ ਤੈਨੂੰ ਇਕ ਝਾਤ ਦੇਖਣ ਲਈ ਖੜੋ ਗਿਆ ਸਾਂ।

ਦੀਪੋ — ਅੱਛਾ ਜਾ।

ਸੁੰਦਰ — ਜਾਨਾ ਵਾਂ।

ਦੀਪੋ — (ਇਕ ਦਮ) ਆਹ! ਇਹ ਤੇਰੇ ਮੱਥੇ ਉਤੇ ਚਟਾਕ ਕਾਹਦਾ ਏ?

ਸੁੰਦਰ — ਰਾਹ ਵਿਚ ਬੜਾ ਨ੍ਹੇਰਾ ਸੀ। ਇਕ ਥਾਂ ਤਿਲਕ ਕੇ ਡਿਗ ਪਿਆ ਸਾਂ। ਇਕ ਖੁੰਢ ਰਾਹ ਵਿਚ ਪਿਆ ਸੀ, ਮੇਰੇ ਮੱਥੇ ਨਾਲ ਵਜਿਆ।

ਦੀਪੋ — ਹਲਾ ਹੁਣ ਜਾ ਛੇਤੀ।

ਸੁੰਦਰ — ਉਸ ਰਾਤ ਮਗਰੋਂ ਮੈਂ ਕਦੀ ਤੇਰੇ ਘਰ ਨਹੀਂ ਆਇਆ।

ਬਸ ਲੰਘਦੀ ਵੜਦੀ ਨੂੰ ਦੂਰੋਂ ਹੀ ਤੱਕ ਲੈਂਦਾ ਹਾਂ ।

ਦੀਪੋ — ਐਡੇ ਤੂਫ਼ਾਨ ਵਿਚ ਕਿਧਰ ਗਿਆ ਸੈਂ ?

ਸੁੰਦਰ — ਢੇਰੂ ਸੱਕੇ ਦਾ ਘੋੜਾ ਰੁੜ੍ਹ ਗਿਆ ਸੀ । ਪਤਾ ਨਹੀਂ ਕਿਧਰ ਗਿਆ । ਬਸ ਪਾਣੀ ਦੀ ਧਾਰ ਵਿਚ ਰੁੜ੍ਹ ਗਿਆ । ਪਤਾ ਈ ਨਹੀਂ ਲਗਿਆ । ਮੈਂ ਉਸੇ ਨੂੰ ਟੋਲਣ ਗਿਆਂ ਸਾਂ ।

ਦੀਪੋ — ਫੇਰ ਲਭਿਆ ?

ਸੁੰਦਰ — ਨਹੀਂ !

ਦੀਪੋ — ਤੂੰ ਕਿਉਂ ਗਿਆ ਸੈਂ ਘੋੜਾ ਟੋਲਣ ? ਜੇ ਕੋਈ ਅਨਹੋਣੀ ਹੋ ਜਾਂਦੀ ! ਪਿੰਡ ਦੇ ਬਹੁਤੇ ਲੋਕ ਚਲੇ ਗਏ ਨੇ, ਤੂੰ ਕਿਉਂ ਨਹੀਂ ਗਿਆ ? ਤੇਰੇ ਕਿਹੜਾ ਪਿਛੇ ਢੋਰ ਡੰਗਰ ਹਨ ਜਿਨ੍ਹਾਂ ਦੀ ਰਾਖੀ ਤੂੰ ਬੈਠਾ ਰਿਹਾ ?

ਸੁੰਦਰ — ਮੈਨੂੰ ਤੂਫ਼ਾਨ ਤੋਂ ਡਰ ਨਹੀਂ ਲਗਦਾ । ਮੈਂ ਸੋਚਿਆ, ਉਂਜ ਤਾਂ ਸ਼ੈਤ ਮੈਂ ਤੈਨੂੰ ਨਾ ਮਿਲ ਸਕਾਂ । ਕੀ ਪਤਾ ਤੂਫ਼ਾਨ ਆਵੇ ਤੇ ਇਸ ਝੁੱਗੀ ਵਿਚੋਂ ਮੈਨੂੰ ਕੋਈ ਹਾਕ ਮਾਰ ਲਵੇ ।

ਦੀਪੋ — (ਥਿੜਕ ਕੇ) ਪਿਛਲੀ ਵਾਰ — ਨਹੀਂ ਨਹੀਂ, ਤੂੰ ਜਾ !

ਸੁੰਦਰ — ਪਿਛਲੀ ਵਾਰ — ਹਾਂ — ਉਹ ਰਾਤ — ਉਹ ਤੂਫ਼ਾਨ । ਤੇਰੀ ਉਹ ਛੋਹ ਮੇਰੇ ਸਾਰੇ ਮਨ ਉਤੇ ਝੁਣਝੁਣੀਆਂ ਵਾਹ ਗਈ ਸੀ । ਸਦਾ ਲਈ ਤੇਰੀ ਉਹ ਤਸਵੀਰ ਮੇਰੇ ਮਨ ਉਤੇ ਉੱਕਰ ਗਈ ਏ ।

ਦੀਪੋ — ਮੈਂ ਸੁਰਜੀਤ ਤੋਂ ਡਰਦੀ ਆਂ । ਉਸ ਦਿਨ ਮਗਰੋਂ ਮੈਨੂੰ ਸਗੋਂ ਉਸ ਦਾ ਡਰ ਬਹੁਤਾ ਹੋ ਗਿਆ ਏ ।

ਸੁੰਦਰ — ਤੂੰ ਵਹਿਮਣ ਏਂ !

ਦੀਪੋ — ਕਈ ਵਾਰ ਤੈਨੂੰ ਹਾਕ ਮਾਰਨ ਨੂੰ ਜੀ ਕੀਤਾ, ਪਰ ਹਾਕ ਮੇਰੀ ਸੰਘੀ ਵਿਚ ਈ ਨੱਪੀ ਗਈ । ਮੈਨੂੰ ਇੰਜ ਲਗਿਆ ਕਿ

ਜੇ ਮੈਂ ਤੈਨੂੰ ਹਾਕ ਮਾਰੀ ਤਾਂ ਸੁਰਜੀਤ ਦਰਿਆ ਦੇ ਪਾਰਲੇ ਕੰਢੇ ਤੋਂ ਬੋਲ ਪਵੇਗਾ ।

ਸੁੰਦਰ — ਤੂੰ ਝੱਲੀ ਏਂ ! ਕਿੰਨੇ ਵਰ੍ਹੇ ਹੋ ਗਏ ਨੇ ਉਸ ਰਾਤ ਨੂੰ ?

ਦੀਪੋ — ਚਾਰ ।

ਸੁੰਦਰ — ਇਉਂ ਲਗਦਾ ਏ ਜਿਵੇਂ ਕਲ੍ਹ ਦੀ ਗੱਲ ਹੋਵੇ । ਜਿਵੇਂ ਉਹ ਘੜੀ ਹੁਣੇ ਬੀਤੀ ਹੋਵੇ । ਉਸ ਰਾਤ ਤੇ ਇਸ ਰਾਤ ਵਿਚ ਕੋਈ ਵਿੱਥ ਨਾ ਹੋਵੇ ।

ਦੀਪੋ — ਤੂੰ ਅਜਿਹੀਆਂ ਗੱਲਾਂ ਨਾ ਕਰ ।

ਸੁੰਦਰ — ਮੈਂ ਕਈ ਵਾਰ ਰਾਤਾਂ ਨੂੰ ਇਸ ਝੁੱਗੀ ਦੇ ਦੁਆਲੇ ਤੈਨੂੰ ਦੇਖਣ ਲਈ ਘੁੰਮਦਾ ਰਿਹਾ । ਸਿਆਲ ਦੀਆਂ ਰਾਤਾਂ ਵਿਚ ਮੈਂ ਦੂਰ ਗਿੱਲੇ ਰੇਤੇ ਉਤੇ ਘੰਟਿਆਂ ਬੱਧੀ ਖੜੋਤਾ ਰਹਿੰਦਾ । ਮੇਰੇ ਤਾਲੂ ਵਿਚ ਕੰਡੇ ਉਗ ਆਉਂਦੇ । ਮੇਰੇ ਸੁਫ਼ਨੇ ਇਸ ਰੇਤੇ ਵਿਚ ਫਸ ਕੇ ਰਹਿ ਜਾਂਦੇ ।

ਦੀਪੋ — ਸੁੰਦਰਾ ! ਤੈਨੂੰ ਰਾਤ ਦੇ ਨ੍ਹੇਰੇ ਤੋਂ ਡਰ ਨਹੀਂ ਆਉਂਦਾ — ਤੇ ਨਾ ਹੀ ਏਸ ਵਧਦੇ ਹੜ੍ਹ ਤੋਂ ?

ਸੁੰਦਰ — ਪਾਣੀ ਨੇ ਸਭਨਾ ਥਾਵਾਂ ਨੂੰ ਇਕ ਮਿਕ ਕਰ ਦਿਤਾ ਏ ।

ਦੀਪੋ — (ਕੰਬ ਕੇ) ਪਤਾ ਨਹੀਂ, ਪਾਣੀ ਹੇਠ ਕੀ ਲੁਕਿਆ ਹੋਵੇ ? ਕੁਝ ਵੀ ਤੇ ਨਹੀਂ ਦਿਸਦਾ ।

ਸੁੰਦਰ — ਮੈਨੂੰ ਨ੍ਹੇਰੇ ਵਿਚ ਤੇਰੀਆਂ ਅੱਖਾਂ ਲਿਸ਼ਕਦੀਆਂ ਦਿਸਦੀਆਂ ਨੇ, ਭਿਜੀਆਂ ਭਿੱਜੀਆਂ ਅੱਖਾਂ —

ਦੀਪੋ — ਮੈਨੂੰ ਛੋਹ ਨਾ । ਹਾਲੇ ਮੈਂ ਉਹ ਰਾਤ ਭੁੱਲੀ ਨਹੀਂ ।

ਸੁੰਦਰ — ਸੁਰਜੀਤ ਨੇ ਹੁਣ ਮੁੜ ਨਹੀਂ ਆਉਣਾ । ਤੂੰ ਇਕ ਖ਼ਿਆਲ ਦੀ ਹਾਮੀ ਓਟੀ ਹੋਈ ਏ । ਤੂੰ ਐਵੇਂ ਰਾਤ ਦਿਨ ਉਸੇ ਸੰਸੇ ਵਿਚ ਦੱਬੀ ਉਸ ਡਰ ਦੀ ਛਾਂ ਹੇਠ ਆਪਣੀ ਦੇਹ ਨੂੰ ਗਾਲ

ਰਹੀ ਏਂ। ਉਸ ਨੂੰ ਗਏ ਹੋਏ ਚਾਰ ਵਰ੍ਹੇ ਹੋ ਗਏ ਨੇ। ਉਸ ਦੀ ਪੱਗ, ਤਹਿਮਤ ਤੇ ਜੁੱਤੀ ਲਭੇ ਸਨ — ਪਾਣੀ ਨਾਲ ਭਿਜੇ ਤੇ ਚਿਕੜ ਵਿਚ ਲਿਬੜੇ ਹੋਏ। ਜ਼ਰੂਰ ਕਿਸੇ ਮਗਰਮੱਛ ਨੇ ਉਸ ਨੂੰ ਖਾ ਲਿਆ ਹੋਣਾ ਏ। ਤੇਰੇ ਹੱਥ ਕਿਉਂ ਕੰਬ ਰਹੇ ਹਨ ?

ਦੀਪੋ — ਡਰ ਨਾਲ।

ਸੁੰਦਰ — ਤੈਨੂੰ ਕਿਸ ਦਾ ਡਰ ਏ ?

ਦੀਪੋ — ਹਾਹ ! ਇਹ ਕਾਹਦੀ ਆਵਾਜ਼ ਸੀ ?

ਸੁੰਦਰ — (ਹੱਸਦਾ ਹੋਇਆ) ਇਹ ਤਾਂ ਪੱਤਣ ਨਾਲ ਬੱਧੀ ਬੇੜੀ ਦੀ ਜ਼ੰਜੀਰ ਖੜਕੀ ਸੀ, ਤੇ ਪਾਣੀ ਦੀ ਛੱਪ ਛੱਪ, ਜਿਹੜਾ ਉਸ ਨਾਲ ਖਹਿੰਦਾ ਹੋਇਆ ਲੰਘਦਾ ਏ।

ਦੀਪੋ — ਇਉਂ ਲਗਦਾ ਸੀ ਜਿਵੇਂ ਕੋਈ ਪਾਣੀ ਵਿਚੋਂ ਦੀ ਲੰਘ ਰਿਹਾ ਹੋਵੇ। ਜਿਵੇਂ ਚਿੱਕੜ ਵਿਚ ਕੋਈ ਚੀਜ਼ ਫਸੀ ਹੋਵੇ ਤੇ ਉਹਨੂੰ ਕੋਈ ਖਿੱਚ ਰਿਹਾ ਹੋਵੇ। ਮਨ ਵਿਚ ਅਜੀਬ ਅਜੀਬ ਖ਼ਿਆਲ ਉਠਦੇ ਨੇ।

ਸੁੰਦਰ — ਸਭ ਵਹਿਮ !

ਦੀਪੋ — ਕੌਣ ਸੀ ?

ਸੁੰਦਰ — ਕੋਈ ਵੀ ਨਹੀਂ। ਬਸ ਤੇਰਾ ਖ਼ਿਆਲ ਸੀ ਜੋ ਉਛਲ ਕੇ ਬਾਹਰ ਆ ਗਿਆ ਸੀ।

ਦੀਪੋ — ਤੇਰੀ ਵੀਣੀ ਕੇਡਾ ਠਰ੍ਹੰਮਾ ਦਿੰਦੀ ਏ।

ਸੁੰਦਰ — ਤੇਰੇ ਕਾਲਜੇ ਦੀ ਧੱਕ ਧੱਕ ਮੈਨੂੰ ਇਥੇ ਸੁਣਦੀ ਏ।

ਦੀਪੋ — ਕਈ ਵਾਰ ਮੈਨੂੰ ਇੰਜ ਲਗਦਾ ਏ, ਜਿਵੇਂ ਮੇਰਾ ਦਿਲ ਇਕੋ ਵਾਰ ਜ਼ੋਰ ਦੀ ਧੜਕੇਗਾ ਤੇ ਖੜੋ ਜਾਏਗਾ। ਤੇਰੀ ਛੋਹ ਨੇ ਮੇਰੇ ਲੂੰ ਲੂੰ ਵਿਚ ਲੀਕਾਂ ਵਾਹ ਦਿਤੀਆਂ ਨੇ, ਤੇਜ਼ ਨੱਚਦੀਆਂ

ਲੀਕਾਂ, ਜਿਨ੍ਹਾਂ ਦਾ ਕੋਈ ਮੁੱਢ ਨਹੀਂ, ਕੋਈ ਅੰਤ ਨਹੀਂ ।
(ਵਧਦੇ ਜਜ਼ਬੇ ਨਾਲ) ਸੁੰਦਰਾ !

ਸੁੰਦਰ — ਹਾਂ ।

ਦੀਪੋ — ਸੁੰਦਰਾ ! ਮੇਰਾ ਸਿਰ ਭਾਰਾ ਹੋ ਗਿਆ ਏ । ਅੱਖਾਂ ਅਗੇ ਚਿਣਗਾਂ ਨੱਚਦੀਆਂ ਨੇ । ਤੇਰੀ ਹਿੱਕ ਨਾਲ ਸਿਰ ਲਾ ਕੇ ਮੇਰਾ ਦਿਲ ਹੋਰ ਵੀ ਧੜਕਣ ਲਗ ਪਿਆ ਏ ।

ਸੁੰਦਰ — ਦੀਪੋ !

ਦੀਪੋ — (ਵੇਗ ਭਰੀ ਆਵਾਜ਼ ਵਿਚ) ਮੇਰੇ ਲਹੂ ਵਿਚ ਕੋਈ ਬੇੜੀ ਠੇਲ੍ਹ ਰਿਹਾ ਏ । ਮੇਰੀਆਂ ਨਸਾਂ ਵਿਚ ਕੋਈ ਘੁੰਮਣ-ਘੇਰੀਆਂ ਪਾ ਰਿਹਾ ਏ । ਕਾਂਸੀ ਵੈਦ ਦੀ ਪੁੜੀ ਨਾਲ ਭੂਆ ਦੀਆਂ ਦਰਦਾਂ ਹਟ ਗਈਆਂ ਨੇ — ਕੋਈ ਅਜਿਹੀ ਪੁੜੀ ਨਹੀਂ, ਜਿਸ ਨਾਲ ਦਰਿਆ ਦੇ ਉਬਾਲੇ ਸੁਕ ਜਾਣ ਤੇ ਝੱਖੜ ਠਲ੍ਹ ਜਾਣ । ਕੋਈ ਅਜਿਹੀ ਪੁੜੀ ਜਿਸ ਨਾਲ ਮੇਰੇ ਦਿਲ ਵਿਚ ਉਠਦਾ ਤੂਫ਼ਾਨ ਦਬਿਆ ਜਾਏ ।

ਸੁੰਦਰ — ਮੈਂ ਇਸੇ ਤੂਫ਼ਾਨ ਦੀ ਉਡੀਕ ਵਿਚ ਸਿਆਲ ਹੁਨਾਲ ਦੇ ਘੁਟ ਭਰਦਾ ਰਿਹਾ ਹਾਂ ।

ਦੀਪੋ — ਇਸ ਤੂਫ਼ਾਨ ਨੇ ਮੇਰੀ ਚਾਰ ਸਾਲਾਂ ਦੀ ਜੀਵਨ-ਧਰਤੀ ਨੂੰ ਪਾਣੀ ਨਾਲ ਕੱਜ ਦਿਤਾ ਏ ।

ਸੁੰਦਰ — ਉਸ ਰਾਤ ਤੇ ਇਸ ਰਾਤ ਵਿਚ ਕੋਈ ਵਿੱਥ ਨਹੀਂ । ਵਕਤ ਇਕ ਨਿਕੀ ਜਿਹੀ ਘੁੰਮਣ-ਘੇਰੀ ਵਾਂਗ ਸੁੰਗੜ ਗਿਆ ਏ । ਜਿਵੇਂ ਉਹ ਰਾਤ ਲੰਮੀ ਹੋ ਕੇ ਇਸ ਰਾਤ ਦੀ ਕੰਨੀ ਉਤੇ ਆ ਖੜੋਤੀ ਹੋਵੇ......ਤੇਰੇ ਥਿੜਕਦੇ ਬੋਲਾਂ ਵਿਚ ਮੇਰੇ ਸਾਰੇ ਸੁਫ਼ਨੇ ਪੰਘਰ ਗਏ ਨੇ । ਤੇਰੀ ਗਰਮ ਛੋਹ ਵਿਚ, ਤੇਰੀ ਧੱਕ ਧੱਕ ਕਰਦੀ ਹਿਕੜੀ ਵਿਚ......

[ਪਿਛੋਂ ਦਰਿਆ ਦੀਆਂ ਲਹਿਰਾਂ ਦੇ ਰੌਲੇ ਵਾਂਗ ਹਾਸਾ ਉੱਚਾ ਹੁੰਦਾ ਏ, ਫਿਰ ਬਿਲਕੁਲ ਸਾਫ਼ ਸੁਣਾਈ ਦੇਂਦਾ ਹੈ। ਦੀਪੋ ਚੀਕ ਮਾਰਦੀ ਹੈ।

ਕੌਣ ਏ ? ਦੀਪੋ ਤੂੰ ਸਹਿਮ ਕਿਉਂ ਗਈ ? ਕੌਣ ਏ ?

ਦੀਪੋ — ਸੁਰਜੀਤ। ਹਨੇਰੇ ਵਿਚ ਜਦ ਬਿਜਲੀ ਲਿਸ਼ਕੀ ਤਾਂ ਮੈਂ ਦੇਖਿਆ ਉਹ ਪੱਤਣ ਉੱਤੇ ਤੁਰਦਾ ਸਾਡੇ ਵਲ ਵਧਿਆ ਆਉਂਦਾ ਏ।

ਸੁੰਦਰ — ਐਵੇਂ ਤੈਨੂੰ ਭੁਲੇਖਾ ਲਗਾ ਹੋਣਾ ਏ।

[ਹਾਸਾ ਫਿਰ ਸੁਣਾਈ ਦਿੰਦਾ ਹੈ।

ਦੀਪੋ — ਨਹੀਂ, ਇਹ ਸੁਰਜੀਤ ਹੀ ਏ। ਤੇਰੀ ਪਿਠ ਪਿਛੇ ਸੁਰਜੀਤ ਖੜਾ ਏ। ਸੁਰਜੀਤ !

[ਸੁਰਜੀਤ ਚਿੱਕੜ ਵਿਚ ਗੜੁਚ ਅੰਦਰ ਆਉਂਦਾ ਹੈ।

ਸੁਰਜੀਤ — ਹਾਂ, ਮੈਂ ਆਂ ਸੁਰਜੀਤ ! ਕਿਉਂ ? ਮੈਨੂੰ ਦੇਖ ਕੇ ਘਬਰਾ ਕਿਉਂ ਗਏ ?

ਦੀਪੋ — ਸੁਰਜੀਤ !

ਸੁਰਜੀਤ — ਮੈਨੂੰ ਪਤਾ ਸੀ ਕਿ ਇਹ ਸੱਚ ਹੀ ਸੀ ਜੋ ਮੈਂ ਦੇਖ ਕੇ ਗਿਆ ਸਾਂ।

ਦੀਪੋ — ਨਹੀਂ ਸੁਰਜੀਤ, ਨਹੀਂ ! (ਮਿੰਨਤ ਨਾਲ) ਨਹੀਂ।

ਸੁਰਜੀਤ — ਤੂੰ ਸੁੰਦਰ ਦੀ ਹਿੱਕ ਤੋਂ ਆਪਣਾ ਸਿਰ ਕਿਉਂ ਚੁਕ ਲਿਆ ?

ਦੀਪੋ — (ਡਸਕੋਰੇ ਭਰਦੀ ਹੋਈ) ਨਹੀਂ......ਨਹੀਂ ! ਸੁਰਜੀਤ ਨਹੀਂ !

ਸੁਰਜੀਤ — ਮੈਂ ਇਥੋਂ ਚਲਾ ਗਿਆ, ਦਰਿਆ ਦੇ ਪਾਰਲੇ ਕੰਢੇ। ਮੇਰੀ ਪੱਗ ਤੇ ਜੁੱਤੀ ਤੇ ਤਹਿਮਦ ਤੇ ਸਭੇ ਕਪੜੇ ਦਰਿਆ ਨੇ ਸਾਂਭ ਲਏ। ਲਹਿਰਾਂ ਨੇ ਧੂਹ ਲਏ। ਮੈਂ ਸਭਣਾਂ ਤੋਂ ਪੱਲਾ ਛੁਡਾ

ਕੇ ਪਾਰਲੇ ਪਾਸੇ ਚਲਾ ਗਿਆ। ਸਭਨਾਂ ਖ਼ਿਆਲਾਂ ਤੇ ਉਮੰਗਾਂ ਨੂੰ ਝਾੜ ਕੇ। ਪਰ......ਪਰ ਮੈਂ ਕੀ ਕਰਦਾ ? ਚਾਰ ਸਾਲ ਤੀਕ ਤੇਰੀ ਛੇਕੜਲੀ ਚੀਕ, ਤੇਰਾ ਹੰਝੂਆਂ ਭਰਿਆ ਤਰਲਾ ਮੇਰੇ ਕੰਨਾਂ ਵਿਚ ਗੂੰਜਦਾ ਰਿਹਾ......

ਦੀਪੋ — (ਸਿਸਕੀਆਂ ਵਿਚ) ਮੈਂ......

ਸੁਰਜੀਤ — ਤੇਰੀਆਂ ਸਿਸਕੀਆਂ ਮੇਰੇ ਮਨ ਵਿਚ ਸਿੱਪੀਆਂ ਵਾਂਗ ਤਰਦੀਆਂ ਰਹੀਆਂ। ਮੈਂ ਸੋਚਿਆ ਸ਼ੈਤ ਤੂੰ ਠੀਕ ਸੈਂ ਤੇ ਮੈਂ ਗ਼ਲਤ। ਤੂੰ ਸੱਚ ਆਖਦੀ ਸੈਂ ਤੇ ਮੈਂ ਝੂਠ। ਹਾ ਹਾ ਹਾ ! ਮੈਂ ਚਾਰ ਸਾਲ ਨਾ ਮੁੜਿਆ। ਮੈਂ ਆਪਣੀ ਕਿਸਮਤ ਦੇ ਫ਼ੈਸਲੇ ਤੋਂ ਡਰਦਾ ਸਾਂ। ਮੈਂ ਦਿਲ ਵਿਚ ਆਸ ਦੀ ਇਕ ਨਿੱਕੀ ਜਹੀ ਚੰਗਿਆੜੀ ਭਖਾਈ ਰਖਣਾ ਚਾਹੁੰਦਾ ਸਾਂ। ਜੇ ਮੈਂ ਪਹਿਲਾਂ ਆ ਜਾਂਦਾ ਤਾਂ ਇਹ ਆਸ ਮੁਕ ਜਾਂਦੀ। ਤੇਰੀ ਛੇਕੜਲੀ ਚੀਕ ਦੀ ਗੂੰਜ ਮੇਰੇ ਦਿਮਾਗ਼ ਵਿਚੋਂ ਜਾਂਦੀ ਨਾ ਸੀ। ਜਿਤਨਾ ਮੈਂ ਦੂਰ ਜਾਂਦਾ ਉਤਨੀ ਈ ਇਹ ਫੈਲਦੀ ਜਾਂਦੀ — ਤੇਰੀ ਤਰਲਿਆਂ ਭਰੀ ਚੀਕ। ਚਾਰ ਸਾਲ ਜਿਹੜਾ ਕੰਮ ਕੀਤਾ, ਉਥੇ ਤੇਰੀ ਯਾਦ, ਤੇਰੀ ਅਵਾਜ਼, ਤੇਰਾ ਹਾਸਾ, ਤੇਰੀ ਛੁਹ ਮੇਰੇ ਕੰਮ ਵਿਚ ਆ ਕੇ ਖਲੋ ਜਾਂਦੀ। ਖੇਤਾਂ ਦੇ ਪਾਣੀਆਂ ਵਿਚ ਮੈਨੂੰ ਤੇਰਾ ਪਰਛਾਵਾਂ ਦਿਸਦਾ। ਬੌਲਦਾਂ ਨੂੰ ਹਿੱਕਦੇ ਹੋਏ ਉਨ੍ਹਾਂ ਦੀਆਂ ਟੱਲੀਆਂ ਵਿਚੋਂ ਤੇਰੇ ਹਾਸੇ ਦੀ ਟੁਣਕਾਰ ਸੁਣਦੀ...... ਹਾਏ ਰੱਬਾ ! ਮੈਂ ਕਿਉਂ ਆਇਆ ?

ਦੀਪੋ — (ਉਸੇ ਤਰ੍ਹਾਂ ਸਿਸਕੀਆਂ ਵਿਚ) ਮੇਰੀ ਗੱਲ ਤਾਂ ਸੁਣ ! ਮੇਰੀ ਗੱਲ ਸੁਣ — ਮੇਰੀ ਗੱਲ ਸੁਣ ! ਤੂੰ ਜੋ ਦੇਖਿਆ ਏ, ਝੂਠ ਏ ! ਝੂਠ ! ਤੂੰ ਮੇਰੇ ਤੇ ਯਕੀਨ ਕਰ। ਜੋ ਤੰ ਵੇਖਿਆ ਉਹ ਝੂਠ ਏ ! ਯਕੀਨ ਕਰ ।

ਸੁਰਜੀਤ — ਤੇਰੇ ਤੇ ਯਕੀਨ ਕਰਾਂ ਤੇ ਆਪਣੀਆਂ ਅੱਖਾਂ ਤੇ ਨਾ ? ਆਪਣੇ ਦਮਾਗ ਵਿਚ ਫੈਲਦੇ ਤੇ ਸੁੰਗੜਦੇ ਹੌਲਾਂ ਤੇ ਨਾ ? ਤੇ ਸੁੰਦਰ ਤੇ ਨਾ ?

ਦੀਪੋ — ਸੁੰਦਰ ਤਾਂ ਭੂਆ ਲਈ ਦਵਾਈ ਲੈ ਕੇ ਆਇਆ ਸੀ। ਦਵਾਈ ਦੇ ਕੇ ਹੁਣ ਜਾ ਰਿਹਾ ਸੀ। ਮੈਂ ਖਿੜਕਾ ਭੀੜਨ ਲਈ ਉਠੀ ਤੇ ਏਸ ਨਾਲ ਗੱਲੀਂ ਲੱਗ ਪਈ। ਚਾਰ ਸਾਲ ਪਿਛੋਂ ਪਹਿਲੀ ਵਾਰ—

ਸੁਰਜੀਤ — ਹਾ ਹਾ ਹਾ !

ਦੀਪੋ — ਇਸ ਵਿਚ ਸੁੰਦਰ ਦਾ ਕੋਈ ਦੋਸ਼ ਨਹੀਂ ਸੀ। ਲਾਜੋ ਨੇ ਇਸ ਨੂੰ ਹਾਕ ਮਾਰੀ ਸੀ। ਇਹ ਬਸ ਪੁੜੀਆਂ ਲੈਣ ਗਿਆ ਸੀ ਤੇ......

ਸੁਰਜੀਤ — ਹਾ ਹਾ ਹਾ ! ਸੁੰਦਰ — ਜਿਹੜਾ ਮੇਰਾ ਨਿੱਕੇ ਹੁੰਦੇ ਦਾ ਹਾਣੀ ਸੀ, ਮੇਰੇ ਨਾਲ ਬੇੜੀ ਠੇਲ੍ਹਦਾ ਰਿਹਾ ਸੀ, ਜੋ ਮੇਰੀ ਬੇੜੀ ਦਾ ਰਾਖਾ ਸੀ, ਜਿਸ ਮੇਰੀ ਬੇੜੀ ਨੂੰ ਹਰ ਛੱਲ ਤੇ ਤੂਫਾਨ ਤੋਂ ਬਚਾਇਆ, ਜੋ ਮੇਰਾ ਦੋਸਤ ਸੀ — ਉਸ ਨੇ ਮੇਰੇ ਪਿਛੋਂ !

ਸੁੰਦਰ — ਪਰ ਮੈਂ —

ਸੁਰਜੀਤ — (ਟੋਕ ਕੇ) ਤੂੰ ਕੁਝ ਨਾ ਬੋਲੀਂ ਸੁੰਦਰਾ ! ਤੇਰੇ ਬੋਲਣ ਦੀ ਲੋੜ ਨਹੀਂ। ਤੂੰ ਮੇਰੇ ਅੱਗੇ ਕਦੇ ਸਿਰ ਨਹੀਂ ਸੀ ਚੁਕਿਆ, ਤੇ ਹੁਣ ਵੀ ਨਾ ਚੁਕ।

ਦੀਪੋ — (ਗਲੇਡੂ ਭਰ ਕੇ) ਮੈਂ ਏਸ ਘੜੀ ਤੋਂ ਡਰਦੀ ਸਾਂ — ਜਿਵੇਂ ਹੋਣੀ ਇਨ੍ਹਾਂ ਝਾੜਾਂ ਤੇ ਛੱਲਾਂ ਪਿੱਛੋਂ ਮੈਨੂੰ ਫੜਨ ਲਈ ਖੜੀ ਹੋਵੇ।

ਸੁਰਜੀਤ — ਮੈਂ ਚਾਰ ਸਾਲ ਤੇਰਾ ਸਿਰ ਸੁੰਦਰ ਦੀ ਹਿਕ ਨਾਲ ਲਗਿਆ ਵੇਖਦਾ ਰਿਹਾ ਹਾਂ। ਛੇਕੜਲੀ ਵਾਰ ਦੀ ਸਹਿਮੀ ਹੋਈ ਤੇਰੀ ਸ਼ਕਲ ਜਿਸ ਉਤੇ ਸੁੰਦਰ ਦੇ ਪਿਆਰ ਦੀ ਤਸਵੀਰ ਝਲਕ ਰਹੀ ਸੀ, ਲੱਖ ਮਿਟਾਇਆਂ ਵੀ ਨਹੀਂ ਸੀ ਮਿਟਦੀ। ਉਸ ਨੂੰ ਮਿਟਾਉਣ ਮੈਂ ਮੁੜਿਆਂ ਸਾਂ।

ਦੀਪੋ — (ਮਿੰਨਤ ਨਾਲ) ਠਹਿਰ ! ਰਤਾ ਖੜੋ — ! ਮੇਰੀ ਗੱਲ ਸੁਣ । ਤੈਨੂੰ ਮੇਰੀ ਗੱਲ ਸੁਣਨੀ ਪਵੇਗੀ । ਤੂੰ ਜੋ ਆਖ ਰਿਹਾ ਏਂ ਉਹ ਝੂਠ ਏ — ਝੂਠ ! ਮੈਨੂੰ ਤੇਰੀ ਉਡੀਕ ਦੀ ਸਹੁੰ ! ਤੇਰੀ ਯਾਦ ਦੀ ਸਹੁੰ —

[ਸੁਰਜੀਤ ਜਾਣ ਲਗਦਾ ਹੈ । ਦੀਪੋ ਉਸ ਦਾ ਲੜ ਫੜ ਲੈਂਦੀ ਹੈ ।

(ਬੇਬਸੀ ਵਿਚ) ਤੂੰ ਕਿੱਥੇ ਚਲਿਆ ਏਂ ਫਿਰ ? ਹਾਇ ਰੱਬਾ !

ਸੁਰਜੀਤ — ਮੇਰਾ ਝੱਗਾ ਛਡ ਦੇ । ਜਾ, ਮੁੜ ਜਾ !

ਦੀਪੋ — (ਹੰਝੂਆਂ ਵਿਚ) ਜੀਵਨ ਦੀ ਨ੍ਹੇਰੀ ਰਾਤ ਵਿਚ ਮੈਂ ਤੈਨੂੰ ਉਡੀਕਿਆ । ਅੱਖਾਂ ਪਾੜ ਕੇ ਤੇਰਾ ਰਾਹ ਦੇਖਿਆ । ਇਹ ਸਾਰਾ ਪੱਤਣ ਮੈਂ ਆਪਣੇ ਪੱਬਾਂ ਨਾਲ ਕੱਛਿਆ । ਜਦ ਰਤਾ ਮੇਰੀ ਅੱਖ ਲਗੀ, ਤਾਂ ਤੂੰ ਆ ਗਿਆ !

ਸੁਰਜੀਤ — ਮੈਨੂੰ ਜਾਣ ਦੇ ।

ਦੀਪੋ — ਕਿੱਥੇ ਚਲਿਆਂ ਏਂ ? ਕਿੱਥੇ ?

ਸੁਰਜੀਤ — ਜਿੱਥੇ ਮੇਰੇ ਸੁਫਨੇ ਦਮ ਤੋੜ ਰਹੇ ਹਨ । ਸਾਰਾ ਪੱਤਣ ਦਰਿਆ ਦੀਆਂ ਝੱਗਾਂ ਨਾਲ ਲਿਬੜਿਆ ਏ । ਮੈਂ ਹੁਣ ਕਦੇ ਨਹੀਂ ਆਵਾਂਗਾ !

ਦੀਪੋ — ਮੈਂ ਇਸ ਝੁੱਗੀ ਵਿਚ ਤੇਰੇ ਨਿੱਕੇ ਬਾਲ ਦੀ ਰਾਖੀ ਕਰਦੀ ਰਹੀ ਆਂ ਤੇ ਤੇਰੀ ਯਾਦ ਦੀ । ਨਾ ਜਾ !

ਸੁਰਜੀਤ — ਮੇਰੇ ਮਗਰ ਨਾ ਆ ! ਜਾ, ਮੁੜ ਜਾ ।

[ਸੁਰਜੀਤ ਪੱਲਾ ਛੁੜਾ ਕੇ ਚਲਾ ਜਾਂਦਾ ਹੈ । ਲਹਿਰਾਂ ਦਾ ਸ਼ੋਰ ਤੇ ਹਵਾ ਦੀਆਂ ਸ਼ੂਕਾਂ ਸੁਣਾਈ ਦਿੰਦੀਆਂ ਹਨ ।

ਸੁੰਦਰ — (ਗੰਭੀਰ ਅਵਾਜ਼ ਵਿਚ) ਉਹ ਫਿਰ ਚਲਾ ਗਿਆ !

ਦੀਪੋ — (ਰੋਂਦੇ ਹੋਏ ਗੁਸੇ ਵਿਚ) ਹਾਂ — ਤੇ ਤੂੰ ਵੀ ਜਾ! ਜਾ। ਜਾ ਵੀ!

ਸੁੰਦਰ — ਦੀਪੋ ! ਦੀਪੋ ! ਮੇਰੀ ਗੱਲ ਸੁਣ, ਦੀਪੋ !

ਦੀਪੋ — ਜਾ !

ਸੁੰਦਰ — ਦੀਪੋ, ਤੂੰ ਮੂੰਹ ਕਿਉਂ ਭੁਆ ਲਿਆ ਦੀਪੋ ?

ਦੀਪੋ — ਜਾ — ਚਲਾ ਜਾ। ਏਸੇ ਵੇਲੇ — ਏਸੇ ਘੜੀ। ਮੈਂ ਖਿੜਕਾ ਬੰਦ ਕਰਨਾ ਏ। (ਉਚੀ ਚੀਕ ਵਿਚ) ਜਾ ! ਜਾ ਵੀ !

[ਸੁੰਦਰ ਜਾਂਦਾ ਹੈ । ਦੀਪੋ ਖਿੜਕਾ ਬੰਦ ਕਰਦੀ ਹੈ ਤੇ ਉਸ ਦੇ ਨਾਲ ਢੋ ਲਾ ਕੇ ਦਬੀਆਂ ਹੋਈਆਂ ਹਿਚਕੀਆਂ ਭਰਦੀ ਹੈ।

ਪਰਦਾ

# ਪਿੱਛਲ ਪੈਰੀ

www.PunjabiLibrary.com

# ਪਾਤਰ

ਦਲੀਪ — ਇਕ ਯੁਵਕ
ਨਿਰਮਲਾ — ਉਸ ਦੀ ਪਤਨੀ
ਗੁੱਡੂ — ਉਨ੍ਹਾਂ ਦਾ ਬੱਚਾ
ਬਿਕਰਮ — ਦਲੀਪ ਦਾ ਦੋਸਤ
ਆਯਾ
ਗੁਫ਼ਾਰਾ
ਜ਼ੂਨੀ

## ਪਿੱਛਲ ਪੈਰੀ

ਕਸ਼ਮੀਰ ਵਿਚ ਇਕ ਹਾਊਸ ਬੋਟ ਦਾ ਡਰਾਇੰਗ ਰੂਮ। ਖਿੜਕੀ ਦੇ ਹਲਕੇ ਨੀਲੇ ਪਰਦਿਆਂ ਪਿਛੋਂ ਧੁੰਦਲੀਆਂ ਪਹਾੜੀਆਂ ਤੇ ਚਿਨਾਰ ਦੇ ਸੁੱਕੇ ਹੋਏ ਦਰਖ਼ਤਾਂ ਦਾ ਝਉਲਾ ਨਜ਼ਰ ਆਉਂਦਾ ਹੈ।

ਸੋਫ਼ੇ ਉਤੇ ਨਿਰਮਲਾ ਮੂੰਹ ਸੁਟੀ ਸਿਸਕੀਆਂ ਭਰ ਰਹੀ ਹੈ।

ਕੁਰਸੀ ਉਤੇ ਬੈਠਾ ਬਿਕਰਮ ਮੇਜ਼ ਉਤੇ ਝੁਕਿਆ ਹੋਇਆ ਛੇਤੀ ਛੇਤੀ ਕੁਝ ਲਿਖ ਰਿਹਾ ਹੈ ਤੇ ਲਿਖ ਲਿਖ ਪੰਨੇ ਹੇਠਾਂ ਫ਼ਰਸ਼ ਉਤੇ ਖਿਲਾਰੀ ਜਾਂਦਾ ਹੈ।

ਬਿਕਰਮ —(ਕਾਗ਼ਜ਼ ਨੂੰ ਚੁਕ ਕੇ ਪੜ੍ਹਦਾ ਹੈ) ਝੀਲ ਦੇ ਕੰਢੇ ਉਗੇ ਸਾਰੇ ਚਿਨਾਰ ਸੁਰਖ਼ ਹੋ ਗਏ ਨੇ। ਉਨ੍ਹਾਂ ਦੇ ਪੱਤੇ ਡਿਗ ਰਹੇ ਹਨ। ਸਾਵੀ ਸਾਵੀ ਘਾਹ ਉਤੇ ਇਹ ਪੱਤੇ ਇਉਂ ਜਾਪਦੇ ਹਨ ਜਿਵੇਂ ਸੁਨਹਿਰੀ ਮੁੱਠੀਆਂ ਹੋਣ। ਕੂਲੀ ਬਰਫ਼ ਨਾਲ ਢਕੀਆਂ ਹੋਈਆਂ ਪਹਾੜੀਆਂ —

[ਨਿਰਮਲਾ ਸਿਰ ਚੁੱਕਦੀ ਹੈ ਤੇ ਤਿੱਖੀਆਂ ਚੁਭਵੀਆਂ ਨਜ਼ਰਾਂ ਨਾਲ ਬਿਕਰਮ ਵਲ ਤੱਕਦੀ ਹੈ।

ਨਿਰਮਲਾ — ਬਰਫ਼ ਨਾਲ ਢਕੀਆਂ ਪਹਾੜੀਆਂ। ਬਰਫ਼ ਨਾਲ ਢਕੀਆਂ ਪਹਾੜੀਆਂ......

[ਉਹ ਉਠਦੀ ਹੈ ਤੇ ਉਸ ਦੇ ਕਾਗ਼ਜ਼ ਖੋਹ ਲੈਂਦੀ ਹੈ।

ਬਿਕਰਮ — ਹੈਂ ਹੈਂ! ਕੀ ਕਰਦੀ ਐਂ?

ਨਿਰਮਲਾ — ਇਹ ਸਾਰੇ ਨਾਟਕ ਪਾੜ ਕੇ ਸੁਟ ਦਿਆਂਗੀ।

ਬਿਕਰਮ — ਹੈਂ ਹੈਂ?

ਨਿਰਮਲਾ — ਉਹ ਜਾਂਦੀਆਂ ਹਨ ਤਰੀਆਂ ਬਰਫ਼ ਨਾਲ ਢਕੀਆਂ ਪਹਾੜੀਆਂ!

[ਖਿੜਕੀ ਵਿਚੋਂ ਬਾਹਰ ਸੁਟਣ ਲਗਦੀ ਹੈ। ਉਹ ਖੋਹ ਲੈਂਦਾ ਹੈ।

ਬਿਕਰਮ — ਛੱਡ!

ਨਿਰਮਲ — ਬਸ ਇਥੇ ਬੈਠਾ ਲਿਖਦਾ ਰਹੇਂਗਾ ਸਾਰਾ ਦਿਨ! ਜਿਵੇਂ ਲਿਖਣਾ ਆਪਣੀ ਭੈਣ ਦੇ ਦੁੱਖ ਨਾਲੋਂ ਜ਼ਿਆਦਾ ਜ਼ਰੂਰੀ ਹੈ। ਹਾਏ! ਮੈਨੂੰ ਇਹ ਵੀ ਨਹੀਂ ਪਤਾ ਕਿ ਦਲੀਪ ਕਿਥੇ ਹੈ।

[ਖਿੜਕੀ ਵਿਚੋਂ ਬਾਹਰ ਝਾਕ ਕੇ।

ਚੁਫੇਰੇ ਧੁੰਦ ਏ। ਕੋਈ ਚੀਜ਼ ਨਹੀਂ ਦਿਸਦੀ। ਊਂ...ਊਂ...ਊਂ।

[ਉਹ ਫਿਰ ਸੋਫ਼ੇ ਉਤੇ ਢਹਿ ਪੈਂਦੀ ਹੈ। ਗੁਫ਼ਾਰਾ ਟਰੇ ਵਿਚ ਸਿਉ ਤੇ ਚਾਹ ਲੈ ਕੇ ਆਉਂਦਾ ਹੈ।

ਗੁਫ਼ਾਰਾ — ਮੇਮ ਸਾਹਿਬ ! ਚਾਏ ਤਿਆਰ ਹੈ।

ਨਿਰਮਲਾ — ਲੈ ਜਾ ਚਾਹ, ਤਬੀਅਤ ਨਹੀਂ ਠੀਕ।

ਬਿਕਰਮ — ਰਖ ਦੋ ਮੇਜ਼ ਪਰ ਗੁਫ਼ਾਰਾ, ਔਰ ਜਾਓ।

ਗੁਫ਼ਾਰਾ — ਮੇਮ ਸਾਹਿਬ ਆਪ ਅਗਰ ਸੇਬ ਖਾਏਂਗੀ ਤੋਂ ਆਪ ਕੇ ਬਦਨ ਮੇਂ ਤਾਕਤ ਆਏਗੀ। ਯੇ ਦਿਲ ਕੀ ਘਬਰਾਹਟ ਕੇ ਲੀਏ ਤਵਾਨਾ ਹੈ।

ਨਿਰਮਲਾ — ਅਛਾ ਸਿਰ ਨਾ ਖਾਹ ਤੇ ਜਾ !

[ਗੁਫ਼ਾਰਾ ਚਲਾ ਜਾਂਦਾ ਹੈ।

ਬਿਕਰਮ — ਇੰਜ ਤਾਂ ਨਾ ਬੋਲ ਵਿਚਾਰੇ ਨੂੰ।

ਨਿਰਮਲਾ — ਮੈਨੂੰ ਪਤਾ ਏ ਤੂੰ ਏਨ੍ਹਾਂ ਬਾਰੇ ਈ ਕੁਝ ਲਿਖ ਰਿਹਾ ਏਂ। ਇਹ ਕਸ਼ਮੀਰੀ ਉਪਰੋਂ ਦੇਖਣ ਨੂੰ ਬੜੇ ਮਸਕੀਨ ਨੇ, ਪਰ ਵਿਚੋਂ ਚੋਰ !

ਬਿਕਰਮ — ਵਿਚਾਰਾ ਗ਼ਰੀਬ !

ਨਿਰਮਲਾ — ਗ਼ਰੀਬੀ ਤੇ ਇਨ੍ਹਾਂ ਦਾ ਸ੍ਵਾਂਗ ਏ। ਪਰਸੋਂ ਮੈਂ ਇਕ ਲਾਲ ਰੰਗੀ ਪਸ਼ਮੀਨੇ ਦੀ ਸ਼ਾਲ ਦਾ ਸੌਦਾ ਕੀਤਾ। ਉਸ ਸੱਤਰ ਸੁਣਾਏ, ਮੈਂ ਵੀਹ ਰੁਪਏ ਦਸੇ। ਛੇਕੜ ਤੀਹਾਂ ਵਿਚ ਮੰਨ ਗਿਆ। ਉਸ ਸ਼ਾਲ ਉਤੇ ਰਤਾ ਛਿਟਾ ਪਿਆ ਤੇ ਕੱਚਾ ਰੰਗ ਫਿਟ ਗਿਆ। ਜਿਸ ਨੂੰ ਉਹ ਪਸ਼ਮੀਨਾ ਆਖਦਾ ਸੀ, ਘਟੀਆ ਤੇ ਮਿਲਵੀਂ ਉੱਨ ਨਿਕਲੀ। ਤੈਨੂੰ ਇਨ੍ਹਾਂ ਤੇ ਤਰਸ ਆਉਂਦਾ ਏ ? ਇਨ੍ਹਾਂ ਚੋਰਾਂ ਤੇ ? ਇਸ ਕਿਸ਼ਤੀ ਨੂੰ ਈ ਦੇਖ ! (ਜ਼ੋਰ ਦੀ ਪੈਰ ਮਾਰ ਕੇ) ਰਤਾ ਤੇਜ਼ ਚਲੋ ਚਰਰ ਚਰਰ ਕਰਨ ਲਗਦੀ

ਏ। ਇਹ ਗੁਫ਼ਾਰਾ, ਇਹਦੀ ਬੀਵੀ ਤੇ ਬੱਚਾ ਤਿੰਨੇ ਚੁਰਾ ਕੇ ਸਾਡੇ ਰਾਸ਼ਨ 'ਚੋਂ ਰੋਟੀ ਖਾਂਦੇ ਨੇ। ਤੂੰ ਇਨ੍ਹਾਂ ਨੂੰ ਚੰਗਾ ਸਮਝਣਾ ਏਂ? ਚੋਰ! ਲੁਟੇਰੇ! ਬੁਖ਼ਾਰੀ ਵਿਚ ਚੀਲ੍ਹ ਦੀ ਲਕੜੀ ਬਾਲਦੇ ਨੇ, ਜਿਸ ਦਾ ਧੂੰਆਂ ਬਹੁਤਾ ਤੇ ਅੱਗ ਥੋੜੀ! ਅਜ ਕਲ੍ਹ ਏਥੇ ਸਰਦੀਆਂ ਵਿਚ ਕੌਣ ਆਉਂਦਾ ਏ? ਸਾਰੀਆਂ ਹਾਊਸ ਬੋਟਾਂ ਖ਼ਾਲੀ ਪਈਆਂ ਨੇ।

ਬਿਕਰਮ — (ਉਠ ਕੇ) ਉਹ ਚਾਹ, ਸੇਬ ਤੇ ਮੱਖਣ ਰਖ ਗਿਆ ਏ, ਖਾ ਲੈ। ਤੇਰੀ ਤਬੀਅਤ ਠੀਕ ਹੋ ਜਾਵੇਗੀ।

ਨਿਰਮਲਾ — ਨਹੀਂ, ਨਹੀਂ!

ਬਿਕਰਮ — ਉਠ!

ਨਿਰਮਲਾ — ਨਹੀਂ!

ਬਿਕਰਮ — ਜ਼ਿਦ ਨਾ ਕਰ।

ਨਿਰਮਲਾ — ਮੇਰੇ ਦਿਲ ਵਿਚ ਡੋਬ ਪੈਂਦੇ ਨੇ। ਸਾਹਮਣੀ ਖਿੜਕੀ ਬੰਦ ਕਰ ਦੇ। ਠੰਢ ਆਉਂਦੀ ਏ।

[ਉਹ ਖਿੜਕੀ ਵਲ ਜਾਂਦਾ ਹੈ।

ਬਿਕਰਮ — ਬਾਹਰ ਬਹੁਤ ਸੋਹਣਾ ਮੌਸਮ ਏ! ਸ਼ੰਕਰ ਚਾਰੀਆ ਪਰਬਤ ਦੀ ਟੀਸੀ ਉਤੇ ਸੂਰਜ ਦੀਆਂ ਕਿਰਨਾਂ ਫੁਟ ਪਈਆਂ ਨੇ। ਸਾਰੀ ਧੁੰਦ ਛਟ ਗਈ ਏ।

ਨਿਰਮਲਾ — (ਖਿਝ ਕੇ) ਬੰਦ ਕਰ ਦੇ ਨਾ!

[ਬਿਕਰਮ ਖਿੜਕੀ ਬੰਦ ਕਰਦਾ ਹੈ।

ਕਿੰਨੀ ਠੰਢ ਹੈ ਏਥੇ! ਪਰਸੋਂ ਮੈਨੂੰ ਸਰਦੀ ਲਗ ਗਈ, ਹੁਣ ਤੀਕ ਜੋੜਾਂ ਵਿਚ ਦਰਦ ਏ। ਮੇਰੇ ਮਥੇ ਵਿਚ ਠੰਢ ਵੜ ਗਈ ਏ। ਪੁੜਪੁੜੀਆਂ ਵਿਚ ਚੀਸਾਂ ਵਜਦੀਆਂ ਨੇ ਤੇ ਅੱਖਾਂ ਅਗੇ ਭੰਬੂ-ਤਾਰੇ ਨੱਚਦੇ ਨੇ। (ਸਾਹ ਭਰਕੇ) ਪਤਾ ਨਹੀਂ ਕਿਥੇ ਏਂ ਦਲੀਪ?

ਬਿਕਰਮ — ਤੈਨੂੰ ਤਾਰ ਦਿਖਾ ਤਾਂ ਦਿਤੀ ਏ ਕਿ ਅਜ ਉਹ ਦਿੱਲੀਉਂ ਜਹਾਜ਼ ਤੇ ਸਵਾਰ ਹੋ ਕੇ ਹਰ ਹਾਲਤ ਵਿਚ ਇਥੇ ਪੁਜ ਰਿਹਾ ਏ।

ਨਿਰਮਲਾ — ਦਿੱਲੀ ਤੋਂ ਜਹਾਜ਼ ਦਾ ਸਫ਼ਰ ਸਿਰਫ਼ ਦੋ ਘੰਟੇ ਪੈਂਤੀ ਮਿੰਟ ਦਾ ਏ। ਸਵੇਰੇ ਦਸ ਵਜੇ ਚਲਿਆ ਸੀ ਜਹਾਜ਼। ਹੁਣ ਦੋ ਵਜ ਚੁਕੇ ਨੇ, ਹਾਲੇ ਤੀਕ ਨਹੀਂ ਪੁਜਿਆ।

ਬਿਕਰਮ — ਸ਼ਾਇਦ ਦੇਰ ਨਾਲ ਉਡਿਆ ਹੋਵੇ, ਤੇ ਰਾਹ ਵਿਚ ਜੰਮੂ ਉਤਰ ਗਿਆ ਹੋਵੇ।

ਨਿਰਮਲਾ — ਨਹੀਂ ਇਹ ਜਹਾਜ਼ ਡਾਕ ਦਾ ਨਹੀਂ, ਫ਼ੌਜੀ ਸਰਵਸ ਦਾ ਜਹਾਜ਼ ਏ। ਕਿਤੇ ਨਹੀਂ ਠਹਿਰਦਾ, ਸਿੱਧਾ ਸਿਰੀਨਗਰ ਆਉਂਦਾ ਏ। ਖੌਰੇ ਰਾਹ ਵਿਚ ਕਿਤੇ ...

ਬਿਕਰਮ — ਐਵੇਂ ਸੰਸੇ ਨਾ ਲਾ, ਉਹ ਆ ਜਾਵੇਗਾ। ਚਾਹ ਦਾ ਸੁਆਦ ਨਾ ਖ਼ਰਾਬ ਕਰ। ਇਕ ਪਿਆਲਾ ਪੀ ਲੈ।

ਨਿਰਮਲਾ — ਮੇਰੇ ਹੱਥਾਂ ਪੈਰਾਂ ਨੂੰ ਪਈ ਏ ਤੇ ਇਸ ਨੂੰ ਚਾਹਾਂ ਸੁਝਦੀਆਂ ਨੇ। ਉਸ ਆਖਿਆ ਸੀ ਕਿ ਦੋ ਦਿਨਾਂ ਵਿਚ ਈ ਪੁਜ ਜਾਵੇਗਾ। ਅੱਜ ਛੇ ਦਿਨ ਹੋ ਗਏ ਨੇ। ਪਤਾ ਨਹੀਂ ਕਿਥੇ ਏ ਉਹ ? ਰਾਹ ਵਿਚ ... ਮੌਸਮ ਐਡਾ ਖ਼ਰਾਬ ਏ ...

ਬਿਕਰਮ — ਤੂੰ ਘਾਬਰ ਨਾ, ਮੈਂ ਹੁਣੇ ਜਾ ਕੇ ਪਤਾ ਕਰਦਾ ਹਾਂ ਕਿ ਜਹਾਜ਼ ਆ ਗਿਆ ਏ ਕਿ ਨਹੀਂ ?

ਨਿਰਮਲਾ — ਚਾਰ ਵਾਰ ਤੈਨੂੰ ਆਖਿਆ ਕਿ ਟੈਲੀਫ਼ੂਨ ਕਰ ਦੇ, ਤੂੰ ਉਹ ਵੀ ਨਹੀਂ ਕਰ ਸਕਿਆ।

ਬਿਕਰਮ — ਟੈਲੀਫ਼ੂਨ ਨੇੜੇ ਤੇੜੇ ਹੈ ਵੀ ਤਾਂ ਕਿਤੇ ਨਹੀਂ। ਇਹ ਬੰਨ੍ਹ ਟੱਪ ਕੇ ਤੇ ਚਿੱਕੜ ਵਿਚੋਂ ਲੰਘ ਕੇ ਜਾਵਾਂਗਾ ਡਾਕਟਰ ਗੰਜੂ ਦੀ ਹੱਟੀ। ਬੜੇ ਭੈੜੇ ਸੁਭਾ ਵਾਲਾ ਹੈ ਇਹ ਡਾਕਟਰ। ਪਰਸੋਂ ਅੱਧਾ ਘੰਟਾ ਇੰਤਜ਼ਾਰ ਕਰਵਾਇਆ ਤਾਂ ਕਿਤੇ ਟੈਲੀਫ਼ੂਨ ਨੂੰ ਹੱਥ

ਲਾਉਣ ਦਿਤਾ। ਕਮੀਨਾ!

ਨਿਰਮਲਾ — ਉਸ ਤੋਂ ਅੱਗੇ ਆਹਜੂ ਦੇ ਹੋਟਲ ਤੋਂ ਟੈਲੀਫ਼ੂਨ ਕਰ ਦੇਵੀਂ।

ਬਿਕਰਮ — ਹੁਣੇ ਜਾ ਕੇ ਟੈਲੀਫ਼ੂਨ ਕਰਦਾ ਹਾਂ।

ਨਿਰਮਲਾ — 'ਹੁਣੇ' 'ਹੁਣੇ'! ਅੱਧਾ ਘੰਟਾ ਹੋ ਗਿਆ 'ਹੁਣੇ' 'ਹੁਣੇ' ਸੁਣਦੀ ਨੂੰ! ਊਂ ਊਂ ਊਂ!

[ਉਹ ਫਿਰ ਸੋਫ਼ੇ ਉਤੇ ਡਿਗ ਕੇ ਸਿਸਕੀਆਂ ਭਰਦੀ ਹੈ। ਬਾਹਰੋਂ ਗੁਫ਼ਾਰੇ ਦੀ ਉੱਚੀ ਹਾਕ ਸੁਣਦੀ ਹੈ, 'ਇਧਰ ਸਾਹਬ'! ਨਿਰਮਲਾ ਇਕ ਦਮ ਸਿਰ ਚੁਕਦੀ ਹੈ। ਕਿਸੇ ਜਾਣੀ ਪਛਾਣੀ ਆਵਾਜ਼ ਨੂੰ ਸੁਣ ਕੇ ਉਸ ਦਾ ਚੇਹਰਾ ਖਿੜ ਉਠਦਾ ਹੈ।

ਨਿਰਮਲਾ — ਕੌਣ ? — ਕੌਣ ਏ ?

[ਦਲੀਪ ਅੰਦਰ ਦਾਖ਼ਲ ਹੁੰਦਾ ਹੈ। ਸਰਦੀ ਨਾਲ ਉਸ ਦੇ ਹੱਥ ਕੰਨ ਨੀਲੇ ਹੋ ਰਹੇ ਹਨ।

(ਵੇਖ ਕੇ) ਦਲੀਪ!

[ਉਹ ਦੌੜ ਕੇ ਦਲੀਪ ਨੂੰ ਜੱਫੀ ਪਾਉਂਦੀ ਹੈ।

(ਖ਼ੁਸ਼ੀ ਨਾਲ) ਅਸੀਂ ਤੁਹਾਡੀਆਂ ਈ ਗੱਲਾਂ ਕਰ ਰਹੇ ਸਾਂ। ਹੁਣੇ ਮੈਂ ਤੁਹਾਨੂੰ ਈ ਯਾਦ ਕਰ ਰਹੀ ਸਾਂ। ਸ਼ੁਕਰੈ ਤੁਸੀਂ ਆ ਗਏ ਹੋ। ਸ਼ੁਕਰੈ!

[ਦਲੀਪ ਬਿਕਰਮ ਨਾਲ ਗਰਮਜੋਸ਼ੀ ਨਾਲ ਹੱਥ ਮਿਲਾਉਂਦਾ ਹੈ।

ਦਲੀਪ — ਬਾਹਰ ਹਾਤੋ ਮੇਰਾ ਸਾਮਾਨ ਲਈ ਖੜਾ ਏ।

ਨਿਰਮਲਾ — (ਹਾਕ ਮਾਰ ਕੇ) ਗੁਫਾਰਾ! ਗੁ...ਫਾ...ਰਾ! ਸਾਮਾਨ

ਉਤਰਵਾਉ ! ਬੈੱਡਰੂਮ ਵਿਚ ਸਾਰੀਆਂ ਚੀਜ਼ਾਂ ਰਖਵਾ ਦੇ !

[ਇਹ ਆਖਦੀ ਹੋਈ ਉਹ ਬਾਹਰ ਚਲੀ ਜਾਂਦੀ ਹੈ ।

ਦਲੀਪ — ਬਾਹਰ ਬੜੀ ਸਰਦੀ ਏ ।

ਬਿਕਰਮ — ਹਾਂ, ਸਰਦੀ ਦੀ ਪਹਿਲੀ ਲਹਿਰ ਸ਼ੁਰੂ ਹੋ ਗਈ ਏ । ਹੁਣ ਮਾਰਚ ਤੀਕ ਇਕੋ ਸਾਹ ਸਰਦੀ ਪਏਗੀ ;

ਦਲੀਪ — ਏਥੇ ਆ ਕੇ ਕੁਝ ਕੰਮ ਕੀਤਾ ?

ਬਿਕਰਮ — ਇਕ ਨਾਟਕ ਲਿਖਿਆ ਏ "ਸੁਰਖ਼ ਚਿਨਾਰ" ।

ਦਲੀਪ — ਖ਼ਤਮ ਹੋ ਗਿਆ ?

ਬਿਕਰਮ — ਬਸ ਖ਼ਤਮ ਕਰ ਰਿਹਾ ਆਂ ।

ਦਲੀਪ — ਕਿੰਨਾ ਕੁ ਰਹਿੰਦਾ ਏ ?

ਬਿਕਰਮ — ਖ਼ਤਮ ਤਾਂ ਮੈਂ ਪਰਸੋਂ ਦਾ ਈ ਕਰ ਲੈਂਦਾ, ਪਰ ਨਿਰਮਲਾ ਸਾਹ ਈ ਨਹੀਂ ਲੈਣ ਦੇਂਦੀ । ਹਰ ਵੇਲੇ ਤੇਰੀ ਰਟ ਲਾਈ ਰਖਦੀ ਹੈ । ਰੋਟੀ ਖਾਣ ਲਗੇ, ਚਾਹ ਪੀਣ ਲਗੇ, ਸ਼ਿਕਾਰੇ ਦੀ ਸੈਰ ਕਰਨ ਜਾਣ ਲਗੇ — ਹਰ ਵੇਲੇ ਤੇਰੀ ਮੁਹਾਰਨੀ ਰਟੀ ਰਖਦੀ ਏ । ਪਰਸੋਂ ਨਿਸ਼ਾਤ ਬਾਗ਼ ਜਾਣਾ ਸੀ ਤਾਂ ਉਸ ਇਨਕਾਰ ਕਰ ਦਿਤਾ । ਕਹਿਣ ਲਗੀ ਜਦ ਦਲੀਪ ਆਏਗਾ ਤਾਂ ਇਕੱਠੇ ਚਲਾਂਗੇ ।

ਦਲੀਪ — (ਮੁਸਕਰਾ ਕੇ) ਉਹ !

[ਦਲੀਪ ਬਰਸਾਤੀ ਨੂੰ ਸੋਫ਼ੇ ਉਤੇ ਫੈਲਾ ਦੇਂਦਾ ਹੈ ਅਤੇ ਦਹਿਕਦੀ ਬੁਖਾਰੀ ਤੋਂ ਹੱਥ ਸੇਕਦਾ ਹੈ ।

ਬਿਕਰਮ — ਦਿਨ ਵਿਚ ਕਈ ਵਾਰ ਮੇਰੇ ਨਾਲ ਉਲਝ ਪੈਂਦੀ ਏ । ਹੁਣ ਮੈਂ ਡਰਾਮੇ ਦਾ ਪਿਛਲਾ ਸੀਨ ਲਿਖ ਰਿਹਾ ਸਾਂ. ਬੜਾ

ਮਜ਼ੇਦਾਰ ਸੀਨ — ਪਰ ਉਸ ਗੁੱਸੇ ਵਿਚ ਆ ਕੇ ਸਾਰੇ ਵਰਕੇ ਭਵਾਂ ਮਾਰੇ।

ਦਲੀਪ — ਕਿਉਂ ?

ਬਿਕਰਮ — ਉਤਾਵਲੀ। ਕਾਹਲੀ ਪਾ ਛੱਡੀ ਸੀ — 'ਜਾ ਜਾ ਕੇ ਜਹਾਜ਼ ਦੇਖ ਕੇ ਆ ! ਟੈਲੀਫ਼ੂਨ ਕਰਕੇ ਪੁਛ !'

[ਨਿਰਮਲਾ ਫਲਾਂ ਦੀ ਟੋਕਰੀ ਲਈ ਅੰਦਰ ਆਉਂਦੀ ਹੈ।

ਨਿਰਮਲਾ — ਕੀ ਗੱਲ ਏ ? — ਜ਼ਰੂਰ ਮੇਰੀਆਂ ਸ਼ਕਾਇਤਾਂ ਲਗਾ ਰਿਹਾ ਹੋਣਾ ਏ।

ਦਲੀਪ — ਨਹੀਂ, ਸਗੋਂ ਤਾਰੀਫ਼ ਕਰ ਰਿਹਾ ਸੀ।

ਨਿਰਮਲਾ — (ਵਰਕੇ ਸੰਭਾਲ ਕੇ) ਲਉ ਲਿਖਾਰੀ ਜੀ, ਇਹ ਕਾਗ਼ਜ਼ ਸਾਂਭੋ ਤੇ ਬੇਸ਼ਕ ਬੈਠ ਕੇ ਲਿਖੋ !

[ਬਿਕਰਮ ਕਾਗ਼ਜ਼ ਸੰਭਾਲਦਾ ਹੈ ਤੇ ਦੂਜੇ ਕਮਰੇ ਵਿਚ ਚਲਾ ਜਾਂਦਾ ਹੈ।

ਨਿਰਮਲਾ — ਦੇਖੇ ਨੇ ਇਹ ਸੇਬ ! ਸਿਰਫ਼ ਤਿੰਨ ਆਨੇ ਸੇਰ। ਦਿੱਲੀ ਇਹੋ ਅੱਠ ਰੁਪਏ ਸੇਰ ਮਿਲਦੇ ਨੇ। ਲਾਲ ਲਾਲ ਸੇਬ ! (ਪਿਆਰ ਨਾਲ) ਇਨ੍ਹਾਂ ਨੂੰ ਖਾ ਕੇ ਤੁਹਾਡੀਆਂ ਗੱਲ੍ਹਾਂ ਵੀ ਇਸੇ ਤਰ੍ਹਾਂ ਲਾਲ ਹੋ ਜਾਣਗੀਆਂ। (ਹਾਕ ਮਾਰਦੀ ਹੈ।) ਗੁਫਾਰਾ ! ਗੁਫਾਰਾ ! ਚਾਏ ਲੇ ਆਉ। ਸੇਬੋਂ ਕੀ ਫਾਂਕੇ ਸੇਂਕ ਕਰ ਲਾਨਾ, ਔਰ ਅਖ਼ਰੋਟ ਔਰ ਬਾਦਾਮ ਭੀ। (ਦਲੀਪ ਨੂੰ) ਏਥੋਂ ਦੇ ਅਖ਼ਰੋਟ ਮੱਖਣ ਵਾਂਗ ਨਰਮ ਨੇ।

ਦਲੀਪ — ਗੁਫਾਰੇ ਨੂੰ ਆਖ ਕੇ ਮੇਰੀ ਬਰਸਾਤੀ ਸੁਕਣੇ ਪਾ ਦੇਵੀਂ।

ਨਿਰਮਲਾ — ਰਸਤੇ ਵਿਚ ਮੀਂਹ ਪਿਆ ਸੀ ?

ਦਲੀਪ — ਨਹੀਂ, ਧੁੰਦ ਐਨੀ ਗਾਹੜੀ ਸੀ ਕਿ ਬਰਸਾਤੀ ਸਿੱਲ੍ਹੀ ਹੋ ਗਈ।

ਨਿਰਮਲਾ — ਜਹਾਜ਼ ਐਨਾ ਚਿਰਕਾ ਕਿਉਂ ਪੁਜਿਆ ?

ਦਲੀਪ — ਰਸਤੇ ਵਿਚ ਜੰਮੂ ਠਹਿਰ ਗਿਆ ਸੀ, ਡੇਢ ਘੰਟਾ ਉਥੇ ਲੇਟ ਹੋ ਗਿਆ । ਮੌਸਮ ਖ਼ਰਾਬ ਹੋਣ ਕਰਕੇ ਦਿੱਲੀ ਤੋਂ ਚਲਿਆ ਵੀ ਰਤਾ ਚਿਰਕਾ ਈ ਸੀ ।

ਨਿਰਮਲਾ — ਏਥੇ ਕਿੰਨਾ ਸੋਹਣਾ ਮੌਸਮ ਏ ! ਮੇਰੇ ਨਾਲ ਨਸ਼ਾਤ ਬਾਗ਼, ਸ਼ਾਲਾਮਾਰ ਤੇ ਗੁਲਮਰਗ ਚੱਲੋਗੇ ਨਾ ?

ਦਲੀਪ — ਹਾਂ ।

ਨਿਰਮਲਾ — ਕਸ਼ਮੀਰ ਦੀ ਸਰਦ ਰੁੱਤ ਗਰਮੀ ਨਾਲੋਂ ਕਿਤੇ ਸੋਹਣੀ ਏ । ਰਾਤਾਂ ਠਰੀਆਂ ਹੋਈਆਂ, ਚਾਨਣੀ ਜੰਮੀ ਹੋਈ, ਦਰਖ਼ਤ ਸ਼ਾਂਤ ਚੁੱਪ ਚਾਪ, ਅਖ਼ਰੋਟਾਂ ਦੀਆਂ ਪਤਲੀਆਂ ਤਾਰਾਂ ਵਰਗੀਆਂ ਟਹਿਣੀਆਂ ਉਲਝੀਆਂ ਹੋਈਆਂ ਜਿਵੇਂ ਕਿਸੇ ਕਸ਼ਮੀਰਨ ਦੇ ਅਨਧੋਤੇ ਵਾਲ ਹੋਣ । ਪਤਾ ਨਹੀਂ ਲੋਗ ਇਥੇ ਗਰਮੀ ਵਿਚ ਕਿਉਂ ਆਉਂਦੇ ਨੇ ?

ਦਲੀਪ — ਅਸੀਂ ਤਾਂ ਇਸੇ ਲਈ ਸਰਦੀ ਵਿਚ ਆਏ ਆਂ । ਹੁਣ ਇਕੱਠੇ ਸਾਰੀਆਂ ਥਾਵਾਂ ਤੇ ਚੱਲਾਂਗੇ ।

ਨਿਰਮਲਾ — ਅਨੰਤ ਨਾਗ ਵੀ । ਉਥੇ ਕਸ਼ਮੀਰੀਆਂ ਨੇ ਝਰਨਿਆਂ ਦਾ ਪਾਣੀ ਇਕੱਠਾ ਕਰ ਕੇ ਇਕ ਢਕੇ ਹੋਏ ਤਲਾਅ ਵਿਚ ਮੱਛੀਆਂ ਪਾਲ ਰੱਖੀਆਂ ਹਨ । ਟਰਾਊਟ ਮੱਛੀ ਅਠ ਆਨੇ ਸੇਰ । ਅਸੀਂ ਏਥੇ ਜਿੰਨੇ ਦਿਨ ਰਹੇ ਟਰਾਊਟ ਖ਼ਾਵਾਂਗੇ । ਗੁ...ਫਾ...ਰਾ !

[ਗੁਫਾਰਾ ਆਉਂਦਾ ਹੈ ।

ਗੁਫਾਰਾ — ਜੀ ਹਜ਼ੂਰ ।

ਨਿਰਮਲਾ — ਅਜ ਰਾਤ ਟਰਾਊਟ ਪਕੇ । ਸਮਝਾ ?

ਗੁਫਾਰਾ — ਅੱਛਾ ਹਜ਼ੂਰ ।

ਨਿਰਮਲਾ — ਜਾਉ ਫੌਰਨ ਚਾਏ ਲਾਉ ।

ਗੁਫ਼ਾਰਾ — ਲਾਇਆ ਹਜ਼ੂਰ ।

[ਜਾਂਦਾ ਹੈ ।

ਨਿਰਮਲਾ — ਖਿੜਕੀ ਖੋਲ੍ਹ ਦੇਵਾਂ ?

ਦਲੀਪ — ਬਾਹਰ ਠੰਡ ਏ ।

ਨਿਰਮਲਾ — ਬੁਖਾਰੀ ਦੇ ਤਾਂ ਨਾਲ ਕਮਰਾ ਬੜਾ ਗਰਮ ਹੋ ਗਿਆ ਏ । ਸਾਹ ਘੁਟਿਆ ਘੁਟਿਆ ਜਾਪਦਾ ਏ । (ਫੂਲਦਾਨ ਚੁੱਕ ਕੇ) ਕਾਸ਼, ਇਸ ਵਿਚ ਫੁੱਲ ਹੁੰਦੇ ! ਅਜ ਕਲ੍ਹ ਏਥੇ ਫੁੱਲ ਨਹੀਂ ਹੁੰਦੇ । ਅੱਛਾ, ਸੁੱਕੀਆਂ ਟਹਿਣੀਆਂ ਈ ਸਜਾ ਦੇਵਾਂ । ਮੈਨੂੰ ਇਥੋਂ ਦੇ ਸੁੱਕੇ ਟਾਹਣ ਵੀ ਬਹੁਤ ਚੰਗੇ ਲਗਦੇ ਨੇ । (ਖਿੜਕੀ ਖੋਲ੍ਹਦੀ ਹੈ) ਧੁੰਦ ਛੱਟ ਗਈ ਏ, ਸੂਰਜ ਦੀਆਂ ਲੀਕਾਂ ਫੈਲ ਗਈਆਂ ਨੇ, ਅਸਮਾਨ ਵਿਚ ਅਬਾਬੀਲਾਂ ਉੱਡ ਰਹੀਆਂ ਨੇ । ਕਿੰਨਾ ਸੋਹਣਾ ਨਜ਼ਾਰਾ ਏ !

ਦਲੀਪ — ਇਹ ਅਬਾਬੀਲਾਂ ਉੱਡ ਕੇ ਹੁਣ ਦੱਖਣ ਵਲ ਜਾ ਰਹੀਆਂ ਨੇ ਤੇ ਅਸੀਂ ਉੱਡ ਕੇ ਏਧਰ ਠੰਢ ਦੀ ਵਾਦੀ ਵਿਚ ਆ ਗਏ ਆਂ । (ਉਹਦੀ ਠੋਡੀ ਨੂੰ ਹੱਥ ਲਾ ਕੇ) ਤੂੰ ਵੀ ਇਕ ਨਿੱਕੀ ਜਿਹੀ ਸੋਹਣੀ ਅਬਾਬੀਲ ਏਂ !

ਨਿਰਮਲਾ — ਹੁਣ ਅਸੀਂ ਏਥੇ ਰਵ੍ਹਾਂਗੇ, ਬਹੁਤ ਸਾਰੇ ਦਿਨ । ਰੋਜ਼ ਨਸ਼ਾਤ ਬਾਗ਼ ਜਾਇਆ ਕਰਾਂਗੇ ਤੇ ਡਲ ਦੇ ਪਾਣੀਆਂ ਵਿਚ ਸ਼ਿਕਾਰੇ ਦੀ ਸੈਰ ਕਰਿਆ ਕਰਾਂਗੇ । ਏਥੋਂ ਦੇ ਹਾਤੋ ਬੜੇ ਚੰਗੇ ਨੇ । ਸਾਰਾ ਦਿਨ ਕੰਮ ਕਰਦੇ ਨੇ । ਹਾਊਸ ਬੋਟ 'ਚੋਂ ਆਨੇ ਦੀ ਚੀਜ਼ ਨਹੀਂ ਚੁੱਕਦੇ । ਪੁੱਜ ਕੇ ਅਮਾਨਦਾਰ ਨੇ ।

ਦਲੀਪ — ਏਸ ਹਾਊਸ ਬੋਟ ਦਾ ਕੀ ਕਿਰਾਇਆ ਏ ?

ਨਿਰਮਲਾ — ਪੰਜ ਰੁਪਿਆ ਰੋਜ਼ । ਦੋ ਬੈੱਡ ਰੂਮ, ਚਾਰ ਕਮਰੇ । ਖਾਣੇ ਵਾਲਾ ਕਮਰਾ ਅਲਗ । ਇਸ ਦੇ ਇਲਾਵਾ ਗੁਫ਼ਾਰਾ ਤੇ ਉਸ

ਦੀ ਬੀਵੀ ਜ਼ੂਨੀ ਤੇ ਉਸ ਦਾ ਪੁੱਤ ਤਿੰਨੇ ਮੁਫ਼ਤ ਕੰਮ ਕਰਦੇ ਨੇ।

ਦਲੀਪ — ਏਥੇ ਜ਼ਿੰਦਗੀ ਬਹੁਤ ਸਸਤੀ ਏ।

ਨਿਰਮਲਾ — ਏਥੋਂ ਦੇ ਦਰਜ਼ੀ ਕਮੀਜ਼ ਤੇ ਸਲਵਾਰ ਉੱਤੇ ਐਨਾ ਸੋਹਣਾ ਕੰਮ ਕਰਦੇ ਨੇ ਕਿ ਦਿੱਲੀ ਦੇ ਲੋਕਾਂ ਨੇ ਸੁਫ਼ਨੇ ਵਿਚ ਵੀ ਨਹੀਂ ਤੱਕਿਆ ਹੋਵੇਗਾ। ਸਸਤਾ, ਸਮਝੋ ਮੁਫ਼ਤ ! (ਮਲ੍ਹਾਰ ਕੇ) ਮੈਂ ਅੱਠ ਸੂਟ ਸਿਲਵਾਵਾਂਗੀ ਤੇ ਦੋ ਪਸ਼ਮੀਨੇ ਦੀਆਂ ਚੱਦਰਾਂ ਲਵਾਂਗੀ।

ਦਲੀਪ — ਜ਼ਰੂਰ, ਜ਼ਰੂਰ।

ਨਿਰਮਲਾ — ਤੇ ਆਪਣੇ ਗੁੱਡੂ ਲਈ ਟੋਪੀ। ਇਥੇ ਸਿਲਕ ਬਹੁਤ ਸਸਤਾ ਏ। ਪਤਾ ਨਹੀਂ ਇਥੋਂ ਦੇ ਲੋਕ ਫੇਰ ਵੀ ਕਿਉਂ ਚੀਥੜਿਆਂ ਵਿਚ ਰਹਿੰਦੇ ਨੇ ?

ਦਲੀਪ — ਗ਼ਰੀਬੀ ਇਨ੍ਹਾਂ ਦੀ ਕਿਸਮਤ ਵਿਚ ਏ। ਗੁਫ਼ਾਰੇ ਨੂੰ ਮੇਰਾ ਪੁਰਾਣਾ ਕੋਟ ਦੇ ਦੇਵੀਂ।

ਨਿਰਮਲਾ — ਗੁਫ਼ਾਰ ! ਗੁਫ਼ਾਰ ! ਫ਼ੌਰਨ ਚਾਏ ਲਗਾਉ। ਬਿਕਰਮ ! ਤੂੰ ਵੀ ਆ ਕੇ ਚਾਹ ਪੀ ਲੈ।

[ਗੁਫ਼ਾਰਾ ਚਾਹ, ਮੱਖਣ, ਸੇਬ ਬਦਾਮ ਤੇ ਸ਼ਹਿਦ ਲਿਆਉਂਦਾ ਹੈ। ਬਿਕਰਮ ਆਉਂਦਾ ਹੈ। ਤਿੰਨੇ ਜਣੇ ਮੇਜ਼ ਦੁਆਲੇ ਕੁਰਸੀਆਂ ਖਿੱਚ ਕੇ ਬੈਠ ਜਾਂਦੇ ਹਨ।

ਨਿਰਮਲਾ — ਸਮਾਵਾਰ ਵਿਚ ਚਾਹ ਬਹੁਤ ਵਧੀਆ ਫੁਟਦੀ ਏ। ਅਸੀਂ ਵੀ ਜਾਣ ਲਗੇ ਏਥੋਂ ਸਮਾਵਾਰ ਲੈ ਚਲਾਂਗੇ। (ਟੋਸਟਾਂ ਉੱਤੇ ਸ਼ਹਿਦ ਲਗਾਉਂਦੀ ਹੋਈ) ਸਾਡਾ ਗੁੱਡੂ ਤਾਂ ਇਹ ਸ਼ਹਿਦ ਮਿੰਟਾਂ ਵਿਚ ਚੱਟ ਜਾਵੇ। ਉਹ ਸ਼ਹਿਦ ਦਾ ਬੜਾ ਸ਼ੌਕੀਨ ਏ।

ਬਿਕਰਮ — ਬੱਚੇ ਆਮ ਤੌਰ ਤੇ ਸ਼ਹਿਦ ਦੇ ਸ਼ੌਕੀਨ ਹੁੰਦੇ ਨੇ।

ਨਿਰਮਲਾ — ਗੁੱਡੂ ਦਾ ਕੀ ਹਾਲ ਸੀ ?

ਦਲੀਪ — ਗੁੱਡੂ ਨੇ ਵੀ ਮੇਰੇ ਨਾਲ ਈ ਆਉਣਾ ਸੀ।

ਨਿਰਮਲਾ — ਫੇਰ ਲਿਆਂਦਾ ਕਿਉਂ ਨਾ ਉਸ ਨੂੰ ? ਤੁਸੀਂ ਬੜੇ ਨਿਰਮੋਹੇ ਓ। ਐਨੀ ਨਿੱਕੀ ਜਿਹੀ ਜਿੰਦ ਨੂੰ ਪਿੱਛੇ ਛੱਡ ਆਉਣ ਨੂੰ ਤੁਹਾਡਾ ਜੀ ਕਿਵੇਂ ਕੀਤਾ ?

ਦਲੀਪ — ਨਹੀਂ ਉਸ ਨੂੰ ਨਾਲ ਈ ਲਿਆਂਦਾ ਏ।

ਨਿਰਮਲਾ — (ਉਤਾਵਲੀ ਹੋ ਕੇ) ਫੇਰ ਕਿੱਥੇ ਏ ਮੇਰਾ ਬੱਚਾ ?

ਦਲੀਪ — ਮੇਰੇ ਜਹਾਜ਼ ਵਿਚ ਜਗ੍ਹਾ ਨਹੀਂ ਸੀ। ਗੁੱਡੂ ਤੇ ਓਹਦੀ ਆਯਾ ਦੂਜੇ ਜਹਾਜ਼ ਵਿਚ ਸਵਾਰ ਹੋ ਗਏ।

ਨਿਰਮਲਾ — ਉਹ ਜਹਾਜ਼ ਤੁਹਾਡੇ ਤੋਂ ਪਹਿਲਾਂ ਉਡਿਆ ਸੀ ਯਾ ਪਿਛੋਂ ?

ਦਲੀਪ — ਪਿੱਛੋਂ।

ਨਿਰਮਲਾ — ਫੇਰ ਤੁਸਾਂ ਗੁੱਡੂ ਨੂੰ ਆਪਣੀ ਗੋਦੀ ਵਿਚ ਆਪਣੇ ਨਾਲ ਬਿਠਾ ਲੈਣਾ ਸੀ। ਬੁੱਢੀ ਆਯਾ ਆਪੂੰ ਪਿੱਛੇ ਆਉਂਦੀ ਰਹਿੰਦੀ। ਤੁਸੀਂ ਬੱਚੇ ਦਾ ਉੱਕਾ ਖ਼ਿਆਲ ਨਹੀਂ ਕਰਦੇ।

ਦਲੀਪ — ਮੈਂ ਸੋਚਿਆ ਗੁੱਡੂ ਆਪਣੀ ਆਯਾ ਨਾਲ ਖ਼ੁਸ਼ ਰਵ੍ਹੇਗਾ। ਜਹਾਜ਼ ਵਿਚ ਚੱਕਰ ਤੇ ਘੇਰੀਆਂ ਆਂਦੀਆਂ ਨੇ। ਮੈਂ ਉਸ ਨੂੰ ਕਿਵੇਂ ਸੰਭਾਲਦਾ ? ਉਸ ਦੇ ਰੋਣ ਚੀਕਣ ਨਾਲ ਬਾਕੀ ਦੇ ਮੁਸਾਫ਼ਰ ਤੰਗ ਹੁੰਦੇ।

ਨਿਰਮਲਾ — ਬੱਚੇ ਦੇ ਰੋਣ ਤੇ ਕੋਈ ਤੰਗ ਨਹੀਂ ਪੈਂਦਾ। ਸਭੇ ਬੱਚੇ ਰੋਂਦੇ ਨੇ। ਤੁਸੀਂ ... ਤੁਸੀਂ ਪਤਾ ਨਹੀਂ ਕਿਹੜੇ ਜਿਗਰੇ ਨਾਲ ਉਸ ਨੂੰ ਪਿਛੇ ਛੱਡ ਆਏ। ਹਾਏ ਮੇਰੀ ਨਿੱਕੀ ਜਿਹੀ ਜਾਨ ! ਮੇਰਾ ਚੰਨ ! ਮੇਰਾ ਲੱਡੂ ! ਮੇਰੀ ਉਗਲੀ ਗੁਗਲੀ ! ਮੇਰਾ ਗੁਡੂ !

[ਟੋਸਟ ਖਾਂਦੀ ਖਾਂਦੀ ਰਖ ਦੇਂਦੀ ਹੈ।

ਦਲੀਪ — ਹੁਣ ਫ਼ਿਕਰ ਕੀ ਲਾਣਾ ਹੋਇਆ ? ਟੋਸਟ ਤਾਂ ਖਾ ਲੈ।

ਨਿਰਮਲਾ — (ਜਜ਼ਬਾਤੀ ਉਛਾਲ ਵਿਚ) ਮੇਰੀ ਜਾਨ ਦਾ ਟੁਕੜਾ ਭੁੱਖਾ ਹੋਵੇਗਾ, ਤੇ ਮੈਂ ਏਥੇ ਬੈਠੀ ਟੋਸਟ ਮੱਖਣ ਖਾਵਾਂ ? ਤੁਸੀਂ ਹਵਾਈ ਅੱਡੇ ਉਤੇ ਆਯਾ ਤੇ ਗੁੱਡੂ ਨੂੰ ਉਡੀਕ ਲੈਣਾ ਸੀ ।

ਦਲੀਪ — ਆਯਾ ਨੂੰ ਹਾਊਸ ਬੋਟ ਦਾ ਪੂਰਾ ਪਤਾ ਹੈ । ਉਹ ਆਪ ਏਥੇ ਪਹੁੰਚ ਜਾਵੇਗੀ ।

ਨਿਰਮਲਾ — ਦਸ ਪੰਦਰਾਂ ਮਿੰਟ ਇੰਤਜ਼ਾਰ ਕਰਨ ਵਿਚ ਕੀ ਆ ਲਗਿਆ ਸੀ ?

ਦਲੀਪ — ਦਸ ਪੰਦਰਾਂ ਮਿੰਟ ਉਡੀਕ ਕੀਤੀ ਸੀ, ਪਰ ਪਤਾਂ ਲਗਿਆ ਜਹਾਜ਼ ਨੇ ਅਜੇ ਅੱਧੇ ਘੰਟੇ ਨੂੰ ਪੁਜਣਾ ਏਂ ।

ਨਿਰਮਲਾ — ਅੱਧੇ ਘੰਟੇ ਨੂੰ ? ਅੱਧਾ ਘੰਟਾ ਤਾਂ ਕਦੋਂ ਦਾ ਹੋ ਗਿਆ ਏ । ਮੇਰਾ ਗੁੱਡੂ ਇਸ ਤੋਂ ਪਹਿਲਾਂ ਕਦੀ ਜਹਾਜ਼ ਵਿਚ ਨਹੀਂ ਬੈਠਾ । ਪਤਾ ਨਹੀਂ ਉਲਟੀਆਂ ਤੇ ਉਬੱਤਾਂ ਨਾਲ ਉਸ ਦਾ ਕੀ ਹਾਲ ਹੋਵੇਗਾ । ਨਿੱਕੀ ਜਿਹੀ ਜਿੰਦ ਏ ਉਹ, ਪੋਲਾ ਜਿਹਾ, ਰੂੰ ਦਾ ਗੋੜ੍ਹਾ ।

ਦਲੀਪ — ਅੱਛਾ, ਚਾਹ ਤਾਂ ਪੀ ਲੈ ।

ਨਿਰਮਲਾ — ਨਹੀਂ ।

[ਉਠ ਖਲੋਂਦੀ ਹੈ ।

ਬਿਕਰਮ — ਇਕ ਸੇਬ ਈ ਖਾ ਲੈ ।

ਨਿਰਮਲਾ — ਨਹੀਂ, ਮੈਂ ਨਹੀਂ ਖਾਂਦੀ । ਮੈਂ ਕੁਝ ਨਹੀਂ ਖਾਂਦੀ ! ਮੇਰੀ ਤਬੀਅਤ ਖ਼ਰਾਬ ਏ ।

ਦਲੀਪ — ਕਿਉਂ, ਤਬੀਅਤ ਨੂੰ ਕੀ ਹੋਇਆ ਏ ?

ਨਿਰਮਲਾ — ਪਤਾ ਨਹੀਂ ਕੀ ਹੋ ਗਿਆ ਏ । ਹਾਏ, ਮੇਰਾ ਗੁੱਡੂ ! ਅੱਜ ਕਲ੍ਹ ਤਾਂ ਮੌਸਮ ਵੀ ਖ਼ਰਾਬ ਏ । ਹਰ ਪਾਸੇ ਧੁੰਦ । ਮੈਂ ਸੁਣਿਆ ਏ ਕਈ ਵਾਰ ਜਹਾਜ਼ ਪਹਾੜਾਂ ਦੀਆਂ ਸਿਖਰਾਂ ਨਾਲ

ਟਕਰਾ ਜਾਂਦਾ ਏ ਤੇ ਫੇਰ ਕਿਸੇ ਮੁਸਾਫ਼ਰ ਦਾ ਨਿਸ਼ਾਨ ਵੀ ਨਹੀਂ ਲੱਭਦਾ। ਮੇਰਾ ਗੁੱਡੂ ਤਾਂ ਉੱਕਾ ਈ ਮਾਸ ਦਾ ਪੇੜਾ ਏ !

ਦਲੀਪ — ਤੂੰ ਐਵੇਂ ਫਿਕਰ ਲਾ ਬੈਠਦੀ ਏਂ, ਉਸ ਨੂੰ ਕੁਝ ਨਹੀਂ ਹੋ ਚਲਿਆ।

ਨਿਰਮਲਾ — ਤੁਸੀਂ ਹਰ ਵਾਰ ਏਸੇ ਤਰ੍ਹਾਂ ਆਖਦੇ ਓ। ਪਿਛਲੀ ਵਾਰ ਗੁੱਡੂ ਦੇ ਸਵੈਟਰ ਲਈ ਤੁਸਾਂ ਉੱਨ ਵੀ ਨਹੀਂ ਸੀ ਲਿਆ ਕੇ ਦਿਤੀ। ਸਰਦੀ ਲਗ ਗਈ, ਕਈ ਦਿਨ ਨਿੱਛਾਂ ਆਉਂਦੀਆਂ ਰਹੀਆਂ ਤੇ ਮਸਾਂ ਮਸਾਂ ਨਮੋਨੀਏ ਤੋਂ ਬਚਿਆ। ਮੁਸੀਬਤ ਤਾਂ ਮੈਨੂੰ ਝਲਣੀ ਪਈ, ਤੁਹਾਡਾ ਕੀ ਗਿਆ ?

ਦਲੀਪ — ਤੂੰ ਐਵੇਂ ਫਿਕਰ ਲਾ ਬੈਠਦੀ ਏਂ, ਉਹ ਆਯਾ ਦੀ ਕੁੱਛੜ ਵਿਚ ਬੈਠਾ ਹੱਸ ਰਿਹਾ ਹੋਵੇਗਾ।

ਨਿਰਮਲਾ — (ਅੱਖਾਂ ਭਰ ਕੇ) ਜੇ ਮੇਰੇ ਗੁੱਡੂ ਨੂੰ ਕੁਝ ਹੋ ਗਿਆ ...

[ਪੱਲੇ ਨਾਲ ਨੱਕ ਪੂੰਝਦੀ ਹੈ।

ਦਲੀਪ — ਗੱਲ ਤਾਂ ਸੁਣ।

ਨਿਰਮਲਾ — ਨਹੀਂ ਮੈਨੂੰ ਛਡ ਦਿਉ ... ਮੈਂ ... ਮੈਂ ...

[ਉਹ ਸੋਫ਼ੇ ਉਤੇ ਡਿਗ ਪੈਂਦੀ ਹੈ ਤੇ ਸਿਸਕੀਆਂ ਭਰਦੀ ਹੈ। ਦਲੀਪ ਹੱਥ ਵਿਚ ਟੋਸਟ ਲਈ ਖੜਾ ਹੈ।

ਦਲੀਪ — ਚਾਹ ਤਾਂ ਪੀ ਲੈ, ਠੰਢੀ ਹੋ ਰਹੀ ਏ।

ਨਿਰਮਲਾ — ਤੁਹਾਨੂੰ ਚਾਹ ਸੁਝਦੀ ਏ। ਮੇਰਾ ਕਾਲਜਾ ਅੰਦਰੇ ਅੰਦਰ ਬਲਦਾ ਏ। ਜ਼ਰੂਰ ਮੇਰੇ ਬੱਚੇ ਨੂੰ ਕੁਝ ਹੋ ਗਿਆ ਹੋਣਾ ਏ। ਮੇਰੀ ਸੱਜੀ ਅੱਖ ਫੜਕਦੀ ਏ।

ਦਲੀਪ — ਦੇਖਾਂ ?

ਨਿਰਮਲਾ — ਦੇਖੋ, ਸੱਜੀ ਅੱਖ। ਇਕ ਵਾਰ ਪਹਿਲਾਂ ਵੀ, ਜਦੋਂ ਤੁਹਾਨੂੰ

ਬੁਖ਼ਾਰ ਚੜ੍ਹਿਆ ਸੀ, ਮੇਰੀ ਸੱਜੀ ਅੱਖ ਫੜਕਨ ਲਗ ਪਈ ਸੀ। ਉਸ ਪਿੱਛੋਂ ਅੱਜ। ਤੁਸੀਂ ਉਸ ਬਗ਼ੈਰ ਇਕੱਲੇ ਆਏ ਕਿਉਂ ? ਕਿਉਂ ਆਏ ? ਮੇਰੇ ਗੋਲ ਮਟੋਲ ਗੁੱਡੂ ਨੂੰ ਛੱਡ ਕੇ ਕਿਉਂ ਆਏ ?

ਦਲੀਪ — ਉਠ ਕੇ ਦੇਖ ਬਾਹਰ ਖਿੜਕੀ 'ਚੋਂ ਕਿੰਨਾ ਸੋਹਣਾ ਮਨਜ਼ਰ ਏ ! ਅਬਾਬੀਲਾਂ ਉੱਡ ਰਹੀਆਂ ਨੇ।

ਨਿਰਮਲਾ — (ਸਿਸਕੀਆਂ ਵਿਚ) ਚਲੇ ਜਾਉ ਮੇਰੇ ਕੋਲੋਂ ! ਮੈਂ ਕੁਝ ਨਹੀਂ ਖਾਣਾ......ਮੈਂ ਕੁਝ ਨਹੀਂ ਖਾ ਸਕਦੀ। ਮੇਰਾ ਬੱਚਾ... ਮੇਰਾ ਬੱਚਾ...ਮੇਰਾ ਗੁੱਡੂ...

[ਦਲੀਪ ਇਕ ਮਿੰਟ ਲਈ ਖੜਾ ਰਹਿੰਦਾ ਹੈ। ਗੁਫ਼ਾਰਾ ਦੌੜਦਾ ਹੋਇਆ ਆਉਂਦਾ ਹੈ।

ਗੁਫ਼ਾਰਾ — ਮੇਮ ਸਾਹਬ, ਆਪ ਕਾ ਬੱਚਾ ਆ ਗਿਆ।

ਨਿਰਮਲਾ — (ਸਿਰ ਚੁੱਕ ਕੇ) ਮੇਰਾ ਗੁੱਡੂ ? ਕਿਥੇ ਏ ?

ਗੁਫ਼ਾਰਾ — ਬਾਹਰ, ਆਯਾ ਕੇ ਸਾਥ।

[ਬੁੱਢੀ ਆਯਾ ਗੁੱਡੂ ਨੂੰ ਚੁਕੀ ਅੰਦਰ ਦਾਖ਼ਲ ਹੁੰਦੀ ਹੈ। ਨਿਰਮਲਾ ਦੌੜ ਕੇ ਗੁੱਡੂ ਨੂੰ ਫੜਦੀ ਹੈ ਤੇ ਉਸ ਦੇ ਸਿਰ, ਵਾਲਾਂ ਤੇ ਅੱਖਾਂ ਨੂੰ ਵਾਰ ਵਾਰ ਚੁੰਮਦੀ ਹੈ।

ਨਿਰਮਲਾ — ਮੇਰਾ ਲਾਲ ! ਮੇਰਾ ਨਿੱਕਾ ਸ਼ੇਰ ! ਕਿਉਂ ਆਯਾ, ਜਹਾਜ਼ ਵਿਚ ਠੀਕ ਤਾਂ ਰਿਹਾ ਏ ?

ਆਯਾ — ਜੀ ਬਿਲਕੁਲ ਠੀਕ। ਸਗੋਂ ਬਾਕੀ ਦੇ ਮੁਸਾਫਰਾਂ ਨਾਲ ਖੇਡਦਾ ਰਿਹਾ। ਮੈਨੂੰ ਥੋੜੀ ਬਹੁਤ ਘੇਰ ਚੜ੍ਹੀ, ਪਰ ਏਸ ਨੂੰ ਕੁਝ ਵੀ ਨਹੀਂ ਹੋਇਆ।

ਨਿਰਮਲਾ — ਸੌਂ ਗਿਆ ਹੋਵੇਗਾ ?

ਆਯਾ — ਥੋੜਾ ਚਿਰ ਮੇਰੀ ਗੋਦੀ ਵਿਚ ਅੱਖਾਂ ਮੀਟੀ ਪਿਆ ਰਿਹਾ, ਫਿਰ ਹੱਸਣ ਤੇ ਖੇਲਣ ਲਗ ਪਿਆ।

ਦਲੀਪ — ਮੈਂ ਤੈਨੂੰ ਆਖਦਾ ਨਹੀਂ ਸਾਂ ਕਿ ਗੁੱਡੂ ਰਾਜ਼ੀ ਖ਼ੁਸ਼ੀ ਏ।

ਨਿਰਮਲ — ਤੁਸੀਂ ਤਾਂ ਆਪਣੇ ਵਲੋਂ ਕੋਈ ਕਸਰ ਨਹੀਂ ਰਖੀ ਸੀ। (ਚੁੰਮ ਕੇ) ਮੇਰਾ ਸਿਉ! ਮੱਖਣ ਖਾਏਂਗਾ ਤੂੰ? ਆਯਾ, ਗ਼ੁਫਾਰੇ ਨੂੰ ਆਖ ਕੇ ਆਪਣੀਆਂ ਚੀਜ਼ਾਂ ਅੰਦਰ ਰਖਵਾ।

[ਆਯਾ ਜਾਂਦੀ ਹੈ।

(ਗੁੱਡੂ ਦੇ ਹੱਥ ਪੈਰ ਦੇਖ ਕੇ) ਸਰਦੀ ਨਾਲ ਹੱਥ ਪੈਰ ਪਾਟ ਗਏ ਨੇ ਮੇਰੇ ਲਾਲ ਦੇ। ਗੱਲ੍ਹਾਂ ਵਿਚ ਬਰੀਕ ਲਾਲ ਧਾਰੀਆਂ ਦਾ ਜਾਲ ਤਣਿਆ ਗਿਆ ਏ। ਮੱਖਣ ਲਾਵਾਂਗੀ ਤਾਂ ਇਹ ਗਲ੍ਹਾਂ ਠੀਕ ਹੋ ਜਾਣਗੀਆਂ। ਇਥੇ ਇਸ ਦੇ ਖੇਡਣ ਲਈ ਜੂਨੀ ਦਾ ਨਿੱਕਾ ਬਾਲ ਏ, ਤੇ ਚੂਚੇ ਤੇ ਕੁਕੜੀਆਂ। ਸਵੇਰ ਸਾਰ ਇਹਦੀ ਮਾਲਸ਼ ਕੀਤਾ ਕਰਾਂਗੀ। ਦਿਨਾਂ ਵਿਚ ਈ ਨਿਖਰ ਆਏਗਾ।

ਦਲੀਪ — ਹੁਣ ਤਾਂ ਚਾਹ ਪੀ ਲੈ।

[ਉਹ ਤਿੰਨੇ ਜਣੇ ਮੇਜ਼ ਦਵਾਲੇ ਬੈਠ ਕੇ ਚਾਹ ਪੀਂਦੇ ਹਨ।

ਨਿਰਮਲਾ — ਮੇਰਾ ਗੁਡੂ ਕੁਕੜੀਆਂ ਨਾਲ ਖੇਡਿਆ ਕਰੇਗਾ। ਚੂਚਿਆਂ ਪਿੱਛੇ ਦੌੜਦਾ ਫਿਰੇਗਾ। ਉਸ ਨੂੰ ਇਕ ਛੋਟੀ ਜਿਹੀ ਟੋਪੀ ਖ਼ਰੀਦ ਕੇ ਦੇਵਾਂਗੀ। ਟੋਪੀ ਪਾ ਕੇ ਮੇਰਾ ਪੁੱਤ ਬਿਲਕੁਲ ਸ਼ਹਿਜ਼ਾਦਾ ਲਗੇਗਾ, ਸੁਹਣਾ ਸ਼ਹਿਜ਼ਾਦਾ।

ਬਿਕਰਮ — ਬਿਲਕੁਲ ਬਾਂਦਰ!

ਨਿਰਮਲਾ — ਮੈਂ ਵਾਰੇ ਜਾਵਾਂ ਆਪਣੇ ਨਿੱਕੇ ਜਿਹੇ ਬਾਂਦਰ ਤੋਂ!

[ਉਸ ਦੀ ਗਰਦਨ ਉਤੇ ਕੁਤਕੁਤਾੜੀਆਂ ਕਰਦੀ ਹੈ।

ਦਲੀਪ — ਹੁਣ ਛੱਡ ਏਸ ਨੂੰ । ਐਵੇਂ ਰੋਣ ਲਗ ਪਵੇਗਾ ।

ਨਿਰਮਲਾ — ਨਹੀਂ ਛੱਡਦੀ । ਦੇਖਦੇ ਨਹੀਂ ਕਿਵੇਂ ਹੱਸ ਰਿਹਾ ਏ । ਮਾਂ ਮਰ ਜਾਏ ਨੀ ਏਸ ਦੇ ਹਾਸੇ ਤੋਂ !

[ਉਸ ਦਾ ਮੱਥਾ ਚੁੰਮਦੀ ਹੈ ਅਤੇ ਫਿਰ ਇਕ ਦਮ ਥੁੱਕਦੀ ਹੈ ।

ਥੂ, ਥੂ, ਐਵੇਂ ਕਿਤੇ ਨਜ਼ਰ ਨਾ ਲਗ ਜਾਵੇ ਮੇਰੇ ਪੁੱਤ-ਨੂੰ । ਇਸ ਦੇ ਗਲ ਵਿਚ ਤਵੀਜ਼ ਬੰਨ੍ਹਾਂਗੀ ਤੇ ਮੱਥੇ ਉਤੇ ਸੁਰਮੇ ਦਾ ਟਿੱਕਾ ਲਾਵਾਂਗੀ ।

[ਉਹ ਗੁੱਡੂ ਨੂੰ ਟੋਸਟ ਫੜਾ ਦੇਂਦੀ ਹੈ ਤੇ ਆਪ ਚਾਹ ਬਣਾਉਂਦੀ ਹੈ ।

ਦਲੀਪ — ਹਵਾਈ ਜਹਾਜ਼ ਦੇ ਸਫ਼ਰ ਪਿਛੋਂ ਚਾਹ ਬੜੀ ਸਵਾਦ ਲਗਦੀ ਏ ।

ਨਿਰਮਲਾ — ਸੇਬ ਵੀ ਖਾਉ ਨਾ ।

[ਆਯਾ ਅੰਦਰ ਆਉਂਦੀ ਹੈ ।

(ਆਯਾ ਨੂੰ) ਗ਼ੁਫ਼ਾਰੇ ਨੂੰ ਆਖ ਤੈਨੂੰ ਕਾਂਗੜੀ ਦੇ ਦੇਵੇ, ਨਹੀਂ ਤਾਂ ਸਰਦੀ ਨਾਲ ਮਰ ਜਾਵੇਂਗੀ ।

ਆਯਾ — ਉਹ ਮੇਰੇ ਆਖੇ ਬਗ਼ੈਰ ਈ ਕਾਂਗੜੀ ਦੇ ਗਿਆ ਏ ।

[ਬੁੱਕਲ ਵਿਚੋਂ ਕਾਂਗੜੀ ਕੱਢ ਕੇ ਦਿਖਾਉਂਦੀ ਹੈ ।

ਨਿਰਮਲਾ — ਸੰਭਾਲ ਕੇ ਰੱਖੀਂ, ਨਹੀਂ ਤੇ ਕੰਬਲ ਫੂਕ ਸੁੱਟੇਂਗੀ । ਸਾਮਾਨ ਰਖਵਾ ਦਿਤਾ ?

ਆਯਾ — ਸਾਮਾਨ ਕਿਹੜਾ ਸੀ ? ਇਕ ਨਿੱਕਾ ਜਿਹਾ ਬੁਗਚਾ ਜਿਹੜਾ ਮੈਂ ਕੁਛੜ ਮਾਰਿਆ ਹੋਇਆ ਸੀ ।

ਨਿਰਮਲਾ — ਬਸ ?

ਆਯਾ — ਬਸ ।

ਨਿਰਮਲਾ — ਘਰ ਨੂੰ ਚੰਗੀ ਤਰ੍ਹਾਂ ਸੰਭਾਲ ਆਈ ਸੈਂ ਨਾ ?

ਆਯਾ — ਬਾਬੂ ਹੁਰਾਂ ਕੋਈ ਚੀਜ਼ ਵੀ ਸਾਂਭਣ ਨਹੀਂ ਦਿਤੀ । ਜਿਸ ਦਿਨ ਟਿਕਟ ਲੀਤੇ ਉਸੇ ਰਾਤੀਂ ਦਸਿਆ ਕਿ ਸਵੇਰੇ ਅਸੀਂ ਵੀ ਜਾਣਾ ਏ । ਮਸਾਂ ਗੁੱਡੂ ਦੇ ਕਪੜੇ ਇਕੱਠੇ ਕਰ ਸਕੀ ।

ਨਿਰਮਲਾ — ਗੁੱਡੂ ਦੇ ਕਪੜੇ ਧੋਬੀ ਦੇ ਗਿਆ ਸੀ ?

ਆਯਾ — ਹਾਲੇ ਉਸ ਦੇਣ ਆਉਣਾ ਸੀ ।

ਨਿਰਮਲਾ — ਮੇਰਾ ਓਵਰਕੋਟ ਤੇ ਗਰਮ ਸੂਟ, ਜਿਹੜਾ ਮੈਂ ਡਰਾਈ-ਕਲੀਨ ਕਰਨ ਛੱਡ ਆਈ ਸਾਂ, ਤੂੰ ਲਿਆਂਦਾ ਕਿ ਉਹ ਵੀ ਉਥੇ ਹੀ ਛੱਡ ਆਈ ?

ਆਯਾ — ਜੀ ਬੀਬੀ ਜੀ, ਕੁਝ ਵੀ ਤੇ ਨਹੀਂ ਲਿਆਂਦਾ !

ਨਿਰਮਲਾ — (ਮੂੰਹ ਬਣਾ ਕੇ ਦਲੀਪ ਵਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਦੇ ਸਾਰੇ ਕੰਮ ਇਹਵਾ ਜਿਹੇ ਹੁੰਦੇ ਨੇ ।

ਦਲੀਪ — ਇਹ ਅੰਡੇ ਤੇ ਸੇਬ ਤਾਂ ਖਾ ਲੈ, ਘਰ ਦਾ ਫ਼ਿਕਰ ਫਿਰ ਕਰੀਂ ।

ਨਿਰਮਲਾ — ਘਰ ਦਾ ਫਿਕਰ ਵੀ ਮੈਨੂੰ ਈ ਏ, ਤੁਹਾਨੂੰ ਤਾਂ ਨਹੀਂ । ਪਿਛੇ ਕਿਸ ਨੂੰ ਛਡ ਆਏ ਓ ?

ਦਲੀਪ — ਬਿਮਲਾ ਤੇ ਨਰਿੰਦਰ ਨੂੰ ।

ਨਿਰਮਲਾ — ਹਾਲੇ ਤੀਕ ਗਏ ਨਹੀਂ ਉਹ ?

ਦਲੀਪ — ਨਹੀਂ । ਨਰਿੰਦਰ ਆਖਦਾ ਸੀ ਕਿ ਦੋ ਇਕ ਦਿਨਾਂ ਤੀਕ ਉਹ ਦੋਵੇਂ ਚਲੇ ਜਾਣਗੇ ।

ਨਿਰਮਲਾ — ਮੈਂ ਜਾਣਦੀ ਆਂ ਉਨ੍ਹਾਂ ਦੇ 'ਦੋ ਇਕ ਦਿਨਾਂ' ਨੂੰ ! ਜਿਹੜਾ ਮਹਿਮਾਨ ਆਉਂਦਾ ਏ, ਧਰਨਾ ਮਾਰ ਕੇ ਬੈਠ ਜਾਂਦਾ ਹੈ । ਉਨ੍ਹਾਂ ਨੂੰ ਹੋਰ ਕੀ ਚਾਹੀਦਾ ਏ — ਖੁਲ੍ਹਾ ਘਰ, ਖੁਲ੍ਹਾ ਖਾਣ ਪੀਣ ਨੂੰ । ਸਾਰੇ ਬਿਸਤਰੇ ਰਜ਼ਾਈਆਂ ਮਿੱਧ ਕੇ ਚਿੱਕੜ ਕਰ ਦੇਣਗੇ...

ਘਰ ਦੀ ਚਾਬੀ ਕਿਸ ਨੂੰ ਦੇ ਕੇ ਜਾਣਗੇ ?

ਦਲੀਪ — ਮੈਂ ਆਖਿਆ ਸੀ ਕਿ ਸਾਡੇ ਗਵਾਂਢੀ ਲਾਲਾ ਜਵਾਲਾ ਪ੍ਰਸ਼ਾਦ ਨੂੰ ਦੇ ਜਾਣ ।

ਨਿਰਮਲਾ — ਜਵਾਲਾ ਪ੍ਰਸ਼ਾਦ ਤਾਂ ਖ਼ੈਰ ਸ਼ਰੀਫ਼ ਆਦਮੀ ਏ, ਪਰ ਉਸ ਦੀ ਬੀਵੀ ਪੂਰੀ ਚੋਰ ਏ । ਦਸ ਦਿਨ ਹੋਏ ਮੈਂ ਰਤਾ ਘਰ ਤੋਂ ਬਾਹਰ ਨਿਕਲੀ, ਓਹ ਪਿਛੋਂ ਰਸੋਈ 'ਚੋਂ ਸੇਰ ਪੱਕਾ ਘਿਉ ਚੁਰਾ ਕੇ ਲੈ ਗਈ !

ਆਯਾ — ਬੀਬੀ ਜੀ ਤੁਹਾਡੇ ਪਿਛੋਂ ਘਰ ਵਿਚ ਪੰਜ ਗਏ ਤੇ ਦਸ ਆਏ — ਤਾਂਤਾ ਹੀ ਲਗਿਆ ਰਿਹਾ । ਚੀਜ਼ਾਂ ਦਾ ਕੋਈ ਥੌਹ ਈ ਨਹੀਂ ।

ਨਿਰਮਲਾ — (ਹੱਥ ਮਲ ਕੇ) ਮੈਂ ਤਾਂ ਹੁਣੇ ਘਰ ਦਾ ਸਾਰਾ ਰਾਸ਼ਨ ਮੰਗਾਇਆ ਸੀ ! ਪੂਰੇ ਮਹੀਨੇ ਲਈ ! ਪਿਛੋਂ ਬਿਮਲਾ ਨੇ ਪੂਰਾ ਕਰ ਦੇਣਾ ਏ ! ਮੇਰੇ ਕਪੜੇ ਵਾਰਡ ਰੋਬ ਵਿਚ ਉਥਲ ਪੁਥਲ ਕਰ ਦੇਵੇਗੀ । ਦੋ ਇਕ ਚੁੰਨੀਆਂ ਤਾਂ ਜ਼ਰੂਰ ਉੱਡ ਜਾਣਗੀਆਂ । ਸਲਵਾਰਾਂ ਦੀਆਂ ਤੇਹਾਂ ਟੁੱਟ ਜਾਣਗੀਆਂ । ਵੱਡੀ ਮੇਮਣੀ ! ਜਦੋਂ ਆਉਂਦੀ ਏ, ਹਰ ਚਾਹ ਪਾਰਟੀ ਉਤੇ ਮੇਰਾ ਸੂਟ ਪਾ ਕੇ ਜਾਂਦੀ ਏ । ਇਹ ਇਨ੍ਹਾਂ ਦੇ ਰਿਸ਼ਤੇਦਾਰ ਨੇ — ਮਾਮੇ ਦਾ ਪੁੱਤ ਤੇ ਭਾਬੀ !

ਦਲੀਪ — ਹੁਣ ਕੀ ਹੋ ਸਕਦਾ ਏ । ਲੈ, ਇਹ ਇਕ ਸੇਬ ਖਾ ਲੈ ।

[ਨਿਰਮਲਾ ਸੇਬ ਖਾਣ ਲਗਦੀ ਹੈ, ਇਕ ਦਮ ਉਸ ਨੂੰ ਕੁਝ ਯਾਦ ਆ ਗਿਆ ਹੋਵੇ ।

ਮੇਰੇ ਪੀਲੇ ਸੰਦੂਕ ਵਿਚੋਂ ਗਹਿਣੇ ਕਢਵਾ ਕੇ ਬੈਂਕ ਵਿਚ ਰਖਵਾ ਆਏ ਸੀ ਕਿ ਨਹੀਂ ?

ਦਲੀਪ — ਗਹਿਣੇ ? ਉਹ ਤਾਂ ਮੈਂ ਭੁਲ ਗਿਆ । ਪਰ ਕੋਈ ਫ਼ਿਕਰ ਨਾ

ਕਰ, ਉਸ ਨੂੰ ਤਾਲਾ ਲਗਿਆ ਹੋਇਆ ਐ ।

ਨਿਰਮਲਾ — ਚਵਾਨੀ ਵਾਲੀ ਜੰਦਰੀ, ਜੋ ਇਕ ਮੁਕੀ ਦੀ ਮਾਰ ਨਹੀਂ । ਹਾਏ ਰੱਬਾ, ਗਹਿਣੇ ਨਹੀਂ ਲਭਣੇ ! ਉਨ੍ਹਾਂ ਵਿਚ ਭੂਆ ਜੀ ਦਾ ਇਕ ਹਾਰ ਵੀ ਏ, ਤੀਹਾਂ ਤੋਲਿਆਂ ਦਾ । ਮੇਰੇ ਗਹਿਣਿਆਂ ਦੀ ਤਾਂ ਖ਼ੈਰ ਏ, ਪਰ ਉਨ੍ਹਾਂ ਦੇ ਹਾਰ ਦੇ ਪੈਸੇ ਕਿਵੇਂ ਭਰਾਂਗੇ ?

[ਸੇਬ ਮੇਜ਼ ਉਤੇ ਰਖ ਦੇਂਦੀ ਹੈ, ਤੇ ਪਰੇਸ਼ਾਨ ਹੋ ਕੇ ਖਲੋ ਜਾਂਦੀ ਹੈ ।

ਦਲੀਪ — ਥੋੜੇ ਦਿਨਾਂ ਤੀਕ ਵਾਪਸ ਚਲਾਂਗੇ ਤਾਂ ਸਭ ਠੀਕ ਹੋ ਜਾਵੇਗਾ।

ਨਿਰਮਲਾ — ਥੋੜੇ ਦਿਨਾਂ ਤੀਕ ਉਥੇ ਤੁਹਾਡੇ ਲਈ ਸਤ-ਲੜਾ ਹਾਰ ਰਖਿਆ ਹੋਵੇਗਾ ਨਾ ? ਉਸ ਘਰ ਵਿਚ ਪਿਛੋਂ ਪਤਾ ਨਹੀਂ ਕੌਣ ਕੌਣ ਆਉਂਦਾ ਹੋਵੇਗਾ । ਰਹਿਦਾ ਕੋਈ ਏ, ਚਾਬੀ ਕਿਸੇ ਪਾਸ ਏ, ਜਾ ਕੇ ਕਿਸ ਨੂੰ ਫੜੋਗੇ ? ਲੋਕ ਤਾਂ ਮੈਨੂੰ ਈ ਪਾਗਲ ਆਖਣਗੇ ਨਾ ? ਹਾਏ ! ਮੇਰੀ ਮੱਤ ਨੂੰ ਕੀ ਹੋਇਆ ਸੀ ਜੁ ਘਰ ਨੂੰ ਇਸ ਤਰ੍ਹਾਂ ਖੁਲ੍ਹਾ ਡੁਲ੍ਹਾ ਛਡ ਕੇ ਸਿਰੀਨਗਰ ਦੌੜ ਆਈ !

ਦਲੀਪ — ਐਡੀ ਦੂਰ ਬੈਠੇ ਹੁਣ ਘਰ ਦਾ ਕੀ ਫ਼ਿਕਰ ਹੋ ਸਕਦਾ ਏ ? ਉਹ ਦੇਖ, ਧੁੰਦ ਪਹਾੜੀਆਂ ਦੀਆਂ ਢਲਵਾਨਾਂ ਉਤੇ ਰਿੜ੍ਹ ਰਹੀ ਹੈ । ਸੂਰਜ ਦੀਆਂ ਕਿਰਨਾਂ ਕਿਤੇ ਕਿਤੇ ਚਮਕ ਰਹੀਆਂ ਹਨ । ਕੁਝ ਦਿਨਾਂ ਤੀਕ ਬਰਫ਼ ਪਏਗੀ — ਕੁਕੜੀ ਦੇ ਖੰਭਾਂ ਵਰਗੀ ਚਿੱਟੀ ਚਿੱਟੀ ਬਰਫ਼......ਸਾਰੀ ਉਮਰ ਇਹ ਨਜ਼ਾਰਾ ਯਾਦ ਰਹੇਗਾ ।

ਨਿਰਮਲਾ — ਯਾਦ ਤਾਂ ਰਹੇਗਾ ਈ ! ਹਾਏ......ਮੇਰੇ ਗਹਿਣੇ ਤੇ ਭੂਆ ਜੀ ਦਾ ਤੀਹਾਂ ਤੋਲਿਆਂ ਦਾ ਹਾਰ ! ਪਹਾੜ ਤੇ ਆਉਣਾ ਹੋਵੇ ਤਾਂ ਬੰਦਾ ਪੂਰਾ ਬੰਦੋਬਸਤ ਕਰਕੇ ਆਵੇ । ਇਹ ਕੀ ਹੋਇਆ ਕਿ ਪਿਛੋਂ ਸਾਰਾ ਘਰ ਈ ਵੀਰਾਨ ਹੋ ਜਾਏ ।

ਦਲੀਪ — (ਚਿੜ ਕੇ) ਕਿਸ ਦਾ ਘਰ ਵੀਰਾਨ ਹੋ ਗਿਆ ?

ਨਿਰਮਲਾ — ਮੇਰਾ। ਕਮ-ਜ਼-ਕਮ ਮੈਂ ਘਰ ਬਰਬਾਦ ਨਹੀਂ ਕਰ ਸਕਦੀ। ਆਦਮੀ ਬੁਕੀਂ ਬੁਕੀਂ ਡੋਲ੍ਹੇ ਤਾਂ ਵੀ ਘਰ ਖ਼ਰਾਬ ਨਹੀਂ ਹੋ ਸਕਦਾ। ਪਰ ਤੀਵੀਂ ਜੇ ਸੂਈ ਸੂਈ ਕਰਕੇ ਵੀ ਕੁਰੇਦੇ ਤਾਂ ਚਾਰ ਦਿਨਾਂ ਵਿਚ ਈ ਘਰ ਦਾ ਪਟੜਾ ਹੋ ਜਾਂਦਾ ਏ।

ਦਲੀਪ — ਪੜ੍ਹੀ ਲਿਖੀ ਹੋ ਕੇ ਤੂੰ ਅਨਪੜ੍ਹਾਂ ਵਾਂਗ ਗੱਲ ਕਰ ਰਹੀ ਏਂ!

ਨਿਰਮਲਾ — ਪੜ੍ਹੀ ਲਿਖੀ ਦਾ ਮਤਲਬ ਇਹ ਨਹੀਂ ਕਿ ਮੈਂ ਘਰ ਦੀ ਸੰਭਾਲ ਨਾ ਕਰਾਂ। ਉਫ਼.. ਫ਼....ਫ਼। ਸਾਰੇ ਗਹਿਣੇ ਪੀਲੇ ਬਕਸ ਵਿਚ ਉਵੇਂ ਈ ਰਖ ਆਏ ਓ, ਤੇ ਭੂਆ ਜੀ ਦਾ ਤੀਹ ਤੋਲਿਆਂ ਦਾ ਹਾਰ! ਮੈਂ ਆਖਦੀ ਆਂ ਤੁਹਾਡੀ ਮੱਤ ਨੂੰ ਹੋਇਆ ਕੀ ਸੀ ? ਕਿਤੇ ਆਉਣ ਜਾਣ ਲੱਗੇ ਤੁਹਾਨੂੰ ਹੱਥੋਂ ਹਥ ਕੀ ਪੈ ਜਾਂਦੀ ਏ ?

ਦਲੀਪ — ਤੈਨੂੰ ਫ਼ਿਕਰ ਲਾ ਬੈਠਣ ਦੀ ਬਿਮਾਰੀ ਏ। ਮੈਂ ਐਡੀ ਸੋਹਣੀ ਥਾਂ ਆ ਕੇ ਘਰ ਦੇ ਆੜ ਕਬਾੜ ਦੀ ਚਿੰਤਾ ਨਹੀਂ ਕਰ ਸਕਦਾ।

ਨਿਰਮਲਾ — ਚਿੰਤਾ ਕਰਨ ਨੂੰ ਮੈਂ ਜੁ ਆਂ! ਏਸੇ ਤਰ੍ਹਾਂ ਮੇਰੇ ਸਿਰ ਦੇ ਵਾਲ ਚਿੱਟੇ ਹੋ ਜਾਣਗੇ। ਤੁਹਾਨੂੰ ਕੀ ਲੋੜ ਏ ਫਿਕਰ ਲਾਉਣ ਦੀ ? (ਆਯਾ ਨੂੰ) ਤੂੰ ਤਾਂ ਧੌਲੇ ਝਾਟੇ ਵਾਲੀ ਐਂ, ਕੁਝ ਸਾਂਭ ਕੇ ਆਉਣਾ ਸੀ।, ਉਤੇ ਤਰ੍ਹਾਂ ਹੜਬੂੰ ਹੜਬੂੰ ਕਰਦੀ ਆ ਗਈ!

ਦਲੀਪ — ਹੁਣ ਗ਼ੁਸੇ ਹੋਣ ਦਾ ਕੀ ਫ਼ਾਇਦਾ ? ਜਿੰਨੇ ਦਿਨ ਏਥੇ ਰਹਿਣਾ ਏ ਚੈਨ ਨਾਲ ਰਹੀਏ। ਬਾਹਰ ਧੁਪ ਕਿੰਨੀ ਸੋਹਣੀ ਨਿਕਲ ਆਈ ਏ! ਜੇਹਲਮ ਦੇ ਪਾਣੀ ਉਤੇ ਸੂਰਜ ਦੀਆਂ ਕਿਰਨਾਂ ਸੂਈਆਂ ਵਾਂਗ ਤੋਪੇ ਭਰ ਰਹੀਆਂ ਨੇ।

ਨਿਰਮਲਾ — ਮੈਨੂੰ ਤਾਂ ਰਾਤ ਨੂੰ ਨੀਂਦ ਨਹੀਂ ਆਉਣੀ। ਮਾਮਾ ਜੀ ਦੇ

ਰੁਪਏ ਦੇਣੇ ਸਨ, ਉਸ ਵੇਲੇ ਵੀ ਮੈਨੂੰ ਈ ਬਿਪਤਾ ਸੀ। ਮੈਂ ਈ ਰਾਤ ਦਿਨ ਇਕ ਕਰਕੇ ਘਰ ਦੇ ਖ਼ਰਚ ਤੋਂ ਬਚਾ ਬਚਾ ਉਨ੍ਹਾਂ ਦਾ ਉਧਾਰ ਲਾਹਿਆ ਸੀ। ਮੈਂ ਏਥੇ ਸਿਰੀਨਗਰ ਕਿਵੇਂ ਬੈਠੀ ਰਵ੍ਹਾਂ, ਜਦ ਪਿਛੋਂ ਘਰ ਦਾ ਮੂੰਹ ਮੱਥਾ ਵਿਗੜਿਆ ਹੋਵੇ। ਕਬੀਲਦਾਰਾਂ ਨੂੰ ਤਾਂ......

ਦਲੀਪ — ਮੈਂ ਏਥੇ ਕਮ-ਜ਼-ਕਮ ਇਕ ਹਫ਼ਤਾ ਰਵ੍ਹਾਂਗਾ।

ਨਿਰਮਲਾ — ਇਕ ਹਫਤਾ ?

ਦਲੀਪ — ਸੈਂਕੜੇ ਹਜ਼ਾਰਾਂ ਮੀਲਾਂ ਦਾ ਸਫ਼ਰ, ਖ਼ੂਬਸੂਰਤ ਵਾਦੀ, ਝੀਲ, ਪਹਾੜ। ਏਥੇ ਮੈਂ ਘਰ ਦੇ ਬਖੇੜਿਆਂ ਵਿਚ ਨਹੀਂ ਫਸਣਾ ਚਾਹੁੰਦਾ।

ਬਿਕਰਮ — ਨਿਰਮਲਾ, ਤੂੰ ਬੜੀ ਅਜੀਬ ਏਂ।

ਨਿਰਮਲਾ — ਮੈਂ ਤੇਰੇ ਵਰਗੀ ਕਲਾਕਾਰ ਨਹੀਂ। ਮੈਨੂੰ ਘਰ ਦਾ ਫ਼ਿਕਰ ਏ, ਤੇਰੇ ਵਾਂਗ ਮੈਂ ਆਸਮਾਨ ਵਿਚ ਨਹੀਂ ਉੱਡਦੀ।

ਬਿਕਰਮ — ਪਰ ਹੁਣ ਇਤਨਾ ਖਿੱਝਣ ਦੀ ਕੀ ਲੋੜ ਏ ?

ਦਲੀਪ — ਦਸ ਪੰਜ ਦਿਨ ਰਹਿਣ ਪਿਛੋਂ ਚਲੇ ਚਲਾਂਗੇ, ਫ਼ਿਕਰ ਤਾਂ ਕਦੇ ਖ਼ਤਮ ਹੀ ਨਹੀਂ ਹੁੰਦੇ।

ਨਿਰਮਲਾ — ਮੈਂ ਇਥੇ ਦਸ ਦਿਨ ਹੋਰ ਨਹੀਂ ਠਹਿਰ ਸਕਦੀ। ਜੇ ਠਹਿਰਨਾ ਈ ਸੀ ਤਾਂ ਘਰ ਦਾ ਕੁਝ ਬੰਦੋਬਸਤ ਕਰਕੇ ਆਉਣਾ ਸੀ। ਮੈਂ......ਮੈਂ ਛੇਤੀ ਤੋਂ ਛੇਤੀ ਦਿੱਲੀ ਪਹੁੰਚਣਾ ਚਾਹੁੰਦੀ ਆਂ। ਮੈਨੂੰ ਰਾਤ ਨੂੰ ਨੀਂਦ ਨਹੀਂ ਆਉਣੀ। ਉਫ਼......ਫ਼......ਫ਼, ਸਾਰੇ ਦੇ ਸਾਰੇ ਗਹਿਣੇ! ਤੀਹ ਤੋਲੇ ਦਾ ਹਾਰ ਵੀ! ਕੋਈ ਮੇਰੀ ਅਕਲ ਨੂੰ ਕੀ ਆਖੇਗਾ ? ਕਲ੍ਹ ਨੂੰ ਹੀ ਜਾਣਾ ਪਵੇਗਾ।

ਦਲੀਪ — ਕਿਵੇਂ ਜਾ ਸਕਦੇ ਆਂ ?

ਨਿਰਮਲਾ — ਕਿਉਂ ਨਹੀਂ ? ਜ਼ਰੂਰ ਜਾਣਾ ਪਵੇਗਾ !

ਦਲੀਪ — ਬਿਲਕੁਲ ਨਹੀਂ ।

ਨਿਰਮਲਾ — ਨਹੀਂ ਜਾਣਾ ?

ਦਲੀਪ — ਨਹੀਂ ।

ਨਿਰਮਲਾ — ਨਹੀਂ ?

ਦਲੀਪ — ਨਹੀਂ ।

ਨਿਰਮਲਾ — ਅੱਛਾ, ਫਿਰ ਮੈਂ ਚਲੀ ਜਾਵਾਂਗੀ !

ਦਲੀਪ — (ਚਿੜ ਕੇ) ਤੂੰ ਜਾਣਾ ਏ ਤਾਂ ਚਲੀ ਜਾ, ਮੈਂ ਨਹੀਂ ਜਾ ਸਕਦਾ ।

ਨਿਰਮਲਾ — ਉਹ ਤਾਂ ਮੈਨੂੰ ਨਜ਼ਰ ਈ ਆਉਂਦਾ ਏ । ਇਹ ਮੁਸੀਬਤ ਤਾਂ ਮੈਨੂੰ ਇਕੱਲੀ ਨੂੰ ਝਲਣੀ ਪਵੇਗੀ, ਤੁਹਾਨੂੰ ਕੀ ? ਮਜ਼ੇ ਨਾਲ ਸੇਬ ਖਾਓ, ਟਰਾਊਟ ਫੜੋ ਤੇ ਸ਼ਹਿਦ ਚੱਟੋ ! ਗੁੱਡੂ ਨੂੰ ਵੀ ਆਪਣੇ ਪਾਸ ਰੱਖੋ, ਮੈਂ ਇਕੱਲੀ ਹੀ ਦਿੱਲੀ ਚਲੀ ਜਾਵਾਂਗੀ ।

ਬਿਕਰਮ — ਪਾਗਲ ਹੋਈ ਏਂ ?

ਨਿਰਮਲਾ — ਤੁਸੀਂ ਮੈਨੂੰ ਪਾਗਲ ਕਰ ਦੇਵੋਗੇ । ਮੈਂ ਇਥੇ ਨਹੀਂ ਰਹਿ ਸਕਦੀ । ਕਲ੍ਹ ਜ਼ਰੂਰ ਦਿੱਲੀ ਚਲੀ ਜਾਵਾਂਗੀ । ਗ਼ੁਫਾਰਾ, ਗ਼ਫਾਰਾ !

[ਗ਼ੁਫਾਰਾ ਦੌੜਦਾ ਆਉਂਦਾ ਹੈ ।]

ਗ਼ਫਾਰਾ — ਕਿਉਂ ਮੇਮ ਸਾਹਬ, ਚਾਏ ਔਰ ਚਾਹੀਏ ?

ਨਿਰਮਲਾ — ਨਹੀਂ, ਨਹੀਂ ! ਦੌੜ ਕੇ ਜਾ ਤੇ ਦਰਜ਼ੀ ਤੋਂ ਮੇਰਾ ਸੂਟ ਲੈ ਆ । ਉਸ ਨੂੰ ਆਖ ਅਜ ਸ਼ਾਮ ਨੂੰ ਸੂਟ ਜ਼ਰੂਰ ਤਿਆਰ ਕਰ ਦੇਵੇ, ਮੈਂ ਕਲ੍ਹ ਦਿੱਲੀ ਜਾ ਰਹੀ ਆਂ ।

ਗ਼ੁਫਾਰਾ — ਲੇਕਿਨ ਹਜ਼ੂਰ —

ਨਿਰਮਲਾ — ਦੌੜ ਕੇ ਜਾ ! ਫਿਰ ਆ ਕੇ ਮੇਰੇ ਕਪੜਿਆਂ ਨੂੰ ਇਸਤਰੀ

ਕਰ ਤੇ ਸ਼ਾਮ ਤੀਕ ਮੇਰਾ ਸਾਰਾ ਸਾਮਾਨ ਤਿਆਰ ਕਰ ਦੇ। ਸਮਝਿਆ ? ਮੈਂ ਵਾਪਸ ਦਿੱਲੀ ਜ਼ਰੂਰ ਪੁਜਣਾ ਏ। ਵੇ ਠਹਿਰ! ਨਸਿਆ ਕਿਧਰ ਜਾਣਾ ਏਂ ? ਸੁਣ ਤਾਂ ਜਾ। ਰਮਜ਼ਾਨ ਜੂ ਦੀ ਦੁਕਾਨ ਤੋਂ ਮੇਰੇ ਜੁੱਤੇ, ਮੁਖਤੀ ਦੇ ਘਰੋਂ ਮੇਰਾ ਨਵਾਂ ਖ਼ਰੀਦਿਆ ਸਮਾਵਾਰ, ਤੇ ਅਲੀਜੂ ਦੀ ਦੁਕਾਨੋਂ ਸਪਾਰੀਆਂ ਕੱਟਣ ਵਾਲਾ ਸਰੋਤਾ। ਸਾਰੀਆਂ ਚੀਜ਼ਾਂ ਸ਼ਾਮ ਤੀਕ ਇਕੱਠੀਆਂ ਕਰ ਦੇਵੀਂ ਤੇ ਸਾਂਭ ਕੇ ਬੰਨ੍ਹ ਦੇਵੀਂ।

[ਬਿਕਰਮ ਤੇ ਦਲੀਪ ਚਾਹ ਦੇ ਪਿਆਲੇ ਫੜੀ ਬੈਠੇ ਹਨ। ਨਿਰਮਲਾ ਬੁਖ਼ਾਰੀ ਦੇ ਕੋਲ ਖਿੜਕੀ ਨਾਲ ਲਗੀ ਖੜੀ ਹੈ। ਬਾਹਰੋਂ ਗ਼ੁਫਾਰੇ ਦੀ ਬੀਵੀ ਦੌੜਦੀ ਆਉਂਦੀ ਹੈ।

ਜੂਨੀ — ਮੇਮ ਸਾਹਬ, ਮੇਮ ਸਾਹਬ! ਆਪ ਕੇ ਲੀਏ ਟਰਾਊਟ ਮੱਛੀ ਲਾਈ ਹੂੰ। ਯਿਹ ਲੋ।

[ਨਿਰਮਲਾ ਮੱਛੀ ਫੜ ਲੈਂਦੀ ਹੈ। ਖਿੜਕੀ ਖੋਲ੍ਹਦੀ ਹੈ ਤੇ ਤੜਫਦੀ ਹੋਈ ਮੱਛੀ ਨੂੰ ਦਰਿਆ ਵਿਚ ਸੁਟ ਦੇਂਦੀ ਹੈ। ਤਿੰਨੇ ਹੱਕੇ ਬੱਕੇ ਉਸ ਵਲ ਤੱਕਦੇ ਹਨ।

ਪਰਦਾ

# ਦੋ ਪਾਸੇ

www.PunjabiLibrary.com

## ਪਾਤਰ

ਮਹਿੰਦਰ ਨਾਥ ਖੋਸਲਾ — ਵਕੀਲ
ਵੀਨਾ — ਉਸ ਦੀ ਨਿੱਕੀ ਧੀ
ਨਰਾਇਨ — ਉਸ ਦਾ ਦੋਸਤ
ਰੁਲਦੂ — ਉਸ ਦਾ ਨੌਕਰ

www.PunjabiLibrary.com

## ਦੋ ਪਾਸੇ

ਮਿਸਟਰ ਖੋਸਲਾ ਆਰਾਮ ਕੁਰਸੀ ਉਤੇ ਪਏ ਅਖ਼ਬਾਰ ਪੜ੍ਹ ਰਹੇ ਹਨ । ਉਹ ਇਕ ਕਾਮਯਾਬ ਵਕੀਲ ਹਨ, ਉਮਰ ਪਪ ਸਾਲ, ਖਿਚੜੀ ਵਾਲ, ਨੱਕ ਉਤੇ ਐਨਕ । ਕਾਨੂਨ ਦੇ ਇਲਾਵਾ ਉਨ੍ਹਾਂ ਨੂੰ ਸਾਹਿਤ ਦਾ ਵੀ ਸ਼ੌਕ ਹੈ । ਅੰਗੀਠੀ ਉਤੇ ਉਨ੍ਹਾਂ ਦੇ ਕਾਲਜ ਵੇਲਿਆਂ ਦੇ ਕਈ ਗਰੁੱਪ ਫ਼ੋਟੋ ਪਏ ਹਨ । ਅਲਮਾਰੀ ਵਿਚ ਕਾਨੂਨ ਦੀਆਂ ਬਹੁਤ ਸਾਰੀਆਂ ਕਿਤਾਬਾਂ ਚਿਣੀਆਂ ਪਈਆਂ ਹਨ ।

ਉਨ੍ਹਾਂ ਦਾ ਨੌਕਰ ਰੁਲਦੂ ਦਾਖ਼ਲ ਹੁੰਦਾ ਹੈ ।

ਰੁਲਦੂ — ਬਾਬੂ ਜੀ ।

ਖੋਸਲਾ — (ਅਖ਼ਬਾਰ ਰਖ ਕੇ) ਕੀ ?

ਰੁਲਦੂ — ਤੁਹਾਨੂੰ ਕੋਈ ਸਾਹਬ ਮਿਲਣ ਆਏ ਨੇ ।

ਖੋਸਲਾ — ਕੋਈ ਮੁਅੱਕਲ ?

ਰੁਲਦੂ — ਜੀ ਸ਼ਕਲ ਤੋਂ ਤਾਂ ਕੁਝ ਪਤਾ ਨਹੀਂ ਚਲਦਾ।

ਖੋਸਲਾ — ਇਕੱਲੇ ਈ ਨੇ ?

ਰੁਲਦੂ — ਇਕੱਲੇ।

ਖੋਸਲਾ — ਕਿਹੋ ਜਿਹੇ ਨੇ ?

ਰੁਲਦੂ — ਮਧਰਾ ਕੱਦ, ਲੰਬੇ ਵਾਲ, ਤੇ ਅਖਾਂ ਉਤੇ ਰੰਗਦਾਰ ਮੋਟੀਆਂ ਐਨਕਾਂ ਲਾਈਆਂ ਹੋਈਆਂ ਨੇ।

ਖੋਸਲਾ — ਹੋਰ ?

ਰੁਲਦੂ — ਕਮੀਜ਼ ਧਾਰੀਆਂ ਵਾਲੀ, ਤੇ ਸਫ਼ੈਦ ਚੱਪਲ।

ਖੋਸਲਾ — ਰੰਗ ਕਿਹੋ ਜਿਹਾ ਏ ?

ਰੁਲਦੂ — ਕਣਕ ਭਿੰਨਾ। ਬੜੇ ਉਤਾਵਲੇ ਜਾਪਦੇ ਹਨ। ਉਨ੍ਹਾਂ ਦੀ ਕੱਛ ਵਿਚ ਚਮੜੇ ਦਾ ਇਕ ਥੈਲਾ ਏ ਤੇ......

ਖੋਸਲਾ — ਬਸ, ਬਸ ਸਮਝ ਗਿਆ, ਸਮਝ ਗਿਆ! ਇਹ ਕਮਬਖ਼ਤ ਇਸ ਵੇਲੇ ਕਿਥੋਂ ਆ ਗਿਆ ?

ਰੁਲਦੂ — ਕਿਉਂ ਜੀ ਕੌਣ ਏ ?

ਖੋਸਲਾ — ਇਕ ਪੁਰਾਣਾ ਦੋਸਤ।

ਰੁਲਦੂ — ਫਿਰ ਬੁਲਾ ਲਿਆਵਾਂ ?

[ਬੂਹੇ ਉਤੇ ਠਕ ਠਕ।

ਖੋਸਲਾ — ਤੂੰ ਕੀ ਆਖਿਆ ਸੀ ?

ਰੁਲਦੂ — ਇਹੋ, ਕਿ ਬਾਉ ਜੀ ਆਰਾਮ ਕਰ ਰਹੇ ਨੇ।

ਖੋਸਲਾ — ਅੱਛਾ, ਅੱਛਾ ਠਹਿਰ...ਇਕ ਮਿੰਟ ਸੋਚਣ ਦੇ।

[ਇਤਨੇ ਵਿਚ ਉਹੀ ਸਾਹਬ ਦਾਖ਼ਲ ਹੁੰਦੇ ਹਨ ਜਿੰਨ੍ਹਾਂ ਦਾ ਹੁਲੀਆ ਰੁਲਦੂ ਬਿਆਨ ਕਰ ਚੁੱਕਾ ਹੈ। ਮਿਸਟਰ ਖੋਸਲਾ ਉਠ ਕੇ ਬੜੇ ਤਪਾਕ ਨਾਲ ਮਿਲਦੇ ਹਨ।

ਖੋਸਲਾ — ਆਉ, ਆਉ...ਖ਼ੂਬ ! ਮੈਂ ਤੁਹਾਨੂੰ ਈ ਯਾਦ ਕਰ ਰਿਹਾ ਸਾਂ...ਖ਼ੂਬ...ਕਦੋਂ ਆਏ ?

ਨਾਰਾਇਨ — (ਚਮੜੇ ਦਾ ਥੈਲਾ ਸਟੂਲ ਉਤੇ ਰਖ ਕੇ) ਤੁਹਾਨੂੰ ਮੇਰਾ ਖ਼ਤ ਨਹੀਂ ਮਿਲਿਆ ?

ਖੋਸਲਾ — ਮਿਲਿਆ ਸੀ...ਬੈਠੋ ਤਾਂ ਸਹੀ ।

[ਦੋਵੇਂ ਬੈਠ ਜਾਂਦੇ ਹਨ ।

ਨਾਰਾਇਨ — ਫਿਰ ਤੁਸਾਂ ਜਵਾਬ ਨਾ ਦਿਤਾ ?

ਖੋਸਲਾ — ਇਨ੍ਹਾਂ ਮੁਕੱਦਮਿਆਂ ਵਿਚ ਰੁਝਿਆ ਰਿਹਾ । ਇਕ ਕਤਲ ਦਾ ਮੁਕੱਦਮਾ ਏ, ਬੜਾ ਦਿਲਚਸਪ । ਕਤਲ ਦੇ ਮੁਕੱਦਮੇ ਆਮ ਤੌਰ ਤੇ ਦਿਲਚਸਪ ਹੁੰਦੇ ਨੇ । ਇਹ ਕਤਲ ਇਕ ਖ਼ਾਵੰਦ ਦਾ ਹੋਇਆ ਏ । ਪੁਲਸ ਨੇ ਬੀਵੀ ਨੂੰ ਮੁਲਜ਼ਮ ਕਰਾਰ ਦਿਤਾ ਏ । ਮੌਕੇ ਦੇ ਗਵਾਹ ਇਹੋ ਸਾਬਤ ਕਰਦੇ ਨੇ ਕਿ ਬੀਵੀ ਨੂੰ ਕਿਸੇ ਹੋਰ ਮਰਦ ਨਾਲ ਪਿਆਰ ਸੀ ਤੇ ਉਹ ਖ਼ਾਵੰਦ ਨੂੰ ਉਹ ਨਫ਼ਰਤ ਕਰਦੀ ਸੀ । ਪਿੱਛਾ ਛੁਡਾਉਣ ਲਈ ਉਸ ਨੇ ਖ਼ਾਵੰਦ ਨੂੰ ਕਤਲ ਕਰ ਦਿਤਾ । ਪਰ ਮੇਰੀ ਛਾਣ ਬੀਨ ਇਹ ਦਸਦੀ ਏ ਕਿ ਇਹ ਕਤਲ ਨਹੀਂ ਹੋਇਆ, ਉਸ ਖ਼ੁਦਕਸ਼ੀ ਕੀਤੀ ਏ ।

ਨਾਰਾਇਨ — ਵਕਾਲਤ ਦੀ ਦੁਨੀਆਂ ਬਹੁਤ ਡੂੰਘੀ ਏ ।

ਖੋਸਲਾ — ਇਸ ਦਾ ਸੰਬੰਧ ਸਿਧਾ ਆਦਮੀ ਦੇ ਦਿਲ ਦੀਆਂ ਗਹਿਰਾਈਆਂ ਨਾਲ ਏ । ਬੇਹਦ ਦਿਲਚਸਪ ।

ਨਾਰਾਇਨ — (ਗੱਲ ਨੂੰ ਸੰਖੇਪ ਕਰ ਕੇ) ਤੁਸੀਂ ਸ਼ਾਇਦ ਮਸਰੂਫ਼ ਹੋਵੋ, ਮੈਂ ਤੁਹਾਡਾ ਬਹੁਤ ਵਕਤ ਨਹੀਂ ਲਵਾਂਗਾ ।

ਖੋਸਲਾ — ਕਿਉਂ ? ਕੋਈ ਮੁਕੱਦਮਾ ਏ ?

ਨਾਰਾਇਨ — ਨਹੀਂ, ਨਹੀਂ । ਉਹੀ ਫ਼ਿਲਮ ਕੰਪਨੀ ਦੇ ਹਿੱਸਿਆਂ ਲਈ

ਹਾਜ਼ਰ ਹੋਇਆ ਹਾਂ । ਇਸ ਬਾਰੇ ਮੈਂ ਪਹਿਲਾਂ ਖ਼ਤ ਵਿਚ ਵੀ ਤਾਂ ਲਿਖਿਆ ਸੀ ।

ਖੋਸਲਾ — ਹਾਂ ਹਾਂ, ਤੁਹਾਡਾ ਇਕ ਖ਼ਤ ਆਇਆ ਸੀ । ਮੈਨੂੰ ਆਮ ਤੌਰ ਉਤੇ ਖ਼ਤੋ-ਕਿਤਾਬਤ ਭੁੱਲ ਜਾਂਦੀ ਏ । ਜਵਾਬ ਦੇ ਚੁਕਣ ਪਿਛੋਂ ਮੈਂ ਖਤਾਂ ਨੂੰ ਯਾਦ ਨਹੀਂ ਰਖਦਾ ।

ਨਾਰਾਇਨ — ਪਰ ਤੁਸੀਂ ਤਾਂ ਇਸ ਦਾ ਜਵਾਬ ਈ ਨਹੀਂ ਸੀ ਦਿਤਾ ।

ਖੋਸਲਾ — ਇਸ ਦਾ ਜਵਾਬ...? ਤੁਸਾ ਜੋ ਲਿਖਿਆ ਸੀ ਕਿ ਇਸ ਹਫ਼ਤੇ ਖ਼ੁਦ ਆਓਗੇ । ਮੈਂ ਸੋਚਿਆ ਜਵਾਬ ਕੀ ਦੇਣਾ ਏ, ਤੁਸੀਂ ਆ ਈ ਰਹੇ ਓ ।

ਨਾਰਾਇਨ — ਤਾਂ ਫਿਰ ਕੀ ਸਲਾਹ ਕੀਤੀ ? ਡਾਇਰੈਕਟਰ ਬਣੋਗੇ ਨਾ ?

ਖੋਸਲਾ — ਡਾਇਰੈਕਟਰ ?

ਨਾਰਾਇਨ — (ਫ਼ਿਕਰਮੰਦ ਹੋ ਕੇ) ਕਿਉਂ ?

ਖੋਸਲਾ — (ਜ਼ਰਾ ਸੰਭਲ ਕੇ) ਇਸ ਲਈ ਕਿੰਨੇ ਰੁਪਿਆਂ ਦੇ ਹਿੱਸੇ ਖ਼ਰੀਦਣ ਦੀ ਲੋੜ ਏ ?

ਨਾਰਾਇਨ — ਬਹੁਤੇ ਨਹੀਂ, ਸਿਰਫ ਪੰਜ ਹਜ਼ਾਰ ਦੇ ।

ਖੋਸਲਾ — ਪੰਜ ਹਜ਼ਾਰ ?

ਨਾਰਾਇਨ — ਪਰ ਤੁਹਾਨੂੰ ਪੰਜਾਹ ਫ਼ੀ ਸਦੀ ਦੇਣੇ ਪੈਣਗੇ, ਕੁਲ ਢਾਈ ਹਜ਼ਾਰ ।

ਖੋਸਲਾ — ਪਰ ਜ਼ਿਮੇਵਾਰੀ ਤਾਂ ਪੰਜ ਹਜ਼ਾਰ ਦੀ ਹੋਵੇਗੀ ਨਾ ?

ਨਾਰਾਇਨ — ਜੀ ਇਹ ਤਾਂ ਸਿਰਫ਼ ਕਾਗਜ਼ੀ ਕਾਰਵਾਈ ਏ ।

ਖੋਸਲਾ — ਨਹੀਂ, ਕਾਨੂਨੀ ਨੁਕਤੇ ਨਾਲ ਤਾਂ ਮੈਂ ਪੰਜ ਹਜ਼ਾਰ ਦੇਣ ਦਾ ਜ਼ੁਮੇਵਾਰ ਹਾਂ ।

ਨਾਰਾਇਨ — ਪਰ ਬਾਕੀ ਢਾਈ ਹਜ਼ਾਰ ਰੁਪਿਆ ਕੰਪਨੀ ਨੇ ਲੈਣਾ ਜੁ ਨਾ ਹੋਇਆ ।

ਖੋਸਲਾ — (ਗੱਲ ਨੂੰ ਖ਼ਤਮ ਕਰਦੇ ਹੋਏ) ਖ਼ੈਰ, ਇਹ ਤਾਂ ਮਾਮੂਲੀ ਗੱਲ ਏ, ਸੋਚ ਲਵਾਂਗੇ, ਹਾਲੇ ਕਿਹੜੀ ਕਾਹਲੀ ਏ ।

ਨਾਰਾਇਨ — ਨਹੀਂ ਜੀ, ਇਸ ਕੰਮ ਲਈ ਤਾਂ ਕਾਹਲੀ ਈ ਏ । ਤੁਹਾਨੂੰ ਪਤਾ ਏ ਸਾਡੀ ਫ਼ਿਲਮ ਸ਼ੁਰੂ ਹੋਣ ਵਿਚ ਹੁਣ ਇਕ ਮਹੀਨਾ ਈ ਰਹਿ ਗਿਆ ਏ । ਸਾਰੇ ਖ਼ਰਚ ਵਰਚ ਦੇ ਫ਼ੈਸਲੇ ਕਰਨੇ ਨੇ, ਤੇ ਤੁਸੀਂ ਆਖਦੇ ਓ ਹਾਲੇ ਕੋਈ ਕਾਹਲੀ ਨਹੀਂ ।

ਖੋਸਲਾ — ਨਾਰਾਇਨ ਸਾਹਿਬ, ਗੱਲ ਇਹ ਹੈ ਕਿ ਅਜ ਕਲ੍ਹ ਮੇਰਾ ਕਿਸੇ ਕੰਮ ਵਿਚ ਬਹੁਤਾ ਜੀ ਨਹੀਂ ਲਗਦਾ । ਧਿਆਨ ਉਖੜਿਆ ਉਖੜਿਆ ਰਹਿੰਦਾ ਏ ।

ਨਾਰਾਇਨ — ਪਰ ਮੈਂ ਤਾਂ ਤੁਹਾਨੂੰ ਕੋਈ ਪੰਦਰਾਂ ਖ਼ਤ ਲਿਖੇ ਹੋਣਗੇ, ਤੇ ਇਸ ਗੱਲ ਚਲਦੀ ਨੂੰ ਪੂਰੇ ਤਿੰਨ ਮਹੀਨੇ ਹੋਣ ਲਗੇ ਨੇ । ਮੇਰਾ ਖ਼ਿਆਲ ਸੀ ਤੁਸੀਂ ਹੁਣ ਤੀਕ ਫ਼ੈਸਲਾ ਕਰ ਲਿਤਾ ਹੋਵੇਗਾ ।

ਖੋਸਲਾ — ਫ਼ੈਸਲਾ ਤੇ ਕਰ ਲੈਂਦਾ ਜੇ ਹਾਲਾਤ ਵਫ਼ਾ ਕਰਦੇ । ਤੇ ਨਾਲੇ ਮੈਨੂੰ ਫ਼ਿਲਮ ਲਾਈਨ ਵਿਚ ਕੋਈ ਦਿਲਚਸਪੀ ਵੀ ਨਹੀਂ ।

ਨਾਰਾਇਨ — ਇਹ ਤਾਂ ਨਾ ਨਾ ਆਖੋ । ਕਾਲਜ ਦੇ ਦਿਨ ਭੁੱਲ ਗਏ ਓ ? ਤੁਹਾਨੂੰ ਡਰਾਮਿਆਂ ਵਿਚ ਪਾਰਟ ਕਰਨ ਦਾ ਐਨਾ ਸ਼ੌਕ ਸੀ । ਸਟੇਜ ਦੀ ਜਾਨ ਹੁੰਦੇ ਸਓ ।

ਖੋਸਲਾ — ਜੀ ਉਹ ਕਾਲਜ ਦੀਆਂ ਗੱਲਾਂ ਕਾਲਜ ਨਾਲ ਗਈਆਂ ।

ਨਾਰਾਇਨ — ਪਰ ਇਹ ਫ਼ਿਲਮ ਕੰਪਨੀ, ਜਿਸ ਦੇ ਤੁਸੀਂ ਡਾਇਰੈਕਟਰ ਬਣਨਾ ਸਵੀਕਾਰ ਕਰਦੇ ਓ, ਕਲਾ ਤੇ ਕੌਮ ਦੀ ਖ਼ਿਦਮਤ ਲਈ ਇਕ ਖ਼ਾਸ ਚੀਜ਼ ਹੋਵੇਗੀ । ਸਾਡਾ ਆਦਰਸ਼ ਬਹੁਤ ਉੱਚਾ ਏ, ਤੇ ਸਾਨੂੰ ਆਪਣੀ ਮਿਹਨਤ ਤੇ ਕਾਮਯਾਬੀ ਦਾ ਪੂਰਾ ਭਰੋਸਾ ਏ । ਅੱਜ ਕੱਲ੍ਹ ਤਾਂ ਲੈ ਦੇ ਕੇ ਇਕੋ ਵਪਾਰ ਏ, ਉਹ ਏ ਫ਼ਿਲਮ ! ਭੈੜੀ ਤੋਂ ਭੈੜੀ ਫ਼ਿਲਮ ਵੀ ਖ਼ਰਚ ਕੱਢ

ਜਾਂਦੀ ਏ । ਤੇ ਜੇ ਟੁੱਲ ਵਜ ਜਾਏ ਤਾਂ ਵਾਰੇ ਨਿਆਰੇ ਨੇ । ਇਕੋ ਫ਼ਿਲਮ ਵਿਚ ਦਸ ਫ਼ਿਲਮਾਂ ਦਾ ਖ਼ਰਚਾ ਨਿਕਲ ਆਉਂਦਾ ਐ ।

ਖੋਸਲਾ — (ਨਾਰਾਇਣ ਦੀ ਗੱਲ ਨੂੰ ਟੁਕ ਕੇ) ਤੁਹਾਡੀ ਤਾਂ ਬਹੁਤ ਵਾਕਫ਼ੀਅਤ ਹੋਣੀ ਏ ? ਦਿੱਲੀ ਜੋ ਰਹਿੰਦੇ ਓ ।

ਨਾਰਾਇਨ — (ਬੇਤਾਬੀ ਨਾਲ) ਹਾਂ ਹਾਂ, ਕਿਉਂ ?

ਖੋਸਲਾ — ਉਥੇ ਸਭਨਾਂ ਲੀਡਰਾਂ ਨੂੰ ਮਿਲੇ ਹੋਵੋਗੇ ?

ਨਾਰਾਇਨ — (ਉਮੀਦ ਨਾਲ) ਹਾਂ, ਲਗ ਪਗ ਸਭ ਨੂੰ ਮਿਲਿਆ ਹਾਂ ।

ਖੋਸਲਾ — ਤੁਹਾਨੂੰ ਪਤਾ ਏ ਕਿ ਮੈਨੂੰ ਵੀ ਮੁਲਕ ਤੇ ਕੌਮ ਦੀ ਖ਼ਿਦਮਤ ਦਾ ਪੁਰਾਣਾ ਠਰਕ ਹੈ । ੧੯੪੨ ਦੀ ਤਹਿਰੀਕ ਵਿਚ ਮੈਂ ਭਾਵੇਂ ਜੇਹਲ ਨਹੀਂ ਸੀ ਗਿਆ ਪਰ ਉਹ ਕੰਮ ਕੀਤਾ ਸੀ, ਉਹ ਕੰਮ ਕੀਤਾ ਸੀ ਕਿ......

ਨਾਰਾਇਨ — ਹੁਣ ਆਪਣੀ ਗੌਰਮਿੰਟ ਦੇ ਆਉਣ ਨਾਲ ਅਸੀਂ ਫ਼ਿਲਮਾਂ ਦੀ ਰਾਹੀਂ ਉਸ ਕੰਮ ਨੂੰ ਹੋਰ ਵੀ ਅੱਗੇ ਲਿਜਾ ਸਕਦੇ ਆਂ ।

ਖੋਸਲਾ — ਪਿਛਲੇ ਸਾਲ ਗਰਮੀਆਂ ਦੀਆਂ ਛੁਟੀਆਂ ਵਿਚ ਜੁਟ ਕੇ ਇਕ ਕਿਤਾਬ ਸ਼ੁਰੂ ਕੀਤੀ ਸੀ — 'ਰਿਆਸਤੀ ਪਰਜਾ ਦੀ ਹਾਲਤ' । ਗਰਮੀਆਂ ਵਿਚ ਈ ਵਿਹਲ ਮਿਲਦੀ ਏ । ਕਚਹਿਰੀ ਰਤਾ ਛੇਤੀ ਉਠ ਖਲੋਂਦੀ ਏ । ਦੁਪਹਿਰ ਨੂੰ ਸੌਣ ਦੀ ਬਜਾਏ ਮੈਂ ਕਿਤਾਬ ਉਤੇ ਮਿਹਨਤ ਕਰਦਾ ਸਾਂ । ਸਰਦੀਆਂ ਵੀ ਦੱਬੋ ਘੁੱਟੀ ਕਿਤਾਬ ਦੇ ਮਗਰ ਲਗਾ ਰਿਹਾ । ਸ਼ੁਕਰੇ, ਹਣ ਖ਼ਤਮ ਕੀਤੀ ਏ । ਬਸ ਹੁਣ ਜੇ ਕਿਸੇ ਲੀਡਰ ਦਾ ਮੁਖਬੰਦ ਮਿਲ਼ ਜਾਏ ਤਾਂ ਲੋਕਾਂ ਵਿਚ ਹੱਥੋ ਹੱਥ ਵਿਕ ਜਾਏ ।

ਨਾਰਾਇਨ — ਕਿਹੜੇ ਲੀਡਰ ਦਾ ?

ਖੋਸਲਾ — ਤੁਸੀਂ ਸੋਚੋ ।

ਨਾਰਾਇਨ — ਤੁਸੀਂ ਦਸੋ ।
ਖੋਸਲਾ — ਜੇ ਜਵਾਹਰਲਾਲ ਨਹਿਰੂ ਜੀ ਦਾ......
ਨਾਰਾਇਨ — ਜਵਾਹਰਲਾਲ ਨਹਿਰੂ ਦਾ ਨਾਂ ਤੁਸੀਂ ਉੱਕਾ ਈ ਦਿਮਾਗ਼ ਵਿਚੋਂ ਕੱਢ ਦਿਓ । ਕਿਸੇ ਹੋਰ ਲੀਡਰ ਦਾ ਨਾਉਂ ਸੋਚੋ ।
ਖੋਸਲਾ — ਹੋਰ ਕਿਹੜਾ ਲੀਡਰ ?
ਨਾਰਾਇਨ — ਕੋਈ ।
ਖੋਸਲਾ — ਰਾਜਾ ਜੀ ।
ਨਾਰਾਇਨ — (ਮੂੰਹ ਵੱਟ ਕੇ) ਨਹੀਂ ।
ਖੋਸਲਾ — ਤਾਂ ਫੇਰ ਕੋਈ ਕੌਮਨਿਸਟ ਲੀਡਰ ?
ਨਾਰਾਇਨ — ਕੌਮਨਿਸਟ ਲੀਡਰ ਦਾ ਤਾਂ ਨਾਉਂ ਨਾ ਲਓ । ਜੇ ਕਿਤਾਬ ਨੇ ਉਂਜ ਵਿਕਣਾ ਵੀ ਹੋਵੇ ਤਾ ਏਥੇ ਜ਼ਬਤ ਹੀ ਹੋ ਜਾਵੇਗੀ ।
ਖੋਸਲਾ — (ਇਕ ਦਮ) ਸੁਝ ਗਿਆ !
ਨਾਰਾਇਨ — ਕੀ ?
ਖੋਸਲਾ — ਜੇ ਵਿਜਯ ਲਕਸ਼ਮੀ ਪੰਡਤ ਲਿਖ ਦੇਵੇ ਤਾਂ ਬਸ ਕੀ ਕਹਿਣੇ ਨੇ ।
ਨਾਰਾਇਨ — ਠੀਕ ।
ਖੋਸਲਾ — ਫਿਰ ਹੈ ਕੋਈ ਪਹੁੰਚ ਮਿਸਿਜ਼ ਪੰਡਤ ਤਾਈਂ ?
ਨਾਰਾਇਨ — ਮੁਸ਼ਕਲ ਈ ਏ ।
ਖੋਸਲਾ — ਜੀ ਤੁਹਾਡੇ ਲਈ ਕੀ ਮੁਸ਼ਕਲ ਏ ?
ਨਾਰਾਇਨ — (ਸੋਚ ਕੇ) ਅੱਛਾ । ਮੇਰੇ ਇਕ ਦੋਸਤ ਦੀ ਭੈਣ ਉਨ੍ਹਾਂ ਨੂੰ ਜਾਣਦੀ ਏ । ਉਸ ਨੂੰ ਨਾਂਹ ਤਾਂ ਨਹੀਂ ਕਰ ਸਕਦੀ । ਕੋਸ਼ਸ਼ ਕਰਾਂਗਾ ।
ਖੋਸਲਾ — ਕੋਸ਼ਸ਼ ਵੋਸ਼ਸ਼ ਨਹੀਂ, ਇਹ ਕੰਮ ਤੁਸਾਂ ਕਰਵਾਣਾ ਹੀ ਹੋਵੇਗਾ। ਮੇਰਾ ਕੰਮ ਸੀ ਕਿਤਾਬ ਲਿਖ ਦੇਣਾ; ਹੁਣ ਤੁਹਾਡਾ ਕੰਮ ਏ ਇਸ

ਨੂੰ ਛਪਵਾਣਾ ਤੇ ਮਿਸਿਜ਼ ਵਿਜਯ ਲਕਸ਼ਮੀ ਦਾ ਮੁਖਬੰਦ ਹਾਸਿਲ ਕਰਨਾ ।

ਨਾਰਾਇਨ — ਅੱਛਾ, ਹੋ ਜਾਵੇਗਾ ।

ਖੋਸਲਾ — ਮੈਂ ਮਸੌਦਾ ਲੈ ਆਵਾਂ ?

ਨਾਰਾਇਨ — ਹਾਲੇ ਕਿਹੜੀ ਕਾਹਲੀ ਏ । ਜਾਣ ਲਗੇ ਲੈ ਲਵਾਂਗਾ । (ਠਹਿਰ ਕੇ) ਹਾਂ...ਤਾਂ ਫਿਰ ਉਹ ਆਪਣੀ ਫ਼ਿਲਮ ਦੀ ਗੱਲ ਵਿੱਚੇ ਈ ਰਹਿ ਗਈ । ਭਈ ਮੈਂ ਉਸ ਗੱਲ ਨੂੰ ਅੱਜ ਮੁਕਾਉਣ ਆਇਆ ਹਾਂ । ਤੁਹਾਨੂੰ ਹਿੱਸੇ ਭਰਨੇ ਈ ਪੈਣਗੇ ।

ਖੋਸਲਾ — ਭਰ ਦੇਵਾਂਗੇ । ਅਜ ਕਲ੍ਹ.........ਕੀ ਦੱਸਾਂ, ਬਹੁਤ ਸਾਰਾ ਵਕਤ ਤਾਂ ਏਸ ਕਿਤਾਬ ਨੇ ਲੈ ਲਿਆ ਏ । ਦੋ ਮਹੀਨੇ ਹੋਏ ਤੁਹਾਨੂੰ ਪਤਾ ਈ ਏ ਮੇਰੀ ਖੱਬੀ ਬਾਂਹ ਟੁੱਟ ਗਈ ਸੀ ।

ਨਾਰਾਇਨ — ਖੱਬੀ ਬਾਂਹ ?

ਖੋਸਲਾ — ਹਾਂ । ਸ਼ਿਮਲੇ ਤੋਂ ਵਾਪਸ ਆਉਂਦੇ ਹੋਏ ਸੋਲਨ ਕੋਲ ਕਾਰ ਇਕ ਵਧੇ ਹੋਏ ਪੱਥਰ ਨਾਲ ਟਕਰਾਈ । ਅਗਲਾ ਸ਼ੀਸ਼ਾ ਕੀਚਰ ਕੀਚਰ ਹੋ ਗਿਆ, ਮਡਗਾਰਡ ਮੁੜ ਗਏ । ਕਾਰ ਨੇ ਦੋ ਭਵਾਟਨੀਆਂ ਖਾਧੀਆਂ ਤੇ ਅਸੀਂ ਬਾਹਰ ਜਾ ਡਿੱਗੇ । ਸ਼ੁਕਰੈ ਜਾਨ ਬਚ ਗਈ, ਪਰ ਇਹ ਬਾਂਹ — (ਬਾਂਹ ਨੂੰ ਅਕੜਾ ਕੇ) ਉਫ਼......ਫ...... ਹੁਣ ਵੀ ਖਿੱਚ ਪੈਂਦੀ ਏ । ਬੜਾ ਦਰਦ ਏ । ਇਹ ਤਾਂ ਕਿਸਮਤ ਚੰਗੀ ਸੀ ਨਹੀਂ ਤਾਂ ਹੁਣ ਨੂੰ ਮੈਂ ਤੁਹਾਡੇ ਕੋਲ ਨਾ ਬੈਠਾ ਹੁੰਦਾ । ਫਿਰ ਕਿਹੜੀ ਫ਼ਿਲਮ ਕੰਪਨੀ ਤੇ ਕਿਹੜੇ ਹਿਸੇ ? ਇਹ ਤਾਂ ਬੱਚਿਆਂ ਦੇ ਸਦਕੇ ਹਾਲੇ ਕੁਝ ਹੋਰ ਜੀਣਾ ਸੀ । ਤੁਸੀਂ ਮੇਰੇ ਬੱਚਿਆਂ ਨੂੰ ਤਾਂ ਨਹੀਂ ਮਿਲੇ ਹੋਵੋਗੇ । ਵੱਡੀ ਕੁੜੀ ਦੇਖੀ ਏ ਵੀਨਾ ? ਅਠ ਸਾਲ ਦੀ ਏ, ਪਰ ਹੈ ਬੜੀ ਸਮਝਦਾਰ ! (ਹਾਕ ਮਾਰ ਕੇ)

ਰੁਲਦੂ, ਓਏ ਰੁਲਦੂ !

[ਰੁਲਦੂ ਆਉਂਦਾ ਹੈ।

ਰੁਲਦੂ — ਜੀ।

ਖੋਸਲਾ — ਜਾ ਕੇ ਵੀਨਾ ਨੂੰ ਲੈ ਆ !

ਨਾਰਾਇਨ — (ਘੜੀ ਵਲ ਤੱਕ ਕੇ ਬੇਚੈਨੀ ਨਾਲ) ਬੜਾ ਚਿਰ ਹੋ ਗਿਆ ਏ। ਵਕਤ......ਵਕਤ ਐਵੇਂ ਉੱਡਦਾ ਏ। ਅਸੀਂ ਹਾਲੇ ਕਿਸੇ ਫ਼ੈਸਲੇ ਉਤੇ ਵੀ ਤਾਂ ਨਹੀਂ ਪੁਜੇ। ਤੁਹਾਨੂੰ ਫ਼ਿਲਮ ਕੰਪਨੀ ਬਾਰੇ ਬਹੁਤਾ ਆਖਣ ਦੀ ਲੋੜ ਨਹੀਂ, ਮਤੇ ਤੁਸੀਂ ਕਨਵੈਸਿੰਗ ਸਮਝੋ। ਮੈਨੂੰ ਕਨਵੈਸਿੰਗ ਤੋਂ ਬੜੀ ਨਫ਼ਰਤ ਏ। ਕਨਵੈਸਿੰਗ ਨਾਲ ਆਦਮੀ ਬੀਮਾ ਕੰਪਨੀ ਦਾ ਏਜੰਟ ਜਾਪਦਾ ਏ। ਜਿਸ ਚੀਜ਼ ਦੀ ਬਹੁਤੀ ਤਾਰੀਫ਼ ਕੀਤੀ ਜਾਵੇ ਉਹ ਫਿੱਕੀ ਤੇ ਖੋਖਲੀ ਜਾਪਣ ਲਗ ਪੈਂਦੀ ਏ। ਤੁਸੀਂ ਪੁਰਾਣੇ ਜਮਾਤੀ ਓ — ਪੁਰਾਣੇ ਦੋਸਤ, ਤੁਹਾਡੇ ਕੋਲੋਂ ਤਾਂ ਮੇਰੀ ਕੋਈ ਗੱਲ ਗੁੱਝੀ ਨਹੀਂ। ਏਸੇ ਲਈ ਮੈਂ ਕੰਪਨੀ ਬਾਰੇ ਬਹੁਤੀਆਂ ਗੱਲਾਂ ਨਹੀਂ ਕੀਤੀਆਂ। ਮੈਨੂੰ ਮਾਣ ਏ ਕਿ ਤੁਸੀਂ ਸਾਡੀ ਕੰਪਨੀ ਦੇ ਹਿੱਸੇ......

ਖੋਸਲਾ — ਅਜ ਕਲ੍ਹ ਕੰਪਨੀਆਂ ਦੇ ਹਿੱਸਿਆਂ ਦੀ ਕੀਮਤ ਕੁਝ ਡਿੱਗਦੀ ਜਾਂਦੀ ਏ। ਤੁਹਾਡਾ ਕੀ ਖ਼ਿਆਲ ਏ ? ਇਹ ਫ਼ਿਲਮ ਕੰਪਨੀਆਂ ਤਾਂ ਨਿਰਾ ਸੱਟਾ ਨੇ ਸੱਟਾ। ਰੁਪਏ ਲਾ ਦਿਉ — ਆ ਗਏ ਵਾਹ ਵਾਹ, ਨਹੀਂ ਤੇ ਦਿਵਾਲਾ।

ਨਾਰਾਇਨ — ਜੋ ਲੋਗ ਸੱਟਾ ਖੇਡਣਾ ਚਾਹੁਣ ਉਹ ਹਰ ਚੀਜ਼ ਦਾ ਸੱਟਾ ਖੇਡ ਲੈਂਦੇ ਨੇ — ਤਾਸ਼ ਦਾ, ਘੋੜਿਆਂ ਦਾ, ਰੂੰ ਦਾ, ਕਣਕ ਤੇ ਛੋਲਿਆਂ ਦਾ, ਗ਼ਰਜ਼ ਕਿ ਹਰ ਚੀਜ਼ ਦਾ। ਉਹ ਫ਼ਿਲਮ ਕੰਪਨੀ ਦੇ ਹਿੱਸਿਆਂ ਦਾ ਵੀ ਸੱਟਾ ਹੀ ਖੇਡਦੇ ਨੇ। ਪਰ

ਸਾਵਧਾਨ ਵਪਾਰੀ ਲਈ......

ਖੋਸਲਾ — ਤੁਹਾਨੂੰ ਪਤਾ ਏ ਮੈਂ ਵਪਾਰੀ ਤਾਂ ਹੈ ਈ ਨਹੀਂ, ਇਕ ਵਕੀਲ ਆਂ ! ਕਦੇ ਕਦਾਈਂ ਕੋਈ ਚੀਜ਼ ਲਿਖ ਛਡਦਾ ਹਾਂ । ਥੋੜਾ ਬਹੁਤ ਕਲਾ ਤੇ ਸਾਹਿਤ ਨਾਲ ਮਸ ਏ । ਹੁਣ ਇਹ 'ਰਿਆਸਤੀ ਪਰਜਾ ਦੀ ਹਾਲਤ' ਨਾਮ ਦੀ ਕਿਤਾਬ ਲਿਖੀ ਏ, ਮਸਾਂ ਖ਼ਤਮ ਕੀਤੀ ਏ । ਲਿਖਣਾ ਬਹੁਤ ਮਿਹਨਤ ਮੰਗਦਾ ਏ । ਜੇ ਤੁਹਾਡੀ ਹਿੰਮਤ ਨਾਲ ਕਿਤੇ ਛਪ ਕੇ ਸਿਰੇ ਚੜ੍ਹੇ । ਜੇ ਮਿਸਿਜ਼ ਵਿਜਯ ਲਕਸ਼ਮੀ ਪੰਡਤ ਦਾ ਮੁਖਬੰਦ ਮਿਲ ਗਿਆ ਤਾਂ......

ਨਾਰਾਇਨ — ਸਾਡਾ ਵੀ ਇਕ ਵਾਰ ਖ਼ਿਆਲ ਹੋਇਆ ਸੀ ਕਿ ਆਪਣੀ ਫ਼ਿਲਮ ਦਾ ਉਦਘਾਟਨ ਮਿਸਿਜ਼ ਵਿਜਯ ਲਕਸ਼ਮੀ ਪੰਡਤ ਤੋਂ ਕਰਾਈਏ । ਉਸ ਦੇ ਦੋ ਚਾਰ ਸ਼ਬਦਾਂ ਨਾਲ ਈ ਫ਼ਿਲਮ ਦੇ ਕਾਰੋਬਾਰ ਵਿਚ ਫ਼ਰਕ ਪੈ ਜਾਣਾ ਸੀ । ਹੁਣ ਵੀ ਅਸੀਂ ਸੋਚ ਰਹੇ ਆਂ ਕਿ ਕਿਸੇ ਵੱਡੇ ਲੀਡਰ ਨੂੰ ਹੀ ਫੜੀਏ । ਅਸੀਂ ਫ਼ਿਲਮ ਉਤੇ ਖ਼ਰਚ ਵੀ ਬਹੁਤ ਥੋੜਾ ਕਰਾਂਗੇ । ਆਮ ਲੋਕਾਂ ਵਾਂਗ ਨਹੀਂ ਕਿ ਅੰਧਾ ਧੁੰਦ ਪਾਣੀ ਵਾਂਗ ਰੁਪਿਆ ਰੋੜ੍ਹ ਛਡੀਏ । ਅਸੀਂ ਤਾਂ ਥਾਂ ਥਾਂ ਉਤੇ ਕਿਰਸ ਕਰਨੀ ਏ ਤਾਂ ਜੁ ਆਪਣੇ ਹਿਸੇਦਾਰਾਂ ਨੂੰ ਮੁਨਾਫ਼ਾ ਦੇ ਸਕੀਏ । ਮੈਂ ਛਾਤੀ ਤੇ ਹੱਥ ਰੱਖ ਕੇ ਤੁਹਾਨੂੰ ਆਖ ਰਿਹਾ ਹਾਂ ਕਿ ਤੁਸੀਂ ਇਸ ਕੰਪਨੀ ਦੇ ਹਿੱਸੇ ਖ਼ਰੀਦ ਲਉ । ਇਹ ਬਹੁਤ ਨਫ਼ੇ ਵਾਲਾ ਸੌਦਾ ਐ...

[ਰੁਲਦੂ ਵੀਨਾ ਨੂੰ ਲੈ ਕੇ ਅੰਦਰ ਆਉਂਦਾ ਹੈ ।

ਖੋਸਲਾ — ਲਉ ਮੇਰੀ ਵੱਡੀ ਕੁੜੀ ਆ ਗਈ ਏ । ਵੀਨਾ ਇਧਰ ਆ । ਨਮਸਤੇ ਕਰ ਚਾਚਾ ਜੀ ਨੂੰ ।

ਵੀਨਾ — ਨਮਸਤੇ ।

ਨਾਰਾਇਨ — (ਪੁਚਕਾਰ ਕੇ) ਬੜੀ ਬੀਬੀ ਕੁੜੀ ਏ ।

ਖੋਸਲਾ — ਇਸ ਨੂੰ ਗਾਉਣ ਦਾ ਬੜਾ ਸ਼ੌਕ ਏ । ਇਸ ਉਮਰ ਵਿਚ ਵੀ ਇਤਨਾ ਸੋਹਣਾ ਤੇ ਮਿਠਾ ਗਾਂਦੀ ਏ ਕਿ ਕਮਾਲ ਕਰਦੀ ਏ । ਤੁਹਾਨੂੰ ਫ਼ਿਲਮ ਵਿਚ ਇਕ ਬੱਚੇ ਦੀ ਲੋੜ ਨਹੀਂ ?

ਨਾਰਾਇਨ — ਇਹ ਤਾਂ ਕਹਾਣੀ ਉਤੇ ਮੁਨਹਸਰ ਏ ।

ਖੋਸਲਾ — ਜੇ ਮੇਰੀ ਗੱਲ ਮੰਨੋ ਤਾਂ ਕਹਾਣੀ ਵਿਚ ਇਕ ਛੋਟੇ ਬੱਚੇ ਦਾ ਪਾਰਟ ਜ਼ਰੂਰ ਰੱਖਣਾ । ਅਜ ਕਲ੍ਹ ਉਹ ਕਹਾਣੀ ਜਿਸ ਵਿਚ ਇਕ ਨਿੱਕੀ ਕੁੜੀ ਜਾਂ ਮੁੰਡਾ ਹੋਵੇ ਬਹੁਤ ਚਲਦੀ ਏ । ਪਬਲਿਕ ਬੇਹੱਦ ਪਸੰਦ ਕਰਦੀ ਏ । 'ਨਰਗਸ' ਫ਼ਿਲਮ ਦੇਖੀ ਸੀ ? ਉਸ ਵਿਚ ਸਾਰਾ ਪਾਰਟ ਹੈ ਈ ਇਕ ਛੋਟੀ ਕੁੜੀ ਦਾ । ਪਬਲਿਕ ਮਰਦੀ ਏ ਉਸ ਦੇ ਪਾਰਟ ਤੇ !

ਨਾਰਾਇਨ — ਇਹ ਤਾਂ ਸਾਡਾ ਡਾਇਰੈਕਟਰ ਦੇਖੇਗਾ । ਨਾਲ ਇਹ ਹਾਲੇ ਦੂਰ ਦੀਆਂ ਗੱਲਾਂ ਨੇ, ਪਹਿਲਾਂ ਤਾਂ ਫ਼ਿਲਮ ਲਈ ਹਿੱਸੇ ਵੇਚਣੇ ਜ਼ਰੂਰੀ ਨੇ । ਥੋੜੇ ਬਹੁਤ ਰਹਿੰਦੇ ਨੇ ਉਨ੍ਹਾਂ ਨੂੰ ਵੇਚ ਕੇ......

ਖੋਸਲਾ — (ਵੀਨਾ ਨਾਲ ਲਾਡ ਕਰਦੇ ਹੋਏ) ਵੀਨਾ, ਚਾਚਾ ਜੀ ਨੂੰ ਉਹ ਗੀਤ ਤਾਂ ਸੁਣਾ ਜਿਸ ਉੱਤੇ ਤੈਨੂੰ ਸਕੂਲ ਵਿਚ ਅੱਵਲ ਇਨਾਮ ਮਿਲਿਆ ਸੀ ।

ਵੀਨਾ — ਬਾਜਾ ਤਾਂ ਹੈ ਈ ਨਹੀਂ ।

ਨਾਰਾਇਨ — (ਵੀਨਾ ਨੂੰ) ਹਾਰਮੋਨੀਅਮ ਉਤੇ ਗਾਂਦੀ ਹੁੰਨੀ ਏਂ ਮੁੰਨੀ ?

ਵੀਨਾ — ਹਾਂ ।

ਖੋਸਲਾ — ਸੁਣਾ ਦੇ ਖਾਂ, ਹਾਰਮੋਨੀਅਮ ਦੀ ਕੀ ਲੋੜ ਏ ।

ਵੀਨਾ — ਮੈਂ ਮਾਸਟਰ ਜੀ ਦੇ ਬਗ਼ੈਰ ਨਹੀਂ ਮੈਂ ਗਾ ਸਕਦੀ ।

ਖੋਸਲਾ — ਸ਼ਰਮਾਂਦੀ ਏ । (ਪੁਚਕਾਰ ਕੇ) ਸੁਣਾ ਦੇ ਖਾਂ — ਜ਼ਿਦ ਨਹੀਂ

ਕਰੀ ਦੀ। ਜੇ ਤੂੰ ਕੋਈ ਚਗਾ ਜਿਹਾ ਗੀਤ ਸੁਣਾਇਆ ਤਾਂ ਇਹ ਤੈਨੂੰ ਫ਼ਿਲਮ ਵਿਚ ਪਾਰਟ ਦੇਣਗੇ। ਸ਼ਾਬਾਸ਼! ਸ਼ਾਬਾਸ਼! ਸੁਣਾ ਮੇਰੀ ਬੀਬੀ ਰਾਣੀ ਧੀ।

[ਵੀਨਾ ਇਕ ਪੁਰਾਣਾ ਘਸਿਆ ਹੋਇਆ ਫ਼ਿਲਮੀ ਗੀਤ ਬੇਸੁਰ ਤੇ ਬੇਤਾਲ ਨਾਲ ਗਾਉਂਦੀ ਹੈ।

ਹਮਾਰੀ ਗਲੀ ਆਨਾ,
ਅਛਾ ਜੀ!
ਹਮੇਂ ਨਾ ਭੁਲਾਨਾ,
ਅਛਾ ਜੀ!
ਈ ਈ ਈ ਈ,
ਅਛਾ ਜੀ!

ਨਾਰਾਇਨ — ਇਹ ਈ—ਈ—ਈ—ਈ ਕੀ ਹੋਇਆ?

ਵੀਨਾ — ਫ਼ਿਲਮ ਵਿਚ ਈਕਰ ਹੀ ਸੀ।

ਖੋਸਲਾ — ਪੂਰੀ ਨਕਲ ਕਰਦੀ ਏ। ਹੂ-ਬ-ਹੂ ਉਸੇ ਤਰ੍ਹਾਂ। ਮੈਂ ਤਾਂ ਇਸ ਕੁੜੀ ਦੇ ਗਲੇ ਤੇ ਸਮਝ ਉਤੇ ਹੈਰਾਨ ਆਂ। ਜਾ ਬੇਟੀ ਹੁਣ ਖੇਡ।

[ਵੀਨਾ ਤੇ ਰੁਲਦੂ ਜਾਂਦੇ ਹਨ।

ਨਾਰਾਇਨ — ਬੇਸ਼ਕ। ਬਹੁਤ ਸਮਝਦਾਰ ਕੁੜੀ ਏ। (ਜਿਵੇਂ ਕੋਈ ਭੁੱਲੀ ਗੱਲ ਯਾਦ ਆ ਗਈ ਹੋਵੇ) ਹਾਂ – ਹਾਂ (ਥੈਲੇ ਵਲ ਹੱਥ ਵਧਾ ਕੇ) ਮੈਂ ਹਿੱਸਿਆਂ ਦਾ ਫ਼ਾਰਮ ਨਾਲ ਈ ਲੈ ਆਇਆ ਹਾਂ। ਅੱਜ ਇਹ ਕੰਮ ਜ਼ਰੂਰ ਮੁਕਾਉਣਾ ਏ।

ਖੋਸਲਾ — (ਮੁਰਦਾ ਆਵਾਜ਼ ਵਿਚ) ਇਤਨੇ ਕੰਮ ਹਨ ਕਿ ਇਨ੍ਹਾਂ ਵਿਚੋਂ ਕੋਈ ਵੀ ਮੁਕਣ ਵਿਚ ਨਹੀਂ ਆਉਂਦਾ। ਕਿਤਾਬ ਲਿਖੀ ਪਈ

ਏ, ਬਸ ਹੁਣ ਮੁਖਬੰਦ ਦੀ ਉਡੀਕ ਏ। ਹਾਥੀ ਨਿਕਲ ਗਿਆ, ਤੇ ਪੂਛ ਅੜੀ ਰਹਿ ਗਈ ਏ। ਕਿਸੇ ਨਵੇਂ ਕੰਮ ਨੂੰ ਹੱਥ ਪਾਉਂਦੇ ਮੈਂ ਜ਼ਰਾ ਝਿਝਕਦਾ ਹਾਂ; ਪੁਰਾਣੇ ਸਹੇੜੇ ਈ ਨਹੀਂ ਨਿਬੜਦੇ। ਇਸ ਦੇ ਇਲਾਵਾ ਮੈਂ ਪਿਛਲੇ ਦਿਨਾਂ ਤੋਂ ਕੁਝ ਪਰੇਸ਼ਾਨ ਆਂ ... ਬਾਂਹ ਹਾਲੇ ਤੀਕ ਠੀਕ ਨਹੀਂ ਹੋਈ। ਉਫ਼ ਫ਼ ... (ਬਾਂਹ ਅਕੜਾ ਕੇ) ਹਾਲ ਤੀਕ ਦਰਦ ਨਹੀਂ ਗਿਆ ... ਤੜਕੇ ਦਾ ਇਹ ਵੀ ਫ਼ੈਸਲਾ ਨਹੀਂ ਕਰ ਸਕਿਆ ਕਿ ਨਹਾਵਾਂ ਕਿ ਨਾ। ਠੰਢੀ ਹਵਾ ਚਲ ਰਹੀ ਏ। ਸ਼ਾਇਦ ਸ਼ਿਮਲੇ ਬਰਫ਼ ਪਈ ਏ। ਜੀ ਕਰਦਾ ਏ ਗਰਮ ਪਾਣੀ ਨਾਲ ਨਹਾਵਾਂ। ਤੁਹਾਡਾ ਕੀ ਖ਼ਿਆਲ ਏ, ਗਰਮ ਪਾਣੀ ਨਾਲ ਨਹਾਵਾਂ ਕਿ ਠੰਢੇ ਨਾਲ ?

ਨਾਰਾਇਨ — ਤਬੀਅਤ ਦੇਖ ਲਉ। ਜੇ ਤਬੀਅਤ ਠੀਕ ਨਹੀਂ ਤਾਂ ਗਰਮ ਨਾਲ ਨਹਾ ਲਉ।

ਖੋਸਲਾ — ਦਰਦ ਐਨ ਹੱਡੀ ਵਿਚ ਰਚ ਗਿਆ ਏ। ਪੂਰੇ ਦੋ ਮਹੀਨੇ ਇਲਾਜ ਕੀਤਾ ਏ। ਉਂਜ ਠੀਕ ਠਾਕ ਏ, ਪਰ ਬਾਂਹ ਹਾਲੇ ... (ਹਾਕ ਮਾਰ ਕੇ) ਰੁਲਦੂ, ਓਏ ਰੁਲਦੂ! ਜ਼ਰਾ ਗਰਮ ਪਾਣੀ ਰੱਖੀਂ, ਮੈਂ ਨਹਾਣਾ ਏਂ।

ਨਾਰਾਇਨ — ਸਾਨੂੰ ਪੂਰੀ ਉਮੀਦ ਏ ਕਿ ਮਈ ਤੀਕ ਫ਼ਿਲਮ ਦਾ ਸਰਮਾਇਆ ਇਕੱਠਾ ਹੋ ਜਾਵੇਗਾ। ਕੁਝ ਹਿੱਸੇ ਵਿਕਣੋਂ ਰਹਿੰਦੇ ਨੇ, ਉਹ ਦਿਨਾਂ ਵਿਚ ਈ ਵਿਕ ਜਾਣਗੇ। ਤੁਹਾਡੇ ਵਰਗੇ ਦੋਸਤ ਤਾਂ ਝਟ ਈ ਖ਼ਰੀਦ ਲੈਂਦੇ ਨੇ। ਪਰ ਕਈ ਵਾਰ ਅਨਾੜੀਆਂ ਨਾਲ ਵਾਹ ਪੈ ਜਾਂਦਾ ਏ। ਉਹ ਬੜੀ ਮਗ਼ਜ਼-ਪੱਚੀ ਕਰਦੇ ਹਨ। ਦਿਮਾਗ਼ ਈ ਚੱਟ ਲੈਂਦੇ ਨੇ। ਤੇ ਫਿਰ ਦੇਣ ਲੈਣ ਨੂੰ ਕੁਝ ਨਹੀਂ। ਸੇਰ ਪੱਕੇ ਬਾਦਾਮ ਖਾ ਕੇ ਕਿਹੜਾ ਦਿਮਾਗ਼ ਨੂੰ ਤਰਾਵਤ ਆਉਂਦੀ ਏ।

ਖੋਸਲਾ — ਬਸ ਇਹੀ ਹਾਲ ਮੁਅੱਕਲਾਂ ਦਾ ਏ। ਸਿੱਧੀ ਸਾਦੀ ਗੱਲ ਉੱਤੇ ਵੀ ਕਈ ਵਾਰ ਘੰਟਾ ਘੰਟਾ ਮੱਥਾ ਮਾਰਨਾ ਪੈਂਦਾ ਏ। ਮਸਾਂ ਵਿਹਲ ਕੱਢ ਕੇ ਕਿਤਾਬ ਲਿਖੀ ਏ। ਲਿਖਣ ਵਿਚ ਮੈਂ ਆਪਣੇ ਵਲੋਂ ਤਾਂ ਸਾਰਾ ਜ਼ੋਰ ਲਾ ਦਿਤਾ। ਰਿਆਸਤ ਦੀਆਂ ਉਹ ਗੁਝੀਆਂ ਗੱਲਾਂ ਲਿਖੀਆਂ ਨੇ ਕਿ ਰਹੇ ਰੱਬ ਦਾ ਨਾਉਂ! ਅਫ਼ਸਰਾਂ ਦੀ ਤੇ ਪੁਲਸ ਦੀ ਨਾਦਰਸ਼ਾਹੀ ਤੇ ਉਪਰਲੇ ਹਾਕਮਾਂ ਦੀ ਉਹ ਚੁੱਕ ਥੱਲ ਕੀਤੀ ਹੈ ਕਿ ਲੋਕਾਂ ਵਿਚ ਤਹਿਲਕਾ ਮੱਚ ਜਾਏਗਾ। (ਹੱਸ ਕੇ) ਇਕ ਦੋ ਬੜੇ ਕਮਾਲ ਦੇ ਫ਼ੋਟੋ ਵੀ ਸ਼ਾਮਲ ਕੀਤੇ ਨੇ। ਇਕ ਹੈ ਮਿਉਨਸਪੈਲਟੀ ਦੀਆਂ ਟੁੱਟੀਆਂ ਭਜੀਆਂ ਨਾਲੀਆਂ ਦਾ ਦਰਿਸ਼, ਤੇ ਦੂਜਾ — ਬੁੱਝੋ!

ਨਾਰਾਇਨ — ਦੂਜਾ ਕੀ ਏ?

ਖੋਸਲਾ — ਮਹਾਰਾਜੇ ਦਾ ਹਾਥੀ ਉਤੇ ਜਲੂਸ, ਜਿਸ ਅਗੇ ਸਪਾਹੀ ਭੁੱਖੇ ਨੰਗੇ ਲੋਕਾਂ ਉਤੇ ਹੰਟਰ ਵਰ੍ਹਾ ਰਹੇ ਨੇ ... ਕਮਾਲ ਦਾ ਸੀਨ ਹੈ!

ਨਾਰਾਇਨ — (ਜਿਵੇਂ ਇਸੇ ਇੰਤਜ਼ਾਰ ਵਿਚ ਏ ਕਿ ਕਦ ਉਸ ਦਾ ਫ਼ਿਕਰਾ ਬੰਦ ਹੋਵੇ) ਅੱਜ ਫਿਰ ਹਿੱਸਿਆਂ ਦਾ ਫ਼ਾਰਮ ਤਾਂ ਭਰ ਦੇਵੋਗੇ ਨਾ। ਇਹ ਬੜਾ ਜ਼ਰੂਰੀ ਏ। ਮੈਨੂੰ ਕਲ੍ਹ ਸਵੇਰੇ ਈ ਦਿੱਲੀ ਪੁਜਣਾ ਏ। ਉਥੇ ਸਾਡੇ ਡਾਇਰੈਕਟਰਾਂ ਦੀ ਮੀਟਿੰਗ ਏ। ਅਸੀਂ ਬਜਟ ਤੇ ਸਟੂਡੀਉ ਤੇ ਹੋਰ ਚੀਜ਼ਾਂ ਬਾਰੇ ਵਿਚਾਰਨਾ ਏ।

ਖੋਸਲਾ — ਕਹਾਣੀ ਦਾ ਜ਼ਰੂਰ ਖ਼ਿਆਲ ਰੱਖਣਾ! ਉਸ ਵਿਚ ਇਕ ਨਿੱਕੀ ਜਿਹੀ ਕੁੜੀ ਦਾ ਪਾਰਟ ਜ਼ਰੂਰ ਹੋਵੇ, ਪਬਲਿਕ ਇਸ ਨੂੰ ਪਸੰਦ ਕਰਦੀ ਏ। ਫ਼ਿਲਮ ਬਣਾਉਣ ਲੱਗੇ ਤੁਹਾਨੂੰ ਪਬਲਿਕ ਦਾ ਜ਼ਰੂਰ ਖ਼ਿਆਲ ਰਖਣਾ ਚਾਹੀਦਾ ਏ।

ਨਾਰਾਇਨ — ਸਾਡੀ ਫ਼ਿਲਮ ਲੋਕਾਂ ਲਈ ਹੋਵੇਗੀ। ਜੇ ਅਸੀਂ ਜਨਤਾ ਲਈ ਫ਼ਿਲਮ ਨਹੀਂ ਬਣਾਵਾਂਗੇ ਤਾਂ ਹੋਰ ਕੌਣ ਬਣਾਵੇਗਾ?

(ਥੈਲੇ ਵਿਚੋਂ ਹਿੱਸਿਆਂ ਦਾ ਫ਼ਾਰਮ ਕਢ ਕੇ) ਲਉ ਇਹ ਫ਼ਾਰਮ ਇਸ ਨੂੰ ਭਰ ਦੇਵੋ।

ਖੋਸਲਾ — (ਫ਼ਾਰਮ ਫੜ ਕੇ ਤੇ ਮੇਜ਼ ਉਤੇ ਰਖ ਕੇ) ਮਿਸਿਜ਼ ਪੰਡਤ ਦਿੱਲੀ ਕਦੋਂ ਪਹੁੰਚ ਰਹੀ ਏ ?

ਨਾਰਾਇਨ — ਬਸ ਪੰਜ ਦਸ ਦਿਨ ਤੀਕ ਪੁਜ ਜਾਏਗੀ।

ਖੋਸਲਾ — ਫਿਰ ਤੁਸੀਂ ਹੁਣ ਹਿੰਮਤ ਕਰਨੀ।

ਨਾਰਾਇਨ — ਦਿੱਲੀ ਤਾਂ ਉਹ ਬਹੁਤ ਮਸਰੂਫ਼ ਹੋਵੇਗੀ। ਜਦ ਅਲਾਹਾਬਾਂਦ ਯਾ ਲਖਨਊ ਗਈ ਤਾਂ ਸ਼ਾਇਦ ਅਸੀਂ ਮਿਲ ਸਕੀਏ।

ਖੋਸਲਾ — ਤੁਹਾਡਾ ਕੀ ਖ਼ਿਆਲ ਏ ਕਿ ਉਹ ਮੁਖਬੰਦ ਲਿਖ ਦੇਵੇਗੀ ?

ਨਾਰਾਇਨ — ਮੈਂ ਆਪਣੇ ਦੋਸਤ ਦੀ ਭੈਣ ਨੂੰ ਪੁੱਛਾਂਗਾ। ਜਦੋਂ ਉਸ ਦਾ ਭਰਾ ਜੱਬਲਪੁਰੋਂ ਵਾਪਸ ਆਇਆ ਤੇ ਉਸ ਨੂੰ ਫ਼ੁਰਸਤ ਹੋਈ ਤੇ ਮੈਂ ਦਿੱਲੀ ਤੋਂ ਜਾ ਸਕਿਆ ਤਾਂ ਅਸੀਂ ਤਿੰਨੇ ਜਣੇ, ਜੇ ਉਦੋਂ ਮਿਸਿਜ਼ ਵਿਜਯ ਲਕਸ਼ਮੀ ਪੰਡਤ ਲਖਨਊ ਹੋਈ, ਲਖਨਊ ਚਲੇ ਜਾਵਾਂਗੇ ਤੇ ਫਿਰ ਹਫ਼ਤੇ ਦੇ ਅੰਦਰ ਅੰਦਰ ਤੁਹਾਡਾ ਮੁਖਬੰਦ ਤਿਆਰ ! (ਮੇਜ ਉਤੋਂ ਫ਼ਾਰਮ ਚੁਕ ਕੇ) ਲਉ, ਇਹ ਫ਼ਾਰਮ।

ਖੋਸਲਾ — ਮੈਂ ਆਪਣੀ ਕਿਤਾਬ ਦਾ ਮਸੌਦਾ ਲੈ ਆਵਾਂ, ਉਸ ਨੂੰ ਨਾਲ ਈ ਲੈ ਜਾਣਾ।

[ਖੋਸਲਾ ਉਠ ਕੇ ਅੰਦਰ ਜਾਂਦਾ ਹੈ।
ਨਾਰਾਇਨ ਬੇਤਾਬੀ ਨਾਲ ਟਹਿਲਦਾ ਹੈ।

ਨਾਰਾਇਨ — (ਆਪਣੇ ਆਪ ਨੂੰ) ਕਿਤਾਬ ਦਾ ਮਸੌਦਾ। ਹੂੰ ! ਵੱਡਾ ਲਿਖਾਰੀ ਬਣਨ ਚਲਿਆ ਏ ! ਵਿਜਯ ਲਕਸ਼ਮੀ ਪੰਡਤ ਦਾ ਮੁਖਬੰਦ ! ਇਹ ਮੂੰਹ ਤੇ ਮਸੂਰ ਦੀ ਦਾਲ ! ਬਾਬੂ ਜੀ ਦਾ ਇਹ ਮਸੌਦਾ ਕਿਸੇ ਪੰਸਾਰੀ ਦੀ ਹੱਟੀ ਉੱਤੇ ਪੁੜੀਆਂ ਬੰਨ੍ਹਣ ਦੇ ਕੰਮ

ਵੀ ਨਹੀਂ ਆ ਸਕੇਗਾ। ਇਨ੍ਹਾਂ ਲੋਕਾਂ ਨੇ ਲਿਖਣ ਨੂੰ ਪਕੌੜੇ ਤਲਣਾ ਸਮਝ ਰਖਿਆ ਏ। ਬੈਠੇ ਬਠਾਏ ਹੋਰ ਨਹੀਂ ਤਾਂ ਕਿਤਾਬ ਈ ਲਿਖ ਮਾਰੀ। ਹੂੰ !

[ਖੋਸਲਾ ਖਬੇ ਪਾਸਿਓਂ ਕਿਤਾਬ ਦਾ ਮਸੌਦਾ ਲੈ ਕੇ ਅੰਦਰ ਆਉਂਦਾ ਹੈ।

ਖੋਸਲਾ — (ਬੜੀ ਸੰਭਾਲ ਨਾਲ) ਲਉ ਜੀ ਦੇਖ ਲਉ, ਟਾਈਪ ਕੀਤੇ ਸਫ਼ੇ, ਪੂਰੇ ਪੌਣੇ ਦੋ ਸੌ ਨੇ। ਭਲਾ ਕਿਤਾਬ ਦੇ ਕਿੰਨੇ ਕੁ ਸਫ਼ੇ ਬਣ ਜਾਣਗੇ ?

ਨਾਰਾਇਨ — (ਮਸੌਦੇ ਨੂੰ ਲੈ ਕੇ ਜਾਂਚਦੇ ਹੋਏ) ਮੇਰਾ ਖ਼ਿਆਲ ਏ ਤਕਰੀਬਨ ਢਾਈ ਕੁ ਸੌ।

ਖੋਸਲਾ — ਕੀਮਤ ਕਿੰਨੀ ਰਖਣੀ ਚਾਹੀਦੀ ਏ ਕਿਤਾਬ ਦੀ ?

ਨਾਰਾਇਨ — ਢਾਈ ਕੁ ਰੁਪਏ।

ਖੋਸਲਾ — ਬਹੁਤ ਥੋੜੀ ਏ।

ਨਾਰਾਇਨ — ਬਹੁਤੀ ਰਖੋਗੇ ਤਾਂ ਵਿਕਣੀ ਨਹੀਂ।

ਖੋਸਲਾ — ਇਹ ਕਿਹੜਾ ਪੰਜਾਬੀ ਦੀ ਕਿਤਾਬ ਏ ਕਿ ਸਫ਼ਿਆਂ ਨੂੰ ਗਿਣ ਕੇ ਰੁਪਿਆ ਸੈਂਕੜਾ ਮੁੱਲ ਰਖੀਏ। ਇਹ ਤਾਂ ਅੰਗਰੇਜ਼ੀ ਦੀ ਕਿਤਾਬ ਏ ਤੇ ਉਸ ਅੱਗੇ ਵਿਜਯ ਲਕਸ਼ਮੀ ਪੰਡਤ ਦਾ ਮੁਖਬੰਦ। ਜੇ ਥੋੜੀ ਕੀਮਤ ਰੱਖੀ ਤਾਂ ਲੋਕ ਸਗੋਂ ਹਲਕੀ ਕਿਤਾਬ ਸਮਝਣਗੇ। ਤੁਸੀਂ ਦੇਖੀਆਂ ਨਹੀਂ ਅੰਗਰੇਜ਼ੀ ਕਿਤਾਬਾਂ ? ਟੀ. ਐਸ. ਈਲੀਅਟ ਦੀ ਇਕ ਕਿਤਾਬ ਪੰਦਰਾਂ ਸਫ਼ਿਆਂ ਦੀ ਏ, ਉਸ ਦੀ ਕੀਮਤ ਏ ਸੱਤ ਰੁਪਏ। ਏਸੇ ਤਰ੍ਹਾਂ ਐਚ. ਜੀ. ਵੈਲਜ਼ ਦੀ ਇਕ ਕਿਤਾਬ ਅੱਸੀ ਸਫ਼ਿਆਂ ਦੀ ਏ, ਉਸ ਦੀ ਕਮੀਤ ਏ ਬਾਈ ਰੁਪਏ। ਕੀਮਤ ਸਗੋਂ ਜ਼ਿਆਦਾ ਰਖਣੀ ਚਾਹੀਦੀ ਏ। ਇਸ ਨਾਲ ਪਬਲਿਕ ਉਤੇ ਰੋਅਬ ਪੈਂਦਾ ਏ।

ਨਾਰਾਇਨ — (ਫ਼ਾਰਮ ਚੁਕ ਕੇ) ਲਉ ਫ਼ਾਰਮ ਭਰ ਦਿਉ । ਮੈਂ ਤੁਹਾਡੀ ਕਿਤਾਬ ਦਾ ਮੁਖਬੰਦ ਲਿਖਾਉਣ ਦੀ ਪੂਰੀ ਪੂਰੀ ਕੋਸ਼ਿਸ਼ ਕਰਾਂਗਾ। ਮੈਂ ਵੀ ਫ਼ਖ਼ਰ ਨਾਲ ਆਖ ਸਕਾਂਗਾ ਕਿ ਰਿਆਸਤੀ ਪਰਜਾ ਦੀ ਹਾਲਤ ਮੇਰੇ ਦੋਸਤ ਦੀ ਕਿਤਾਬ ਏ । (ਹਿਸਿਆਂ ਦਾ ਫ਼ਾਰਮ ਹੱਥ ਵਿਚ ਫੜਾ ਕੇ) ਲਉ, ਮੈਨੂੰ ਜਲਦੀ ਏ । ਮੇਰੇ ਸਾਹਮਣੇ ਈ ਭਰ ਦਿਉ ।

ਖੋਸਲਾ — (ਫ਼ਾਰਮ ਰਖ ਕੇ) ਤੁਸੀਂ ਇਤਨੀ ਕਾਹਲੀ ਨਾ ਕਰੋ । ਫ਼ਾਰਮ ਏਥੇ ਈ ਛੱਡ ਦੇਵੋ, ਮੈਂ ਭਰ ਦੇਵਾਂਗਾ । ਰਤਾ ਸੋਚ ਕੇ ਭਰਾਂਗਾ... ਸ਼ਾਇਦ ਪੰਜ ਹਜ਼ਾਰ ਨਾਲੋਂ ਬਹੁਤੇ ਈ ਹਿੱਸੇ ਖ਼ਰੀਦ ਲਵਾਂ । ਆਖ਼ਿਰ ਇਕ ਦੋਸਤ ਦੀ ਫ਼ਿਲਮ ਏ । ਜਦ ਇਹ ਫ਼ਿਲਮ ਸ਼ਹਿਰ ਵਿਚ ਦਿਖਾਈ ਗਈ ਤਾਂ ਮੈਂ ਫ਼ਖ਼ਰ ਨਾਲ ਗਰਦਨ ਉੱਚੀ ਕਰ ਕੇ ਆਖਾਂਗਾ, ਇਹ ਫ਼ਿਲਮ ਮੇਰੇ ਦੋਸਤ ਦੀ ਏ —

ਨਾਰਾਇਨ — ਜਿਸ ਦੀ ਕੰਪਨੀ ਦੇ ਤੁਸੀਂ ਵੀ ਇਕ ਡਾਇਰੈਕਟਰ ਹੋ !

ਖ਼ੋਸਲਾ — ਜ਼ਰੂਰ, ਜ਼ਰੂਰ । ਕਿਤਾਬ ਦਾ ਮਸੌਦਾ ਰਤਾ ਸੰਭਾਲ ਕੇ ਲੈ ਜਾਣਾ । ਫ਼ਾਰਮ ਇਥੇ ਈ ਰਹਿਣ ਦਿਉ । ਕਾਹਲੀ ਨਾ ਕਰੋ । ਸਹਿਜ ਪੱਕੇ ਸੋ ਮੀਠਾ ਹੋ । ਅਗਲੀ ਵਾਰੀ ਤੁਸੀਂ ਆਵੋਗੇ ਤਾਂ ਚੈੱਕ ਅਤੇ ਭਰਿਆ ਹੋਇਆ ਫ਼ਾਰਮ ਤਿਆਰ ਮਿਲੇਗਾ ।

ਨਾਰਾਇਨ — (ਫਿੱਕੀ ਹਾਸੀ ਨਾਲ) ਅੱਛਾ ਅੱਛਾ, ਬਹੁਤ ਖ਼ੁਸ਼ੀ ਹੋਈ ।

ਖੋਸਲਾ — (ਮਸੌਦੇ ਨੂੰ ਕਪੜੇ ਵਿਚ ਲਪੇਟ ਕੇ) ਲਉ ।

[ਨਾਰਾਇਨ ਮਸੌਦੇ ਨੂੰ ਚੁੱਕ ਕੇ ਬੜੀ ਗਰਮ ਜੋਸ਼ੀ ਨਾਲ ਹੱਥ ਮਿਲਾਉਂਦਾ ਹੈ ।
ਮਿਸਟਰ ਖੋਸਲਾ ਉਸ ਨੂੰ ਬਾਹਰ ਬੂਹੇ ਤੀਕ ਛਡ ਕੇ ਆਉਂਦੇ ਹਨ । ਇਤਮੀਨਾਨ ਭਰੀ ਨਜ਼ਰ ਨਾਲ ਬੂਹੇ ਵਲ ਤੱਕਦੇ ਹਨ ਤੇ ਫਿਰ

ਮੇਜ਼ ਉਤੇ ਪਏ ਫ਼ਾਰਮ ਨੂੰ ਚੁਕ ਕੇ ਆਹਿਸਤਾ ਆਹਿਸਤਾ ਫਾੜਦੇ ਹਨ ।
ਰੁਲਦੂ ਆਉਂਦਾ ਹੈ ।

ਖੋਸਲਾ — ਰੁਲਦੂ !

ਰੁਲਦੂ — ਜੀ ।

ਖੋਸਲਾ — ਪਾਣੀ ਤਿਆਰ ਏ ?

ਰੁਲਦੂ — ਜੀ ।

ਖੋਸਲਾ — ਚਲ, ਪਾਣੀ ਰਖ, ਮੈਂ ਨਹਾਣਾ ਏਂ ।

[ਰੁਲਦੂ ਜਾਂਦਾ ਹੈ ।
ਖੋਸਲਾ ਫ਼ਾਰਮ ਦੇ ਟੁਕੜਿਆਂ ਨੂੰ ਮਰੋੜ ਤਰੋੜ ਕੇ ਰੱਦੀ ਦੀ ਟੋਕਰੀ ਵਿਚ ਸੁਟ ਦਿੰਦੇ ਹਨ ਤੇ ਦੂਜੇ ਕਮਰੇ ਵਿਚ ਚਲੇ ਜਾਂਦੇ ਹਨ ।

ਪਰਦਾ

www.PunjabiLibrary.com

enclosed fire-proof receptacle.

